ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

ਚੜ੍ਹਦੀਕਲਾ

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 23
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Friday, 23 January, 2026) ਸ਼ੁੱਕਰਵਾਰ, 23 ਜਨਵਰੀ, 2026, 10 ਮਾਘ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

ਅਦਾਰਾ ਚੜ੍ਹਦੀਕਲਾ ਵੱਲੋਂ 'ਬਸੰਤ ਪੰਚਮੀ' ਦੀਆਂ ਲੱਖ-ਲੱਖ ਵਧਾਈਆਂ

(ਇਸ ਸਬੰਧੀ ਵਿਸ਼ੇਸ਼ ਲੇਖ ਸਫ਼ਾ 10 'ਤੇ ਪੜ੍ਹੋ)

ਪੰਜਾਬ ਕਾਂਗਰਸ ਦੇ ਕਾਟੋ-ਕਲੇਸ਼ 'ਤੇ ਦਿੱਲੀ 'ਚ ਮੀਟਿੰਗ

ਰਾਹੁਲ ਗਾਂਧੀ ਨੇ ਡੇਢ ਘੰਟਾ ਕੀਤੀ ਆਗੂਆਂ ਦੀ ਖਿਚਾਈ

ਚੜ੍ਹਦੀਕਲਾ ਬਿਊਰੋ

==========

ਚੰਡੀਗੜ੍ਹ, 22 ਜਨਵਰੀ: ਪੰਜਾਬ ਕਾਂਗਰਸ ਅੰਦਰ ਚੱਲ ਰਹੇ ਕਾਟੋ-ਕਲੇਸ਼ ਨੂੰ ਲੈ ਕੇ ਵੀਰਵਾਰ ਨੂੰ ਦਿੱਲੀ ਸਥਿਤ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਦੇ ਘਰ ਕਾਂਗਰਸ ਹਾਈਕਮਾਨ ਦੀ ਇੱਕ ਅਹਿਮ ਮੀਟਿੰਗ ਹੋਈ। ਰਾਹੁਲ ਗਾਂਧੀ ਨੇ ਪੰਜਾਬ ਦੇ ਲੀਡਰਾਂ ਦੀ ਡੇਢ ਘੰਟਾ ਕਲਾਸ ਲਗਾਈ। ਮੀਟਿੰਗ ਸ਼ਾਮ 4:45 ਵਜੇ ਦੇ ਕਰੀਬ ਸ਼ੁਰੂ ਹੋਈ। ਮੀਟਿੰਗ ਵਿੱਚ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਪਾਰਟੀ ਇੰਚਾਰਜ ਭੁਪੇਸ਼ ਬਘੇਲ, ਅਮਰਿੰਦਰ ਸਿੰਘ ਰਾਜਾ ਵੜਿੰਗ, ਪ੍ਰਤਾਪ ਸਿੰਘ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ ਅਤੇ ਵਿਜੇ ਇੰਦਰ ਸਿੰਗਲਾ ਸਮੇਤ ਕਈ ਆਗੂ ਮੌਜੂਦ ਸਨ। ਮੀਟਿੰਗ ਵਿੱਚ ਸਾਰੇ ਆਗੂਆਂ ਨਾਲ ਨਿੱਜੀ ਤੌਰ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਮੌਜੂਦਾ ਸਥਿਤੀ 'ਤੇ ਫੀਡਬੈਕ ਲਿਆ ਗਿਆ। ਦੱਸ ਦੇਈਏ ਕਿ ਪੰਜਾਬ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਤੇ ਸਾਬਕਾ ਸੀ.ਐੱਮ. ਚਰਨਜੀਤ ਸਿੰਘ ਚੰਨੀ ਵਿਚਾਲੇ ਜਾਤ-ਪਾਤ ਦੇ ਮੁੱਦੇ ਨੂੰ ਲੈ ਕੇ ਬਹਿਸਬਾਜ਼ੀ ਚੱਲ ਰਹੀ ਹੈ। ਹਾਲਾਂਕਿ ਹਾਈਕਮਾਨ ਨੂੰ ਕੁਝ ਨੇਤਾਵਾਂ ਵੱਲੋਂ ਆਪਣਾ ਪੱਖ ਰੱਖਣ ਲਈ ਚਿੱਠੀ ਵੀ ਲਿਖੀ ਗਈ ਹੈ ਤੇ ਮੁਲਾਕਾਤ ਲਈ ਸਮਾਂ ਮੰਗਿਆ ਗਿਆ ਹੈ। ਚੰਨੀ ਦਾ ਬੀਤੇ ਦਿਨੀਂ ਇਕ ਵੀਡੀਓ ਵਾਇਰਲ ਹੋਇਆ ਸੀ ਜਿਸ ਵਿਚ ਦਲਿਤ ਭਾਈਚਾਰੇ ਬਾਰੇ ਦੱਸ ਰਹੇ ਸਨ ਕਿ ਐੱਸ.ਸੀ. ਭਾਈਚਾਰੇ ਨੂੰ ਅੱਗੇ ਨਹੀਂ ਆਉਣ ਦਿੱਤਾ ਜਾ ਰਿਹਾ। ਇਸੇ ਦੌਰਾਨ ਚੰਨੀ ਨੇ ਕਿਹਾ ਕਿ ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ, ਵਿਰੋਧੀ ਧਿਰ ਦੇ ਆਗੂ, ਮਹਿਲਾ ਵਿੰਗ ਦੀ ਪ੍ਰਧਾਨ ਤੇ ਜਨਰਲ ਸਕੱਤਰ ਇਹ ਸਾਰੇ ਉੱਚ ਜਾਤੀਆਂ ਦੇ ਹਨ ਤਾਂ ਅਸੀਂ ਫਿਰ ਕਿਥੇ ਜਾਵਾਂਗੇ? ਉਨ੍ਹਾਂ ਕਿਹਾ ਕਿ ਦਲਿਤਾਂ ਨੂੰ ਪ੍ਰਤੀਨਿਧਤਾ ਕਿਵੇਂ ਮਿਲੇਗੀ? ਜੇਕਰ ਪਾਰਟੀ ਮੰਨਦੀ ਹੈ ਕਿ ਪੰਜਾਬ ਵਿਚ 32 ਫੀਸਦੀ ਦਲਿਤ ਆਬਾਦੀ ਹੈ ਤਾਂ ਦਲਿਤਾਂ ਨੂੰ ਮੌਕਾ ਕਿਉਂ ਨਹੀਂ ਦਿੱਤਾ ਜਾ ਰਿਹਾ ਜਿਸ ਮਗਰੋਂ ਸਿਆਸਤ ਵਿਚ ਵੱਡਾ ਭੂਚਾਲ ਆਇਆ ਹੈ।

ਪੰਜਾਬ 'ਚ ਕੇਜਰੀਵਾਲ ਅਤੇ ਭਗਵੰਤ ਸਿੰਘ ਮਾਨ ਵੱਲੋਂ ਸਿਹਤ ਗਾਰੰਟੀ ਪੂਰੀ

65 ਲੱਖ ਪਰਿਵਾਰਾਂ ਨੂੰ ਮਿਲੇਗਾ 10 ਲੱਖ ਤੱਕ ਦਾ ਮੁਫ਼ਤ ਇਲਾਜ

ਅੰਮ੍ਰਿਤਪਾਲ ਸਿੰਘ

==========

ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ), 22 ਜਨਵਰੀ: ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਵਿੱਚ ਮੁਫ਼ਤ ਸਿਹਤ ਸੰਭਾਲ ਦੇ ਆਪਣੇ ਵਾਅਦੇ ਨੂੰ ਪੂਰਾ ਕਰਦਿਆਂ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਮੋਹਾਲੀ ਵਿੱਚ 'ਮੁੱਖ ਮੰਤਰੀ ਸਿਹਤ ਯੋਜਨਾ' ਦੀ ਸ਼ੁਰੂਆਤ ਕੀਤੀ, ਜਿਸ ਨਾਲ ਸੂਬੇ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਮਿਲੇਗਾ। ਇਸ ਯੋਜਨਾ ਦੇ ਲਾਗੂ ਹੋਣ ਨਾਲ ਅਮੀਰਾਂ ਦੀ ਪਹੁੰਚ ਵਿੱਚ ਆਉਂਦੇ ਸਭ ਤੋਂ ਮਹਿੰਗੇ ਨਿੱਜੀ ਹਸਪਤਾਲ ਵੀ ਗਰੀਬਾਂ ਲਈ ਖੋਲ੍ਹ ਦਿੱਤੇ ਗਏ ਹਨ, ਜੋ ਲੋਕ ਸੇਵਾ ਵਿੱਚ ਫੈਸਲਾਕੁੰਨ ਬਦਲਾਅ ਹੈ।

ਆਮ ਆਦਮੀ ਪਾਰਟੀ ਦੀ ਸਰਕਾਰ ਅਧੀਨ ਪੰਜਾਬ ਹੁਣ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ ਜਿਸ ਨੇ ਔਰਤਾਂ ਲਈ ਮੁਫ਼ਤ ਸਿਹਤ ਸੰਭਾਲ, ਮੁਫ਼ਤ ਸਿੱਖਿਆ, ਮੁਫ਼ਤ ਬਿਜਲੀ ਅਤੇ ਮੁਫ਼ਤ ਬੱਸ ਯਾਤਰਾ ਦੀ ਗਾਰੰਟੀ ਦਿੱਤੀ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸੱਤਾ ਦੀਆਂ ਭੁੱਖੀਆਂ ਵਿਰੋਧੀ ਪਾਰਟੀਆਂ ਆਪਸੀ ਲੜਾਈਆਂ ਵਿੱਚ ਡੁੱਬੀਆਂ ਰਹਿੰਦੀਆਂ ਹਨ ਅਤੇ ਸਿਰਫ 'ਆਪ' ਹੀ ਪੰਜਾਬ ਦਾ ਭਵਿੱਖ ਸੁਰੱਖਿਅਤ ਕਰ ਸਕਦੀ ਹੈ। ਇਸ ਮੌਕੇ 'ਤੇ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੁਝ ਯੋਗ ਲਾਭਪਾਤਰੀਆਂ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਕਾਰਡ ਵੀ ਸੌਂਪੇ।

ਮੁੱਖ ਮੰਤਰੀ ਸਿਹਤ ਯੋਜਨਾ ਦੀ ਸ਼ੁਰੂਆਤ ਦੌਰਾਨ 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਅੱਜ ਸਿਰਫ ਪੰਜਾਬ ਲਈ ਹੀ ਨਹੀਂ, ਸਗੋਂ ਪੂਰੇ ਦੇਸ਼ ਲਈ ਵੱਡਾ ਅਤੇ ਇਤਿਹਾਸਕ ਦਿਨ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ,"ਅੱਜ ਪੰਜਾਬ ਵਿੱਚ ਜੋ ਕੰਮ ਹੋਣ ਜਾ ਰਿਹਾ ਹੈ, ਉਹ ਸ਼ਾਇਦ ਸਾਲ 1950 ਵਿੱਚ ਕੀਤਾ ਜਾਣਾ ਚਾਹੀਦਾ ਸੀ। ਆਜ਼ਾਦੀ ਦੀ ਲੜਾਈ ਲੜਨ ਵਾਲੇ ਦੇਸ਼ ਭਗਤਾਂ ਨੇ ਇਸ ਲਈ ਸੰਘਰਸ਼ ਨਹੀਂ ਕੀਤਾ ਕਿ ਇਕ ਦਿਨ ਅੰਗਰੇਜ਼ ਚਲੇ ਜਾਣ ਅਤੇ ਸਾਡੀਆਂ ਆਪਣੀਆਂ ਸਰਕਾਰਾਂ ਅਜਿਹੀਆਂ ਬਣਨ ਜੋ ਲੋਕਾਂ ਲਈ ਕੁਝ ਨਹੀਂ ਕਰਨਗੀਆਂ।" (ਬਾਕੀ ਸਫਾ 2 'ਤੇ)

ਈਡੀ ਦੇ ਦੋ ਮਾਮਲਿਆਂ 'ਚ 'ਆਪ' ਦੇ ਕੌਮੀ ਕਨਵੀਨਰ ਦੀ ਵੱਡੀ ਜਿੱਤ

ਅਦਾਲਤ ਵੱਲੋਂ ਕੇਜਰੀਵਾਲ ਬਰੀ

ਅੰਮ੍ਰਿਤਪਾਲ ਸਿੰਘ

==========

ਚੰਡੀਗੜ੍ਹ, 22 ਜਨਵਰੀ:ਇੱਕ ਅਹਿਮ ਕਾਨੂੰਨੀ ਫੈਸਲੇ ਵਿੱਚ, ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਨੇ ਵੀਰਵਾਰ ਨੂੰ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਦਰਜ ਕੀਤੇ ਗਏ ਦੋ ਮਾਮਲਿਆਂ ਵਿੱਚ ਬਰੀ ਕਰ ਦਿੱਤਾ ਹੈ। ਇਸ ਨਾਲ ਆਬਕਾਰੀ ਨੀਤੀ ਮਾਮਲੇ ਵਿੱਚ ਏਜੰਸੀ ਦੇ ਸੰਮਨਾਂ ਨੂੰ ਲੈ ਕੇ ਸ਼ੁਰੂ ਹੋਈ ਕਾਰਵਾਈ 'ਤੇ ਸਪੱਸ਼ਟ ਨਿਆਂਇਕ ਮੋਹਰ ਲੱਗ ਗਈ ਹੈ।

ਵੀਰਵਾਰ ਨੂੰ ਅਦਾਲਤ ਦੇ ਫੈਸਲੇ 'ਤੇ ਪ੍ਰਤੀਕਿਰਿਆ ਦਿੰਦੇ ਹੋਏ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ 'ਐਕਸ' 'ਤੇ ਲਿਖਿਆ, 'ਸਤਯਮੇਵ ਜਯਤੇ।'

ਇਹ ਹੁਕਮ ਰਾਊਜ਼ ਐਵੇਨਿਊ ਅਦਾਲਤ ਦੇ ਵਧੀਕ ਮੁੱਖ ਮੈਟਰੋਪੋਲੀਟਨ ਮੈਜਿਸਟ੍ਰੇਟ ਪਾਰਸ ਦਲਾਲ ਨੇ ਸੁਣਾਇਆ, ਜਿਨ੍ਹਾਂ ਨੇ ਈਡੀ ਵੱਲੋਂ ਦਾਇਰ ਦੋਵਾਂ ਸ਼ਿਕਾਇਤਾਂ ਵਿੱਚ ਅਰਵਿੰਦ ਕੇਜਰੀਵਾਲ ਨੂੰ ਦੋਸ਼ਮੁਕਤ ਕਰ ਦਿੱਤਾ।

ਇਸ ਦੌਰਾਨ 'ਆਪ' ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਨੇ ਕਿਹਾ, 'ਕੋਈ ਸੱਚ ਨੂੰ ਦਬਾਉਣ ਦੀ ਕਿੰਨੀ ਵੀ ਕੋਸ਼ਿਸ਼ ਕਿਉਂ ਨਾ ਕਰੇ, ਅੰਤ ਵਿੱਚ ਸੱਚ ਸਾਹਮਣੇ ਆ ਹੀ ਜਾਂਦਾ ਹੈ। ਸਤਯਮੇਵ ਜਯਤੇ।'

ਸੀਨੀਅਰ 'ਆਪ' ਆਗੂ ਅਤੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਕਿਹਾ, 'ਭਾਜਪਾ ਦੇ ਕੁਕਰਮਾਂ ਦਾ ਅੰਤ ਹੋਵੇਗਾ ਅਤੇ ਇਨਸਾਫ਼ ਦੀ ਜਿੱਤ ਹੋਵੇਗੀ। ਇੱਕ ਵਾਰ ਫਿਰ ਈਡੀ ਅਤੇ ਸੀਬੀਆਈ ਦੀ ਦੁਰਵਰਤੋਂ ਕਰਕੇ ਅਰਵਿੰਦ ਕੇਜਰੀਵਾਲ ਨੂੰ ਝੂਠੇ ਕੇਸਾਂ ਵਿੱਚ ਫਸਾਉਣ ਦੀ ਸਾਜ਼ਿਸ਼ ਬੇਨਕਾਬ ਹੋ ਗਈ ਹੈ। ਅਦਾਲਤ ਦਾ ਇਹ ਹੁਕਮ ਮੋਦੀ ਸਰਕਾਰ ਨੂੰ ਕਰਾਰੀ ਚਪੇੜ ਹੈ।

(ਬਾਕੀ ਸਫਾ 2 'ਤੇ)

ਸੱਜਣ ਕੁਮਾਰ ਦੇ ਬਰੀ ਹੋਣ 'ਤੇ ਸਿੰਘ ਸਾਹਿਬ ਗਿ. ਰਘਬੀਰ ਸਿੰਘ ਵੱਲੋਂ ਸਖ਼ਤ ਇਤਰਾਜ਼ ਪ੍ਰਗਟ

ਬਬਲੂ ਮਹਾਜਨ

==========

ਅੰਮ੍ਰਿਤਸਰ,22 ਜਨਵਰੀ : ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ 1984 ਦੇ ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਨੂੰ ਅਦਾਲਤ ਵੱਲੋਂ ਬਰੀ ਕੀਤੇ ਜਾਣ 'ਤੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ ਸਿੱਖ ਕੌਮ ਹੀ ਨਹੀਂ, ਸਗੋਂ ਇਨਸਾਫ਼ 'ਤੇ ਭਰੋਸਾ ਰੱਖਣ ਵਾਲੇ ਹਰ ਨਾਗਰਿਕ ਲਈ ਗਹਿਰਾ ਝਟਕਾ ਹੈ। ਸਿੰਘ ਸਾਹਿਬ ਨੇ ਕਿਹਾ ਕਿ 1984 ਦੌਰਾਨ ਨਿਰਦੋਸ਼ ਸਿੱਖਾਂ ਨਾਲ ਹੋਏ ਅਨਿਆਏ ਨੂੰ ਅਜੇ ਤੱਕ ਪੂਰਾ ਇਨਸਾਫ਼ ਨਹੀਂ ਮਿਲਿਆ ਅਤੇ ਦੋਸ਼ੀਆਂ ਦੀ ਬਰੀ ਪੀੜਤ ਪਰਿਵਾਰਾਂ ਦੇ ਜ਼ਖ਼ਮਾਂ ਨੂੰ ਹੋਰ ਹਰਾ ਕਰਦੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਾਲਾਂ ਤੋਂ ਪੀੜਤ ਇਨਸਾਫ਼ ਦੀ ਉਡੀਕ ਕਰ ਰਹੇ ਹਨ, ਪਰ ਅਜਿਹੇ ਫੈਸਲੇ ਉਨ੍ਹਾਂ ਦੀ ਆਸ ਨੂੰ ਟੁੱਟਦੇ ਹਨ।ਉਨ੍ਹਾਂ ਸਰਕਾਰ ਅਤੇ ਨਿਆਂ ਪ੍ਰਣਾਲੀ ਨੂੰ ਅਪੀਲ ਕੀਤੀ ਕਿ 1984 ਦੇ ਮਾਮਲਿਆਂ ਦੀ ਨਿਰਪੱਖ ਅਤੇ ਤੇਜ਼ੀ ਨਾਲ ਮੁੜ ਸਮੀਖਿਆ ਕਰਕੇ ਦੋਸ਼ੀਆਂ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਲਿਆਂਦਾ ਜਾਵੇ। ਸਿੰਘ ਸਾਹਿਬ ਨੇ ਕਿਹਾ ਕਿ ਸੱਚਾ ਇਨਸਾਫ਼ ਹੀ ਸਮਾਜ ਵਿੱਚ ਭਰੋਸਾ ਅਤੇ ਸ਼ਾਂਤੀ ਕਾਇਮ ਕਰ ਸਕਦਾ ਹੈ।

'84 ਦੇ ਸਿੱਖ ਨਸਲਕੁਸ਼ੀ ਮਾਮਲੇ 'ਚੋਂ ਸੱਜਣ ਕੁਮਾਰ ਬਰੀ

ਪੀੜਤਾਂ ਨੇ ਰਾਊਜ਼ ਐਵੇਨਿਊ ਅਦਾਲਤ ਦੇ ਫ਼ੈਸਲੇ 'ਤੇ ਪ੍ਰਗਟਾਈ ਨਾਰਾਜ਼ਗੀ

ਚੜ੍ਹਦੀਕਲਾ ਬਿਊਰੋ

==========

ਨਵੀਂ ਦਿੱਲੀ, 22 ਜਨਵਰੀ : ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਨੇ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਨੂੰ 1984 ਦੇ ਸਿੱਖ ਨਸਲਕੁਸ਼ੀ ਮਾਮਲੇ 'ਚ ਰਾਜਧਾਨੀ ਦਿੱਲੀ ਦੇ ਜਨਕਪੁਰੀ ਅਤੇ ਵਿਕਾਸਪੁਰੀ ਇਲਾਕਿਆਂ ਵਿੱਚ ਹੋਈ ਹਿੰਸਾ ਨਾਲ ਸਬੰਧਤ ਮਾਮਲੇ ਵਿੱਚ ਬਰੀ ਕਰ ਦਿੱਤਾ। ਇਸ ਮਾਮਲੇ 'ਚ ਸੱਜਣ ਕੁਮਾਰ ਨੂੰ ਸਬੂਤਾਂ ਦੀ ਘਾਟ ਦੇ ਚਲਦਿਆਂ ਬਰੀ ਕੀਤਾ ਗਿਆ,ਜਦਕਿ ਇਸ ਕੇਸ ਦੇ ਮੁੱਖ ਗਵਾਹ ਦੀ ਬਿਆਨਾਂ ਤੋਂ ਪਹਿਲਾਂ ਹੀ ਮੌਤ ਹੋ ਚੁੱਕੀ ਸੀ।

ਜ਼ਿਕਰਯੋਗ ਹੈ ਕਿ ਬਰੀ ਹੋਣ ਤੋਂ ਬਾਅਦ ਵੀ ਸੱਜਣ ਕੁਮਾਰ ਬਾਹਰ ਨਹੀਂ ਆਉਣਗੇ ਸਗੋਂ ਜੇਲ੍ਹ ਵਿਚ ਹੀ ਰਹਿਣਗੇ ,ਕਿਉਂਕਿ ਉਸ ਨੂੰ ਦੋ ਮਾਮਲਿਆਂ ਵਿਚ ਉਮਰ ਕੈਦ ਦੀ ਸਜ਼ਾ ਮਿਲੀ ਹੈ। ਵਿਸ਼ੇਸ਼ ਜੱਜ ਦਿਗਵਿਜੇ ਸਿੰਘ ਨੇ ਪਿਛਲੇ ਸਾਲ ਦਸੰਬਰ 'ਚ ਇਸ ਮਾਮਲੇ ਦੀ ਸੁਣਵਾਈ ਪੂਰੀ ਕਰਨ ਤੋਂ ਬਾਅਦ 22 ਜਨਵਰੀ ਲਈ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਸੀ। (ਬਾਕੀ ਸਫਾ 2 'ਤੇ)

ਸੱਜਣ ਕੁਮਾਰ ਦਾ ਬਰੀ ਹੋਣਾ ਸਿੱਖ ਕੌਮ ਦੇ ਜ਼ਖ਼ਮਾਂ 'ਤੇ ਲੂਣ ਭੁੱਕਣ ਬਰਾਬਰ: ਸੁਖਬੀਰ ਸਿੰਘ ਬਾਦਲ

ਚੰਡੀਗੜ੍ਹ, 22 ਜਨਵਰੀ (ਹਰਦੀਪ ਕੌਰ):1984 ਦੀ ਸਿੱਖ ਨਸਲਕੁਸ਼ੀ ਮਾਮਲੇ ਵਿੱਚ ਦੋਸ਼ੀ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਬਰੀ ਕਰਨ ਦੀ ਖ਼ਬਰ ਨੇ ਸਮੁੱਚੀ ਸਿੱਖ ਕੌਮ ਦੇ ਨਾਲ ਨਾਲ ਦੁਨੀਆ ਭਰ ਦੇ ਇਨਸਾਫ਼ ਪਸੰਦ ਲੋਕਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਹ ਗੱਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਹੀ।ਉਨ੍ਹਾਂ ਕਿਹਾ ਕਿ ਇਸ ਫ਼ੈਸਲੇ ਨੇ ਨਸਲਕੁਸ਼ੀ ਦਾ ਸ਼ਿਕਾਰ ਹੋਏ ਨਿਰਦੋਸ਼ ਸਿੱਖਾਂ ਦੇ ਪਰਿਵਾਰਾਂ ਦੇ (ਬਾਕੀ ਸਫਾ 2 'ਤੇ)

ਰਾਜਪਾਲ ਗਹਿਲੋਤ ਕੇਂਦਰ ਸਰਕਾਰ ਦੀ 'ਕਠਪੁਤਲੀ' ਬਣੇ: ਸਿੱਧਰਮਈਆ

ਬੰਗਲੂਰੂ , 22 ਜਨਵਰੀ (ਚ.ਨ.ਸ.): ਸਿੱਧਰਮਈਆ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਕਰਨਾਟਕ ਦੇ ਰਾਜਪਾਲ ਥਾਵਰਚੰਦ ਗਹਿਲੋਤ ਦੇ ਬੰਗਲੂਰੂ ਵਿੱਚ ਰਾਜ ਵਿਧਾਨ ਸਭਾ ਵਿਚ ਦੋ ਸਤਰਾਂ ਵਾਲੇ ਭਾਸ਼ਣ ਦੀ ਤਿੱਖੀ ਨੁਕਤਾਚੀਨੀ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਰਾਜਪਾਲ ਗਹਿਲੋਤ ਕੇਂਦਰ ਸਰਕਾਰ ਦਾ 'ਹੱਥਠੋਕਾ' ਬਣ ਕੇ ਰਹਿ ਗਏ ਹਨ। ਆਪਣੇ ਭਾਸ਼ਣ ਮਗਰੋਂ ਗਹਿਲੋਤ ਸਦਨ 'ਚੋਂ ਵਾਕਆਊਟ ਕਰ ਗਏ। ਇਸ ਦੌਰਾਨ ਮੈਂਬਰਾਂ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਵੀ ਕੀਤੀ। ਗਹਿਲੋਤ ਨੇ ਵੀਰਵਾਰ ਨੂੰ ਇੱਥੇ ਰਾਜ ਵਿਧਾਨ ਸਭਾ ਦੇ ਸਾਂਝੇ (ਬਾਕੀ ਸਫਾ 2 'ਤੇ)

ਆਤਿਸ਼ੀ ਮਾਮਲੇ 'ਚ ਪੰਜਾਬ ਸਰਕਾਰ ਨੇ ਦਿੱਲੀ ਵਿਧਾਨ ਸਭਾ ਨੂੰ ਭੇਜਿਆ ਜਵਾਬ

ਚੜ੍ਹਦੀਕਲਾ ਬਿਊਰੋ

==========

ਚੰਡੀਗੜ੍ਹ, 22 ਜਨਵਰੀ: ਪੰਜਾਬ ਸਰਕਾਰ ਨੇ ਵਿਰੋਧੀ ਧਿਰ ਦੀ ਨੇਤਾ ਆਤਿਸ਼ੀ ਦੇ ਮਾਮਲੇ 'ਚ ਦਿੱਲੀ ਵਿਧਾਨ ਸਭਾ ਸਕੱਤਰੇਤ ਨੂੰ ਅੱਜ ਜਵਾਬ ਭੇਜ ਦਿੱਤਾ ਹੈ। ਗ੍ਰਹਿ ਵਿਭਾਗ ਪੰਜਾਬ ਨੇ ਫੋਰੈਂਸਿਕ ਰਿਪੋਰਟ ਦੇ ਹਵਾਲੇ ਨਾਲ ਵੀਡੀਓ 'ਚ ਗੁਰੂ ਸ਼ਬਦ ਦਾ ਪ੍ਰਯੋਗ ਨਾ ਹੋਣ ਦੀ ਗੱਲ ਦੀ ਪੁਸ਼ਟੀ ਕੀਤੀ ਹੈ। ਚੇਤੇ ਰਹੇ ਕਿ ਦਿੱਲੀ ਵਿਧਾਨ ਸਭਾ ਦੇ ਸਪੀਕਰ ਨੇ ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਤੋਂ ਆਤਿਸ਼ੀ ਵੀਡੀਓ ਮਾਮਲੇ 'ਚ ਜਵਾਬ ਮੰਗਿਆ ਸੀ। ਜਲੰਧਰ ਪੁਲਿਸ ਨੇ 7 ਜਨਵਰੀ

ਪਹਿਲੇ ਸ.ਫ਼ੇ ਦੀ ਬਾਕੀ

ਪੰਜਾਬ 'ਚ ਕੇਜਰੀਵਾਲ ਅਤੇ ਭਗਵੰਤ ਸਿੰਘ ਮਾਨ

'ਆਪ' ਸੁਪਰੀਮੋ ਨੇ ਕਿਹਾ ਕਿ ਪਿਛਲੇ 75 ਸਾਲਾਂ ਵਿੱਚ ਬਹੁਤ ਸਾਰੀਆਂ ਸਰਕਾਰਾਂ ਆਈਆਂ ਅਤੇ ਗਈਆਂ, ਪਰ ਉਨ੍ਹਾਂ ਵਿੱਚੋਂ ਕਿਸੇ ਨੇ ਵੀ ਲੋਕਾਂ ਦੀ ਪ੍ਰਵਾਹ ਨਹੀਂ ਕੀਤੀ। ਵੱਡੇ-ਵੱਡੇ ਵਾਅਦੇ ਕੀਤੇ ਗਏ, ਪਰ ਲੋਕਾਂ ਨੂੰ ਨਜਰਅੰਦਾਜ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਕ ਸਮਾਂ ਸੀ, ਜਦੋਂ ਪੰਜਾਬ ਅੱਤਵਾਦ ਨਾਲ ਗ੍ਰਸਤ ਸੀ ਅਤੇ ਫਿਰ ਇੱਕ ਅਜਿਹਾ ਦੌਰ ਆਇਆ ਜਦੋਂ ਨਸੇ ਦੀ ਦਲਦਲ ਵਿੱਚ ਫਸ ਗਿਆ ਸੀ। ਉਨ੍ਹਾਂ ਕਿਹਾ, "ਹਰ ਚੀਜ ਦਾ ਆਪਣਾ ਸਮਾਂ ਹੁੰਦਾ ਹੈ। ਪਿਛਲੇ ਚਾਰ ਸਾਲਾਂ ਤੋਂ ਪੰਜਾਬ ਜਿਸ ਦੌਰ ਵਿੱਚੋਂ ਗੁਜਰ ਰਿਹਾ ਹੈ, ਉਹ ਪੰਜਾਬ ਅਤੇ ਦੇਸ ਦੇ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ।"

ਚੋਣਾਂ ਦੌਰਾਨ ਕੀਤੇ ਗਏ ਵਾਅਦਿਆਂ ਦਾ ਜ਼ਿਕਰ ਕਰਦਿਆਂ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਜਦੋਂ ਉਹ ਤੇ ਮੁੱਖ ਮੰਤਰੀ ਭਗਵੰਤ ਮਾਨ ਚੋਣ ਪ੍ਰਚਾਰ ਕਰਨ ਜਾਂਦੇ ਸਨ ਤਾਂ ਉਹ ਗਾਰੰਟੀਆਂ ਦਿੰਦੇ ਸਨ। ਉਸ ਸਮੇਂ ਉਹ "ਕੇਜਰੀਵਾਲ ਦੀਆਂ ਗਾਰੰਟੀਆਂ" ਦੀ ਗੱਲ ਕਰਦੇ ਸਨ, ਜਿਨ੍ਹਾਂ ਵਿੱਚੋਂ ਇੱਕ ਸਿਹਤ ਗਾਰੰਟੀ ਸੀ ਕਿ ਪੰਜਾਬ ਦੇ ਹਰ ਵਿਅਕਤੀ ਅਤੇ ਹਰ ਨਾਗਰਿਕ ਲਈ ਮੁਫਤ ਅਤੇ ਮਿਆਰੀ ਸਿਹਤ ਸੰਭਾਲ ਪ੍ਰਦਾਨ ਕੀਤੀ ਜਾਵੇਗੀ। ਉਨ੍ਹਾਂ ਕਿਹਾ, "ਲੋਕ ਉਦੋਂ ਇਸ 'ਤੇ ਵਿਸਵਾਸ ਨਹੀਂ ਕਰਦੇ ਸਨ।"

'ਆਪ' ਸੁਪਰੀਮੋ ਨੇ ਅੱਗੇ ਕਿਹਾ, "ਉਨ੍ਹਾਂ ਦਿਨਾਂ ਵਿੱਚ, ਕਾਂਗਰਸ ਸਰਕਾਰ ਸੱਤਾ ਵਿੱਚ ਸੀ। ਪਹਿਲਾਂ, ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਸਨ, ਅਤੇ ਫਿਰ ਚਰਨਜੀਤ ਸਿੰਘ ਚੰਨੀ। ਉਹ ਕਹਿੰਦੇ ਸਨ ਕਿ ਖਜਾਨਾ ਖਾਲੀ ਸੀ, ਸਰਕਾਰ ਘਾਟੇ ਵਿੱਚ ਚੱਲ ਰਹੀ ਸੀ, ਅਤੇ ਕੋਈ ਪੈਸਾ ਨਹੀਂ ਸੀ।"

ਕੌਮੀ ਕਨਵੀਨਰ ਨੇ ਕਿਹਾ, "ਇਨ੍ਹਾਂ ਲੀਡਰਾਂ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਮੁਫਤ ਬਿਜਲੀ, ਮੁਫਤ ਸਿਹਤ ਸੰਭਾਲ ਅਤੇ ਮੁਫਤ ਸਿੱਖਿਆ ਬਾਰੇ ਝੂਠ ਫੈਲਾ ਰਹੇ ਸਨ, ਅਤੇ ਇਹ ਕੁਝ ਵੀ ਸੰਭਵ ਨਹੀਂ ਸੀ ਕਿਉਂਕਿ ਪੈਸਾ ਨਹੀਂ ਸੀ। ਪਰ 'ਆਪ' ਸਰਕਾਰ ਨੇ ਸਾਬਤ ਕਰ ਦਿੱਤਾ ਕਿ ਸਾਰੀਆਂ ਗਾਰੰਟੀਆਂ ਸੱਚਮੁੱਚ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ।"

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਅੱਜ ਮੁਫਤ ਵਿੱਚ ਬਿਜਲੀ ਮੁਹੱਈਆ ਕਰਵਾਈ ਜਾ ਰਹੀ ਹੈ ਅਤੇ ਚੰਗੇ ਸਕੂਲ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ, "ਮੁਫਤ ਸਿਹਤ ਸੰਭਾਲ ਦੇ ਪ੍ਰਬੰਧ ਪਹਿਲਾਂ ਹੀ ਸ਼ੁਰੂ ਕੀਤੇ ਗਏ ਸਨ, ਪਰ ਅੱਜ ਦਾ ਕਦਮ ਇਤਿਹਾਸਕ ਹੈ। ਪਿਛਲੇ ਚਾਰ ਸਾਲਾਂ ਵਿੱਚ ਸਰਕਾਰ ਨੇ ਪਿੰਡਾਂ ਅਤੇ ਮੁਹੱਲਿਆਂ ਵਿੱਚ ਲੱਗਭੱਗ 1,000 ਮੁਹੱਲਾ ਕਲੀਨਿਕ ਬਣਾਏ ਹਨ।"

ਕੌਮੀ ਕਨਵੀਨਰ ਨੇ ਦੱਸਿਆ ਕਿ ਇਹ ਆਮ ਕਲੀਨਿਕ ਨਹੀਂ ਹਨ। ਉਨ੍ਹਾਂ ਕਿਹਾ, "ਪਿਛਲੇ 75 ਸਾਲਾਂ ਵਿੱਚ, ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਸਰਕਾਰਾਂ ਨੇ ਮਿਲ ਕੇ ਸਿਰਫ 400 ਪ੍ਰਾਇਮਰੀ ਹੈਲਥ ਸੈਂਟਰ ਖੋਲ੍ਹੇ ਹਨ, ਜਦੋਂ ਕਿ ਮੌਜੂਦਾ ਸਰਕਾਰ ਨੇ ਸਿਰਫ ਚਾਰ ਸਾਲਾਂ ਵਿੱਚ 1,000 ਮੁਹੱਲਾ ਕਲੀਨਿਕ ਬਣਾਏ ਹਨ, ਅਤੇ ਹੋਰ 500 ਨਿਰਮਾਣ ਅਧੀਨ ਹਨ।"

ਅਰਵਿੰਦ ਕੇਜਰੀਵਾਲ ਨੇ ਜੋਰ ਦੇ ਕੇ ਕਿਹਾ, "ਅਗਲੇ ਚਾਰ ਤੋਂ ਪੰਜ ਮਹੀਨਿਆਂ ਵਿੱਚ, 2,500 'ਪਿੰਡ ਕਲੀਨਿਕ' ਖੋਲ੍ਹੇ ਜਾਣਗੇ। ਪਿਛਲੀਆਂ ਸਰਕਾਰਾਂ ਨੇ 75 ਸਾਲਾਂ ਵਿੱਚ ਜੋ ਕੰਮ ਕੀਤਾ, ਇਸ ਸਰਕਾਰ ਨੇ ਸਾਇਦ ਸਿਰਫ ਚਾਰ ਸਾਲਾਂ ਵਿੱਚ ਉਸ ਤੋਂ 10 ਗੁਣਾ ਜ਼ਿਆਦਾ ਕੀਤਾ ਹੈ।"

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਪ੍ਰਾਇਮਰੀ ਸਿਹਤ ਕੇਂਦਰਾਂ ਨੂੰ ਜਿੰਦਰਾ ਲੱਗ ਗਿਆ ਸੀ, ਅੰਦਰ ਕੁੱਤੇ ਘੁੰਮ ਰਹੇ ਸਨ। "ਉਨ੍ਹਾਂ ਦੇ ਸਿਹਤ ਕੇਂਦਰ ਇਸ ਤਰ੍ਹਾਂ ਦੇ ਸਨ। ਪਰ ਹੁਣ ਜੋ ਮੁਹੱਲਾ ਕਲੀਨਿਕ ਬਣਾਏ ਗਏ ਹਨ ਉਹ ਸ਼ਾਨਦਾਰ ਅਤੇ ਏਅਰ ਕੰਡੀਸ਼ਨਡ ਹਨ।

ਉਨ੍ਹਾਂ ਅੱਗੇ ਕਿਹਾ, "ਜਿਨ੍ਹਾਂ ਨੇ ਉੱਥੇ ਇਲਾਜ ਕਰਵਾਇਆ ਹੈ, ਉਹ ਜਾਣਦੇ ਹਨ ਕਿ ਉਹ ਕਿੰਨੇ ਚੰਗੇ ਹਨ। ਜਦੋਂ ਤੁਸੀਂ ਉੱਥੇ ਜਾਂਦੇ ਹੋ, ਤਾਂ ਇਹ ਸਰਕਾਰੀ ਹਸਪਤਾਲ ਵਾਂਗ ਨਹੀਂ, ਸਗੋਂ ਇੱਕ ਪ੍ਰਾਈਵੇਟ ਕਲੀਨਿਕ ਵਾਂਗ ਮਹਿਸੂਸ ਹੁੰਦਾ ਹੈ। ਹੁਣ ਮੁਹੱਲਾ ਕਲੀਨਿਕ ਦੂਰ-ਦੂਰ ਤੱਕ, ਹਰ ਥਾਂ ਪਿੰਡਾਂ ਵਿੱਚ ਖੁੱਲ੍ਹ ਰਹੇ ਹਨ।"

'ਆਪ' ਮੁਖੀ ਨੇ ਅੱਗੇ ਕਿਹਾ ਕਿ ਪਹਿਲਾਂ, ਪੰਜਾਬ ਦੇ ਸਰਕਾਰੀ ਹਸਪਤਾਲਾਂ ਨੂੰ ਡਾਕਟਰਾਂ ਦੀ ਭਾਰੀ ਘਾਟ ਦਾ ਸਾਹਮਣਾ ਕਰਨਾ ਪਿਆ ਸੀ। ਪਿਛਲੇ ਚਾਰ ਸਾਲਾਂ ਵਿੱਚ, 1100 ਮਾਹਰ ਡਾਕਟਰਾਂ ਦੀ ਭਰਤੀ ਕੀਤੀ ਗਈ ਹੈ, ਅਤੇ ਹੁਣ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਦੀ ਕੋਈ ਕਮੀ ਨਹੀਂ ਹੈ। "ਪਹਿਲਾਂ, ਮਸੀਨਾਂ ਕੰਮ ਨਹੀਂ ਕਰਦੀਆਂ ਸਨ, ਪਰ ਹੁਣ ਸਾਰੀਆਂ ਮਸ਼ੀਨਾਂ ਲਾਈਆਂ ਗਈਆਂ ਹਨ ਅਤੇ ਹਰ ਇੱਕ ਸਹੀ ਢੰਗ ਨਾਲ ਕੰਮ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਪਹਿਲਾਂ, ਦਵਾਈਆਂ ਨਹੀਂ ਮਿਲਦੀਆਂ ਸਨ, ਪਰ ਹੁਣ ਦਵਾਈਆਂ ਦੇ ਕਾਊਂਟਰ ਖੁੱਲ੍ਹ ਗਏ ਹਨ ਅਤੇ ਲੋਕਾਂ ਨੂੰ ਮੁਫਤ ਦਵਾਈਆਂ ਮਿਲ ਰਹੀਆਂ ਹਨ। ਸਰਕਾਰੀ ਹਸਪਤਾਲਾਂ ਨੂੰ ਸਾਨਦਾਰ ਬਣਾਇਆ ਗਿਆ ਹੈ।

ਆਪ ਦੇ ਰਾਸਟਰੀ ਕਨਵੀਨਰ ਨੇ ਕਿਹਾ ਕਿ ਕਈ ਵਾਰ ਕੋਈ ਬਿਮਾਰੀ ਇੰਨੀ ਗੰਭੀਰ ਹੋ ਜਾਂਦੀ ਹੈ ਕਿ ਕਿਸੇ ਨੂੰ ਪ੍ਰਾਈਵੇਟ ਹਸਪਤਾਲ ਜਾਣਾ ਪੈਂਦਾ ਹੈ। ਉਨ੍ਹਾਂ ਕਿਹਾ, "ਬਹੁਤ ਸਾਰੇ ਲੋਕ ਇਲਾਜ ਲਈ ਪ੍ਰਾਈਵੇਟ ਹਸਪਤਾਲਾਂ ਦੀ ਚੋਣ ਕਰਦੇ ਹਨ। ਇਸ ਲਈ, ਅੱਜ ਅਜਿਹੀ ਯੋਜਨਾ ਲਾਗੂ ਕੀਤੀ ਜਾ ਰਹੀ ਹੈ, ਜਿਸ ਦੇ ਤਹਿਤ ਪੰਜਾਬ ਦੇ ਸਭ ਤੋਂ ਵਧੀਆ ਪ੍ਰਾਈਵੇਟ ਹਸਪਤਾਲ, ਜਿੱਥੇ ਸਭ ਤੋਂ ਅਮੀਰ ਲੋਕ ਵੀ ਇਲਾਜ ਲਈ ਜਾਂਦੇ ਹਨ, ਹੁਣ ਸਭ ਤੋਂ ਗਰੀਬ ਕਿਸਾਨ, ਮਜ਼ਦੂਰ ਅਤੇ ਰਿਕਸ਼ਾ ਚਾਲਕ ਲਈ ਵੀ ਇਲਾਜ ਲਈ ਜਾ ਸਕਣਗੇ। ਉਨ੍ਹਾਂ ਨੂੰ ਪੈਸੇ ਦੀ ਚਿੰਤਾ ਕਰਨ ਦੀ ਜ਼ਰੂਰਤ ਨਹੀਂ ਹੋਵੇਗੀ।"

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇੱਕ ਕਿਸਾਨ ਸਾਡੇ ਸਾਰਿਆਂ ਲਈ ਅਨਾਜ ਪੈਦਾ ਕਰਨ ਤੇਜ ਧੁੱਪ ਹੇਠ ਬਹੁਤ ਮਿਹਨਤ ਕਰਦਾ ਹੈ, ਪਰ ਜੇਕਰ ਉਸ ਦੇ ਪਰਿਵਾਰ ਵਿੱਚ ਕੋਈ ਬਿਮਾਰ ਹੋ ਜਾਂਦਾ ਹੈ, ਤਾਂ ਉਸ ਨੂੰ ਆਪਣੀ ਜਮੀਨ ਗਹਿਣੇ ਰੱਖਣੀ ਪੈਂਦੀ ਹੈ। ਉਨ੍ਹਾਂ ਅੱਗੇ ਕਿਹਾ, "ਉਹ ਆਪਣੀ ਜਮੀਨ ਅਤੇ ਗਹਿਣੇ ਵੇਚ ਦਿੰਦਾ ਹੈ, ਆਪਣਾ ਘਰ ਗੁਆ ਦਿੰਦਾ ਹੈ, ਅਤੇ ਫਿਰ ਵੀ ਇਸ ਗੱਲ ਦੀ ਕੋਈ ਗਰੰਟੀ ਨਹੀਂ ਹੁੰਦੀ ਕਿ ਮਰੀਜ ਬਚ ਜਾਵੇਗਾ। ਛੋਟੀ ਤੋਂ ਛੋਟੀ ਬਿਮਾਰੀ ਲਈ ਵੀ, ਜੇਕਰ ਕਿਸੇ ਪ੍ਰਾਈਵੇਟ ਹਸਪਤਾਲ ਜਾਂਦਾ ਹੈ, ਤਾਂ ਘੱਟੋ-ਘੱਟ ਪੈਕੇਜ 2 ਲੱਖ ਤੋਂ 3 ਲੱਖ ਹੁੰਦਾ ਹੈ, ਅਤੇ ਵਿਅਕਤੀ ਪੂਰੀ ਤਰ੍ਹਾਂ ਬਰਬਾਦ ਹੋ ਜਾਂਦਾ ਹੈ। ਪਰ ਹੁਣ ਲੋਕਾਂ ਨੂੰ ਚਿੰਤਾ ਕਰਨ ਦੀ ਲੋੜ ਨਹੀਂ ਹੈ।"

ਅਰਵਿੰਦ ਕੇਜਰੀਵਾਲ ਨੇ ਅੱਗੇ ਦੱਸਿਆ ਕਿ ਇਹ 10 ਲੱਖ ਰੁਪਏ ਦੀ ਬੀਮਾ ਯੋਜਨਾ ਹੈ। ਉਨ੍ਹਾਂ ਕਿਹਾ, "ਲੋਕ ਕਿਸੇ ਵੀ ਹਸਪਤਾਲ ਵਿੱਚ ਜਾ ਸਕਦੇ ਹਨ, ਭਾਵੇਂ ਸਰਕਾਰੀ ਹੋਵੇ ਜਾਂ ਪ੍ਰਾਈਵੇਟ। ਸਰਕਾਰ ਨੇ ਪਹਿਲਾਂ ਹੀ ਸਭ ਕੁਝ ਠੀਕ ਕਰਨਾ ਸ਼ੁਰੂ ਕਰ ਦਿੱਤਾ ਹੈ, ਅਤੇ ਛੇਤੀ ਹੀ ਸਰਕਾਰੀ ਹਸਪਤਾਲ, ਪ੍ਰਾਈਵੇਟ ਹਸਪਤਾਲਾਂ ਨਾਲੋਂ ਵੀ ਬਿਹਤਰ ਹੋ ਜਾਣਗੇ। ਪਰ ਹੁਣ ਮਰੀਜ ਕਿਤੇ ਵੀ ਜਾ ਸਕਦੇ ਹਨ।

ਉਨ੍ਹਾਂ ਅੱਗੇ ਕਿਹਾ, "ਵੱਡੀਆਂ ਅਤੇ ਛੋਟੀਆਂ ਬਿਮਾਰੀਆਂ ਲਈ 10 ਲੱਖ ਰੁਪਏ ਤੱਕ ਦੀਆਂ ਸਾਰੀਆਂ ਦਵਾਈਆਂ ਅਤੇ ਟੈਸਟ ਮੁਫਤ ਹੋਣਗੇ। ਜਿਵੇਂ ਹੀ ਮਰੀਜ ਹਸਪਤਾਲ ਵਿੱਚ ਦਾਖਲ ਹੁੰਦਾ ਹੈ, ਸਭ ਕੁਝ ਮੁਫਤ ਹੋਵੇਗਾ। ਉਨ੍ਹਾਂ ਤੋਂ ਕੁਝ ਨਹੀਂ ਪੁੱਛਿਆ ਜਾਵੇਗਾ, ਸਿਰਫ ਆਪਣਾ ਹੈਲਥ ਕਾਰਡ ਲਿਆਉਣ ਲਈ। ਪੰਜਾਬ ਵਿੱਚ ਲੱਗਭੱਗ 65 ਲੱਖ ਪਰਿਵਾਰ ਹਨ, ਜਿਨ੍ਹਾਂ ਵਿੱਚ ਅਮੀਰ ਅਤੇ ਗਰੀਬ, ਹਿੰਦੂ, ਮੁਸਲਮਾਨ, ਸਿੱਖ, ਈਸਾਈ ਅਤੇ ਸਾਰੇ ਧਰਮਾਂ ਅਤੇ ਜਾਤਾਂ ਦੇ ਲੋਕ ਸਾਮਲ ਹਨ। ਕਿਸੇ ਨੂੰ ਵੀ ਇਸ ਤੋਂ ਬਾਹਰ ਨਹੀਂ ਰੱਖਿਆ ਗਿਆ।"

ਉਨ੍ਹਾਂ ਕਿਹਾ ਕਿ ਸਰਕਾਰਾਂ ਆਮ ਤੌਰ 'ਤੇ ਬਹੁਤ ਸਾਰੀਆਂ ਸਰਤਾਂ ਲਾਉਂਦੀਆਂ ਹਨ, ਪਰ ਉਨ੍ਹਾਂ ਨੇ ਕੋਈ ਸ਼ਰਤ ਨਹੀਂ ਲਾਈ। ਉਨ੍ਹਾਂ ਜ਼ੋਰ ਦੇ ਕਿਹਾ, "ਹਰ ਕੋਈ ਇਨਸਾਨ ਹੈ, ਹਰ ਕੋਈ ਪੰਜਾਬੀ ਹੈ, ਅਤੇ ਹਰ ਕੋਈ ਭਾਰਤੀ ਹੈ, ਤਾਂ ਕਿਸੇ ਨੂੰ ਕਿਉਂ ਬਾਹਰ ਰੱਖਿਆ ਜਾਵੇ? ਇਹ ਕਾਰਡ ਸਾਰਿਆਂ ਲਈ ਹੈ, ਅਤੇ 65 ਲੱਖ ਪਰਿਵਾਰਾਂ ਨੂੰ ਸਿੱਧਾ ਲਾਭ ਹੋਵੇਗਾ।"

ਅਰਵਿੰਦ ਕੇਜਰੀਵਾਲ ਨੇ ਪਿਛਲੇ ਚਾਰ ਸਾਲਾਂ ਅਤੇ ਉਸ ਤੋਂ ਪਹਿਲਾਂ ਦੇ ਸਮੇਂ ਨੂੰ ਯਾਦ ਕਰਦੇ ਹੋਏ ਕਿਹਾ ਕਿ ਜਦੋਂ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਸਰਕਾਰਾਂ ਸੱਤਾ ਵਿੱਚ ਸਨ ਤਾਂ ਪੰਜਾਬ ਨਸ਼ਿਆਂ ਨਾਲ ਗ੍ਰਸਤ ਸੀ। ਉਨ੍ਹਾਂ ਕਿਹਾ, "ਇਨ੍ਹਾਂ ਸਰਕਾਰਾਂ ਦੇ ਵੱਡੇ ਮੰਤਰੀ ਨਸੇ ਵੇਚਦੇ ਸਨ ਅਤੇ ਆਪਣੇ ਸਰਕਾਰੀ ਵਾਹਨਾਂ ਰਾਹੀਂ ਵੰਡਦੇ ਸਨ।"

ਉਨ੍ਹਾਂ ਨੇ ਯਾਦ ਦਿਵਾਇਆ ਕਿ ਜਦੋਂ ਵੱਡੇ ਨਸਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਤਾਂ ਉਨ੍ਹਾਂ ਨੇ ਇਨ੍ਹਾਂ ਹੀ ਮੰਤਰੀਆਂ ਦਾ ਨਾਮ ਲੈ ਕੇ ਕਿਹਾ ਸੀ ਕਿ ਇਹ ਮੰਤਰੀ ਨਸੇ ਦਾ ਕਾਰੋਬਾਰ ਚਲਾ ਰਹੇ ਸਨ।

ਉਨ੍ਹਾਂ ਕਿਹਾ ਕਿ ਪਹਿਲੀ ਵਾਰ ਕਿਸੇ ਸਰਕਾਰ ਨੇ ਭ੍ਰਿਸਟ ਮੰਤਰੀਆਂ ਨੂੰ ਗ੍ਰਿਫਤਾਰ ਕਰਨ ਅਤੇ ਜੇਲ੍ਹ ਭੇਜਣ ਦੀ ਹਿੰਮਤ ਦਿਖਾਈ ਹੈ। ਪਰ ਉਨ੍ਹਾਂ ਨੂੰ ਇਸ ਗੱਲ ਦਾ ਬਹੁਤ ਦੁੱਖ ਹੋਇਆ ਕਿ ਜਦੋਂ ਉਸ ਮੰਤਰੀ ਨੂੰ ਗ੍ਰਿਫਤਾਰ ਕੀਤਾ ਗਿਆ, ਤਾਂ ਇਹ ਸਾਰੀਆਂ ਪਾਰਟੀਆਂ ਇਕੱਠੀਆਂ ਹੋ ਗਈਆਂ ਅਤੇ ਗਾਲ੍ਹਾਂ ਕੱਢਣ ਲੱਗ ਪਈਆਂ। "ਇਨ੍ਹਾਂ ਪਾਰਟੀਆਂ ਨੇ 'ਆਪ', ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੂੰ ਗਾਲ੍ਹਾਂ ਕੱਢੀਆਂ ਅਤੇ ਕਿਹਾ ਕਿ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ।"

'ਆਪ' ਮੁਖੀ ਨੇ ਸਵਾਲ ਕੀਤਾ, "ਜਦੋਂ ਪੰਜਾਬ ਦੇ ਬੱਚੇ ਨਸ਼ਿਆਂ ਕਾਰਨ ਮਰ ਰਹੇ ਸਨ ਅਤੇ ਉਨ੍ਹਾਂ ਦਾ ਭਵਿੱਖ ਤਬਾਹ ਹੋ ਰਿਹਾ ਸੀ, ਤਾਂ ਕੀ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨਹੀਂ ਹੋ ਰਹੀ ਸੀ? ਹੁਣ ਜਦੋਂ ਗੈਂਗਸਟਰਾਂ ਅਤੇ ਹੋਰ ਅਪਰਾਧੀਆਂ ਵਿਰੁੱਧ ਕਾਰਵਾਈ ਕੀਤੀ ਜਾਂਦੀ ਹੈ ਤਾਂ ਕੀ ਇਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ?" ਉਨ੍ਹਾਂ ਕਿਹਾ ਕਿ ਇਹ ਲੋਕ ਕਿਸੇ ਨੂੰ ਪਿਆਰ ਨਹੀਂ ਕਰਦੇ। ਅਰਵਿੰਦ ਕੇਜਰੀਵਾਲ ਨੇ ਕਿਹਾ, "ਇਹ ਸਭ ਉਨ੍ਹਾਂ ਦਾ ਕਾਰੋਬਾਰ ਹੈ। ਭਗਵੰਤ ਸਿੰਘ ਮਾਨ ਨੇ ਇਨ੍ਹਾਂ ਦਾ ਕਾਰੋਬਾਰ ਬੰਦ ਕਰ ਦਿੱਤਾ ਹੈ। ਨਸੇ ਵੇਚਣ ਵਾਲੀਆਂ ਇਨ੍ਹਾਂ ਪਾਰਟੀਆਂ, ਇਨ੍ਹਾਂ ਦੇ ਪੈਰੋਕਾਰਾਂ ਅਤੇ ਉਨ੍ਹਾਂ ਦੇ ਰਿਸਤੇਦਾਰਾਂ ਨਾਲ ਸਬੰਧਤ ਹਨ। ਹੁਣ ਜਦੋਂ ਨਸਾ ਤਸਕਰਾਂ ਨੂੰ ਫੜਿਆ ਜਾ ਰਿਹਾ ਹੈ ਅਤੇ ਗੈਂਗਸਟਰਾਂ ਵਿਰੁੱਧ ਜੰਗ ਸ਼ੁਰੂ ਕੀਤੀ ਗਈ ਹੈ, ਤਾਂ ਇਹ ਪਾਰਟੀਆਂ ਗਾਲ੍ਹਾਂ ਕੱਢ ਰਹੀਆਂ ਹਨ ਅਤੇ ਕਹਿ ਰਹੀਆਂ ਹਨ ਕਿ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ।"

ਉਨ੍ਹਾਂ ਕਿਹਾ, "ਇਨ੍ਹਾਂ ਲੀਡਰਾਂ ਨੂੰ ਗੈਂਗਸਟਰਾਂ ਅਤੇ ਜਬਰਨ ਵਸੂਲੀਆਂ ਦੀ ਪ੍ਰਵਾਹ ਹੈ, ਪੰਜਾਬੀਆਂ ਦੀ ਨਹੀਂ। ਜਦੋਂ ਆਮ ਲੋਕਾਂ ਨੂੰ ਜਬਰਨ ਵਸੂਲੀ ਦੀਆਂ ਕਾਲਾਂ ਆਉਂਦੀਆਂ ਹਨ ਅਤੇ ਧਮਕੀ ਦਿੱਤੀ ਜਾਂਦੀ ਹੈ ਕਿ ਜੇ ਉਹ ਪੈਸੇ ਨਹੀਂ ਦਿੰਦੇ ਤਾਂ ਉਨ੍ਹਾਂ ਦੇ ਬੱਚੇ ਮਾਰ ਦਿੱਤੇ ਜਾਣਗੇ ਤਾਂ ਇਨ੍ਹਾਂ ਲੀਡਰਾਂ ਨੂੰ ਪੀੜਤ ਲੋਕਾਂ ਦੇ ਮਨੁੱਖੀ ਅਧਿਕਾਰ ਯਾਦ ਨਹੀਂ ਆਉਂਦੇ। ਜਨਤਾ ਨੂੰ ਇਨ੍ਹਾਂ ਪਾਰਟੀਆਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਦੁਬਾਰਾ ਵੋਟ ਨਹੀਂ ਪਾਉਣੀ ਚਾਹੀਦੀ, ਨਹੀਂ ਤਾਂ ਉਹ ਹਨੇਰ ਯੁੱਗ ਵਾਪਸ ਆ ਜਾਵੇਗਾ।

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਬਹੁਤ ਮੁਸਕਲ ਨਾਲ, ਪਰਮਾਤਮਾ ਨੇ 'ਆਪ' ਵਰਗੀ ਪਾਰਟੀ ਬਣਾਈ ਹੈ, ਅਤੇ ਕਿਹਾ, "ਇਹ ਕੁਦਰਤ ਦਾ ਚਮਤਕਾਰ ਹੈ, ਕਿਉਂਕਿ ਨਾ ਤਾਂ ਉਨ੍ਹਾਂ ਕੋਲ ਪੈਸਾ ਹੈ ਅਤੇ ਨਾ ਭਗਵੰਤ ਮਾਨ, ਨਾ ਮਨੀਸ ਸਿਸੋਦੀਆ, ਨਾ ਹੀ ਸਤੇਂਦਰ ਜੈਨ ਕੋਲ ਪੈਸਾ ਹੈ। ਉਹ ਸਧਾਰਨ ਲੋਕ ਹਨ, ਪਰ ਕੁਦਰਤ ਦੇ ਚਮਤਕਾਰ ਨਾਲ, ਪਾਰਟੀ ਦਿੱਲੀ ਤੋਂ ਬਾਅਦ ਪੰਜਾਬ ਵਿੱਚ ਇੰਨੀ ਜਲਦੀ ਸੱਤਾ ਵਿੱਚ ਆਈ। ਇਹ ਸਭ ਪਰਮਾਤਮਾ ਅਤੇ ਵਾਹਿਗੁਰੂ ਦੁਆਰਾ ਕੀਤਾ ਜਾ ਰਿਹਾ ਹੈ।"

ਉਨ੍ਹਾਂ ਕਿਹਾ ਕਿ ਇਸ ਨਵੀਂ 10 ਲੱਖ ਰੁਪਏ ਦੀ ਯੋਜਨਾ ਦਾ ਵੀ ਇਹ ਲੋਕ ਵਿਰੋਧ ਕਰਨਗੇ। ਉਸ ਨੇ ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਦੇ ਨੇਤਾਵਾਂ ਨੂੰ ਕਿਹਾ ਕਿ ਜੇਕਰ ਕੁਝ ਚੰਗਾ ਹੋ ਰਿਹਾ ਹੈ, ਤਾਂ ਉਨ੍ਹਾਂ ਨੂੰ ਇਸ ਦੀ ਪ੍ਰਸ਼ੰਸਾ ਕਰਨੀ ਚਾਹੀਦੀ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ, "ਇਹ 10 ਲੱਖ ਰੁਪਏ ਦਾ ਇਲਾਜ ਹਰ ਕਿਸੇ ਨੂੰ ਮੁਹੱਈਆ ਹੋਵੇਗਾ। ਇਨ੍ਹਾਂ ਲੀਡਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਵੀ ਇਸ ਯੋਜਨਾ ਤਹਿਤ ਇਲਾਜ ਕੀਤਾ ਜਾਵੇਗਾ। 'ਆਪ' ਸਰਕਾਰ ਨੇ ਕੋਈ ਵਿਤਕਰਾ ਨਹੀਂ ਕੀਤਾ ਹੈ, ਨਾ ਹੀ ਕੋਈ ਸਰਤ ਰੱਖੀ ਹੈ ਕਿ ਕਾਂਗਰਸ ਜਾਂ ਅਕਾਲੀ ਮੈਂਬਰਾਂ ਦਾ ਇਲਾਜ ਨਹੀਂ ਕੀਤਾ ਜਾਵੇਗਾ। ਸਾਰਿਆਂ ਦਾ ਇਲਾਜ ਕੀਤਾ ਜਾਵੇਗਾ। ਪ੍ਰਮਾਤਮਾ ਸਾਰਿਆਂ ਨੂੰ ਖੁਸ਼ ਰੱਖੇ।"

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਹ ਲੋਕ ਪੰਜਾਬ ਜਾਂ ਪੰਜਾਬੀਆਂ ਨੂ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਆਹ ਪੁਰਬ ਤੇ ਬਸੰਤ ਪੰਚਮੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ

ਐਸ.ਏ.ਐਸ. ਨਗਰ, 22 ਜਨਵਰੀ (ਹਰਦੀਪ ਕੌਰ): ਧੰਨ-ਧੰਨ ਅਮਰ ਸ਼ਹੀਦ ਜੱਥੇਦਾਰ ਬਾਬਾ ਹਨੂੰਮਾਨ ਸਿੰਘ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਦਸਮ ਪਿਤਾ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਆਹ ਪੁਰਬ ਤੇ ਬਸੌਤ ਪੰਚਮੀ ਨੂੰ ਸਮਰਪਿਤ ਗੁਰਮਤਿ ਸਮਾਗਮ ਦਾ ਆਯੋਜਨ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਕਰਵਾਇਆ ਗਿਆ। ਇਸ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਇਸ ਉਪਰੰਤ ਸਾਰਾ ਦਿਨ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ।ਇਸ ਗੁਰਮਤਿ ਸਮਾਗਮ ਵਿੱਚ ਭਾਈ ਸੁਖਵਿੰਦਰ ਸਿੰਘ ਜੀ ਦੇ ਕਵੀਸ਼ਰੀ ਜੱਥੇ ਨੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਿਆਹ ਮਾਤਾ ਜੀਤੋ ਜੀ ਨਾਲ ਸੰਨ 1677 ਈਂ ਵਿੱਚ "ਗੁਰੂ ਕੇ ਲਾਹੌਰ" ਵਿੱਖੇ ਹੋਣ ਬਾਰੇ ਬਾਰੇ ਸੰਗਤਾਂ ਨੂੰ ਕਵੀਸ਼ਰੀ ਵਾਰਾਂ ਵਿੱਚ ਵਿਸਥਾਰ ਸਹਿਤ ਸਰਵਣ ਕਰਵਾਇਆ। ਭਾਈ ਪੂਰਨ ਸਿੰਘ ਜੀ ਅੰਮ੍ਰਿਤਸਰ ਵਾਲਿਆਂ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਸ਼੍ਰੋਮਣੀ ਪ੍ਰਚਾਰਕ ਭਾਈ ਸੰਦੀਪ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ

ਸੰਗਤਾਂ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿੱਚ 31 ਰਾਗਾਂ ਵਿੱਚ ਦਰਜ ਧੁਰ ਕੀ ਬਾਣੀ ਬਾਰੇ ਦੱਸਿਆ। ਭਾਈ ਜਰਨੈਲ ਸਿੰਘ ਜੀ ਲੁਧਿਆਣੇ ਵਾਲਿਆਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੁਆਰਾ "ਗੁਰੂ ਕਾ ਲਾਹੌਰ" ਸ਼ਹਿਰ ਵਸਾਉਣ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ। ਇਸ ਤੋਂ ਇਲਾਵਾ ਭਾਈ ਸਰੂਪ ਸਿੰਘ ਜੀ , ਸ਼੍ਰੋਮਣੀ ਪ੍ਰਚਾਰਕ ਭਾਈ ਰਜਿੰਦਰ ਸਿੰਘ ਜੀ ਦਮਦਮੀ ਟਕਸਾਲ, ਭਾਈ ਸਤਪਾਲ ਸਿੰਘ ਜੀ, ਭਾਈ ਸਿਮਰਨਜੀਤ ਸਿੰਘ ਜੀ, ਭਾਈ ਰਾਜਬੀਰ ਸਿੰਘ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਇੰਦਰਜੀਤ ਸਿੰਘ, ਭਾਈ ਹਰਬਖਸ਼ ਸਿੰਘ, ਭਾਈ ਗੁਰਮੀਤ ਸਿੰਘ ਅਤੇ ਭਾਈ ਜਸਵੰਤ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ।ਸਾਰੇ ਜੱਥਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਦਿਨ ਹਜ਼ਾਰਾਂ ਸੰਗਤਾਂ ਨੇ ਇਸ ਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ।ਹਰ ਵਿਭਾਗ ਦੇ ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਮੁਆਇਨਾ ਕੀਤਾ ਗਿਆ ਤੇ ਦਵਾਈ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੀ ਗਈ।ਗੁਰੂ ਕਾ ਲੰਗਰ ਸਾਰਾ ਦਿਨ ਅਤੁੱਟ ਵਰਤਾਇਆ ਗਿਆ।

ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਆਉਣ ਵਾਲੀ ਮਿਤੀ 28 ਜਨਵਰੀ ਨੂੰ ਦਸਵੀਂ ਦਾ ਸ਼ੁਭ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਜਾਵੇਗਾ। ਇਸ ਦਿਨ ਸਵੇਰੇ 9 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ , ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਜਾਵੇਗਾ, ਜਿਸ ਵਿੱਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਜੱਥੇ, ਇੰਟਰਨੈਸ਼ਨਲ ਢਾਡੀ ਜੱਥੇ ਅਤੇ ਉੱਚ ਕੋਟੀ ਦੇ ਪੰਥ ਪ੍ਰਸਿੱਧ ਪ੍ਰਚਾਰਕ ਸੰਗਤਾਂ ਨੂੰ ਹਰਜੱਸ ਸੁਣਾ ਕੇ ਨਿਹਾਲ ਕਰਨਗੇ। ਇਸ ਦਿਨ ਵਿਸ਼ਾਲ ਅੰਮ੍ਰਿਤ ਸੰਚਾਰ ਦਾ ਆਯੋਜਨ ਸਵੇਰੇ 10 ਵਜੇ ਕੀਤਾ ਜਾਵੇਗਾ ਜੀ। ਗੁਰ ਕਾ ਲੰਗਰ ਇਸ ਮੋਕੇ ਅਤੁੱਟ ਵਰਤਾਇਆ ਜਾਵੇਗਾ ਜੀ।

ਪੰਜਾਬ ਵਿੱਚ 'ਮੁੱਖ ਮੰਤਰੀ ਸਿਹਤ ਯੋਜਨਾ' ਇਤਿਹਾਸਕ ਮੀਲ ਪੱਥਰ ਹੋਵੇਗਾ ਸਾਬਤ : ਸੰਧਵਾਂ

ਚੰਡੀਗੜ੍ਹ, 22 ਜਨਵਰੀ (ਚ.ਨ.ਸ.): ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਦੱਸਿਆ ਕਿ ਪੰਜਾਬ ਵਿੱਚ 'ਮੁੱਖ ਮੰਤਰੀ ਸਿਹਤ ਯੋਜਨਾ' ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਪਹਿਲ ਸੂਬੇ ਦੇ ਸਿਹਤ ਖੇਤਰ 'ਚ ਇੱਕ ਇਤਿਹਾਸਕ ਮੀਲ ਪੱਥਰ ਸਾਬਤ ਹੋਵੇਗੀ। ਉਨ੍ਹਾਂ ਕਿਹਾ ਕਿ ਕਿਸੇ ਵੀ ਗਰੀਬ ਜਾਂ ਮੱਧ ਵਰਗੀ ਪਰਿਵਾਰ ਨੂੰ ਇਲਾਜ ਲੈਣ ਲਈ ਹੁਣ ਵਿੱਤੀ ਤੰਗੀਆਂ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਇਸ ਯੋਜਨਾ ਤਹਿਤ ਹਰ ਪੰਜਾਬੀ ਨੂੰ ਸਾਲਾਨਾ 10 ਲੱਖ ਰੁਪਏ ਤੱਕ ਮੁਫ਼ਤ ਸਿਹਤ ਬੀਮੇ ਦਾ ਲਾਭ ਮਿਲੇਗਾ। ਉਨ੍ਹਾਂ ਅੱਗੇ ਦੱਸਿਆ ਕਿ ਮਰੀਜ਼ ਨੂੰ ਹਸਪਤਾਲ ਵਿੱਚ ਇੱਕ ਵੀ ਰੁਪਿਆ ਜਮ੍ਹਾਂ ਕਰਵਾਉਣ ਦੀ ਲੋੜ ਨਹੀਂ ਹੋਵੇਗੀ ਤੇ ਉਨ੍ਹਾਂ ਦੇ ਸਾਰੇ ਖਰਚਿਆਂ ਦਾ ਭੁਗਤਾਨ ਸਿੱਧਾ ਪੰਜਾਬ ਸਰਕਾਰ ਵੱਲੋਂ ਕੀਤਾ ਜਾਵੇਗਾ।

ਉਨ੍ਹਾਂ ਅੱਗੇ ਦੱਸਿਆ ਕਿ ਇਹ ਸਹੂਲਤ ਸਿਰਫ਼ ਸਰਕਾਰੀ ਹਸਪਤਾਲਾਂ ਤੱਕ ਸੀਮਤ ਨਹੀਂ ਹੈ, ਸਗੋਂ ਇਸ ਵਿੱਚ ਨਿੱਜੀ (ਸੂਚੀਬੱਧ) ਹਸਪਤਾਲਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਹ ਯੋਜਨਾ ਪੰਜਾਬ ਦੇ ਹਰੇਕ ਵਾਸੀ ਲਈ ਹੈ। ਇਸ ਯੋਜਨਾ ਤਹਿਤ ਜਾਤ, ਧਰਮ ਜਾਂ ਕੋਈ ਸਿਆਸੀ ਭੇਦਭਾਵ ਨਹੀਂ ਹੋਵੇਗਾ। ਸਪੀਕਰ ਨੇ ਸੂਬਾ ਵਾਸੀਆਂ ਨੂੰ ਨਿਯਮਤ ਕਸਰਤ ਤੇ ਯੋਗਾ ਕਰਨ ਦੀ ਸਲਾਹ ਵੀ ਦਿੱਤੀ ਤਾਂ ਜੋ ਉਨ੍ਹਾਂ ਦਾ ਜੀਵਨ ਚੰਗੀ ਸਿਹਤ ਤੇ ਖੁਸ਼ੀਆਂ ਨਾਲ ਭਰਪੂਰ ਹੋਵੇ।

ਭਾਰਤ ਦੇ ਚੋਣ ਕਮਿਸ਼ਨ ਵੱਲੋਂ ਲੋਕਤੰਤਰ ਤੇ ਚੋਣ ਪ੍ਰਬੰਧਨ 'ਤੇ ਅੰਤਰਰਾਸ਼ਟਰੀ ਕਾਨਫ਼ਰੰਸ ਦੌਰਾਨ ਡਿਜੀਟਲ ਪਲੇਟਫਾਰਮ ਈਸੀਆਈ-ਨੈੱਟ ਦੀ ਸ਼ੁਰੂਆਤ

ਚੰਡੀਗੜ੍ਹ, 22 ਜਨਵਰੀ (ਚ.ਨ.ਸ.): ਭਾਰਤ ਦੇ ਚੋਣ ਕਮਿਸ਼ਨ (ਈ.ਸੀ.ਆਈ.) ਨੇ ਅੱਜ ਲੋਕਤੰਤਰ ਤੇ ਚੋਣ ਪ੍ਰਬੰਧਨ 'ਤੇ ਅੰਤਰਰਾਸ਼ਟਰੀ ਕਾਨਫਰੰਸ (ਆਈਆਈਸੀਡੀਈਐਮ) 2026 ਵਿਖੇ ਚੋਣਾਂ ਨਾਲ ਸਬੰਧਤ ਸਾਰੀਆਂ ਜਾਣਕਾਰੀਆਂ ਤੇ ਸੇਵਾਵਾਂ ਲਈ ਆਪਣਾ ਵਨ-ਸਟਾਪ ਡਿਜੀਟਲ ਪਲੇਟਫਾਰਮ ਈਸੀਆਈ-ਨੈੱਟ ਲਾਂਚ ਕੀਤਾ ਹੈ। ਇਹ ਤਿੰਨ ਰੋਜ਼ਾ ਕਾਨਫਰੰਸ 21-23 ਜਨਵਰੀ ਤੱਕ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ ਕਰਵਾਈ ਜਾ ਰਹੀ ਹੈ। ਈਸੀਆਈ-ਨੈੱਟ ਦਾ ਵਿਚਾਰ ਭਾਰਤ ਦੇ ਮੁੱਖ ਚੋਣ ਕਮਿਸ਼ਨਰ (ਸੀ.ਈ.ਸੀ.) ਗਿਆਨੇਸ਼ ਕੁਮਾਰ, ਚੋਣ ਕਮਿਸ਼ਨਰ (ਈਸੀ) ਡਾ. ਸੁਖਬੀਰ ਸਿੰਘ ਸੰਧੂ ਅਤੇ ਡਾ. ਵਿਵੇਕ ਜੋਸ਼ੀ ਦੁਆਰਾ ਕੀਤਾ ਗਿਆ ਸੀ ਤੇ ਇਸਨੂੰ ਡਿਜ਼ਾਈਨ ਕਰਨ ਦਾ ਐਲਾਨ ਮਈ, 2025 ਵਿੱਚ ਕੀਤਾ ਗਿਆ। ਈਸੀਆਈ-ਨੈੱਟ ਦੇ ਲਾਂਚ ਮੌਕੇ ਬੋਲਦਿਆਂ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਦੱਸਿਆ ਕਿ ਇਸ ਪਲੇਟਫਾਰਮ ਨੂੰ ਕਾਨੂੰਨ ਦੀ ਸਖ਼ਤੀ ਨਾਲ ਪਾਲਣਾ ਕਰਦਿਆਂ ਤਿਆਰ ਕੀਤਾ ਗਿਆ ਹੈ ਤੇ ਇਹ 22 ਭਾਸ਼ਾਵਾਂ ਤੇ ਅੰਗਰੇਜ਼ੀ ਵਿੱਚ ਉਪਲਬਧ ਹੈ। ਉਨ੍ਹਾਂ ਨੇ ਦੁਨੀਆ ਭਰ ਦੀਆਂ ਚੋਣ ਪ੍ਰਬੰਧਨ ਸੰਸਥਾਵਾਂ ਨੂੰ ਆਪਣੇ ਦੇਸ਼ਾਂ ਲਈ ਕਾਨੂੰਨਾਂ ਦੀ ਪਾਲਣਾ ਤਹਿਤ ਆਪਣੀਆਂ ਸਬੰਧਤ ਭਾਸ਼ਾਵਾਂ ਵਿੱਚ ਅਜਿਹੇ ਹੀ ਡਿਜੀਟਲ ਪਲੇਟਫਾਰਮ ਵਿਕਸਿਤ ਕਰਨ ਲਈ ਭਾਰਤ ਨਾਲ ਸਹਿਯੋਗ ਕਰਨ ਦੀ ਪੇਸ਼ਕਸ਼ ਕੀਤੀ ਹੈ। ਆਪਣੀ ਪੇਸ਼ਕਾਰੀ ਦੌਰਾਨ ਡਾਇਰੈਕਟਰ ਜਨਰਲ ਸੂਚਨਾ ਤਕਨਾਲੋਜੀ ਡਾ. ਸੀਮਾ ਖੰਨਾ ਨੇ ਕਿਹਾ ਕਿ

ਸਾਈਬਰ ਸੁਰੱਖਿਆ ਈਸੀਆਈ-ਨੈੱਟ ਦੇ ਮੁੱਖ ਥੰਮ੍ਹਾਂ ਵਿੱਚੋਂ ਇੱਕ ਹੈ।

ਈਸੀਆਈ-ਨੈੱਟ ਦੁਨੀਆ ਦਾ ਸਭ ਤੋਂ ਵੱਡਾ ਚੋਣ ਸੇਵਾ ਪਲੇਟਫਾਰਮ ਹੈ ਜੋ ਭਾਰਤ ਦੇ ਚੋਣ ਕਮਿਸ਼ਨ ਦੇ 40 ਤੋਂ ਵੱਧ ਐਪਸ ਅਤੇ ਪੋਰਟਲਾਂ ਨੂੰ ਏਕੀਕ੍ਰਿਤ ਕਰਕੇ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੀਆਂ ਸਾਰੀਆਂ ਚੋਣ ਸੇਵਾਵਾਂ ਨੂੰ ਇੱਕ ਸਹਿਜ ਅਨੁਭਵ ਵਿੱਚ ਇੱਕਜੁਟ ਕਰਦਾ ਹੈ। ਇਹ ਪਲੇਟਫਾਰਮ ਭਾਰਤ ਦੇ ਸੰਵਿਧਾਨ, ਲੋਕ ਪ੍ਰਤੀਨਿਧਤਾ ਐਕਟ, 1950 ਅਤੇ 1951, ਵੋਟਰ ਰਜਿਸਟ੍ਰੇਸ਼ਨ ਨਿਯਮ, 1960 ਅਤੇ ਕੰਡਕਟ ਆਫ਼ ਇਲੈਕਸ਼ਨ ਰੂਲਜ਼, 1961 ਦੀ ਸਖ਼ਤੀ ਨਾਲ ਪਾਲਣਾ ਤਹਿਤ ਵਿਕਸਤ ਕੀਤਾ ਗਿਆ ਹੈ। ਈਸੀਆਈ-ਨੈੱਟ ਨਾਗਰਿਕਾਂ, ਉਮੀਦਵਾਰਾਂ, ਰਾਜਨੀਤਿਕ ਪਾਰਟੀਆਂ, ਚੋਣ ਅਧਿਕਾਰੀਆਂ ਨੂੰ ਇੱਕ ਥਾਂ 'ਤੇ ਜੋੜ ਕੇ ਵੋਟਰ ਰਜਿਸਟ੍ਰੇਸ਼ਨ, ਵੋਟਰ ਸੂਚੀ ਸਬੰਧੀ ਸਰਚ, ਅਰਜ਼ੀ ਨੂੰ ਟਰੈਕ ਕਰਨ, ਆਪਣੇ ਉਮੀਦਵਾਰ ਨੂੰ ਜਾਣਨ, ਚੋਣ ਅਧਿਕਾਰੀਆਂ ਨਾਲ ਜੁੜਨ, ਬੀ.ਐਲ.ਓਜ਼ਨ ਨਾਲ ਨਾਲ ਕਾਲ ਦਾ ਸਮਾਂ ਤੈਅ ਕਰਨ, ਈ-ਐਪਿਕ ਦੀ ਡਾਊਨਲੋਡਿੰਗ, ਪੋਲਿੰਗ ਰੁਝਾਨ, ਸ਼ਿਕਾਇਤ ਨਿਵਾਰਣ ਵਰਗੀਆਂ ਮੁੱਖ ਸੇਵਾਵਾਂ ਨੂੰ ਇੱਕ ਸੁਰੱਖਿਅਤ ਪਲੇਟਫਾਰਮ 'ਤੇ ਉਪਲੱਬਧ ਕਰਵਾਉਂਦਾ ਹੈ। ਬੀਟਾ ਵਰਜ਼ਨ ਦੇ ਰਿਲੀਜ਼ ਤੋਂ ਬਾਅਦ ਈਸੀਆਈ-ਨੈੱਟ ਨੇ ਹੁਣ ਤੱਕ 10 ਕਰੋੜ ਤੋਂ ਵੱਧ ਰਜਿਸਟ੍ਰੇਸ਼ਨ ਫਾਰਮਾਂ ਦਾ ਨਿਬੇੜਾ ਕੀਤਾ ਹੈ, ਜੋ ਔਸਤਨ 2.7 ਲੱਖ ਫਾਰਮ ਪ੍ਰਤੀ ਦਿਨ ਬਣਦਾ ਹੈ। ਇਸ ਪਲੇਟਫਾਰਮ 'ਤੇ 11 ਲੱਖ ਤੋਂ ਵੱਧ ਬੂਥ ਲੈਵਲ ਅਫਸਰ (ਬੀਐਲਓ) ਰਜਿਸਟਰਡ ਹਨ। ਐਸ.ਆਈ.ਆਰ. ਦੀ ਪ੍ਰਕਿਰਿਆ ਦੌਰਾਨ ਹੁਣ ਤੱਕ ਇਸ ਪਲੇਟਫਾਰਮ ਰਾਹੀਂ 150 ਕਰੋੜ ਤੋਂ ਵੱਧ ਦਸਤਾਵੇਜਾਂ ਨੂੰ ਡਿਜੀਟਾਈਜ਼ ਕੀਤਾ ਗਿਆ ਹੈ। ਈਸੀਆਈ-ਨੈੱਟ ਜ਼ਮੀਨੀ ਪੱਧਰ 'ਤੇ ਕਰਮਚਾਰੀਆਂ ਦੀ ਨਿਗਰਾਨੀ ਲਈ ਇੱਕ ਸਹਿਜ ਵਿਧੀ ਵੀ ਪ੍ਰਦਾਨ ਕਰਦਾ ਹੈ।

ਦਿੱਲੀ ਗੁਰਦੁਆਰਾ ਕਮੇਟੀ ਸੱਜਣ ਕੁਮਾਰ ਨੂੰ ਬਰੀ ਕਰਨ ਦੇ ਫੈਸਲੇ ਨੂੰ ਹਾਈ ਕੋਰਟ 'ਚ ਚੁਣੌਤੀ ਦੇਵੇਗੀ : ਕਾਲਕਾ, ਕਾਹਲੋਂ

ਨਵੀਂ ਦਿੱਲੀ, 22 ਜਨਵਰੀ (ਅੰਮ੍ਰਿਤਪਾਲ ਸਿੰਘ): ਦਿੱਲੀ ਦੀ ਰੋਜ਼

ਅਵੈਨਿਊ ਕੋਰਟ ਵੱਲੋਂ 1984 ਦੇ ਸਿੱਖ ਕਤਲੇਆਮ ਦੇ ਕੇਸ ਵਿਚ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਬਰੀ ਕੀਤੇ ਜਾਣ ਦੇ ਫੈਸਲੇ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ ਹਾਈ ਕੋਰਟ ਵਿਚ ਚੁਣੌਤੀ ਦੇਵੇਗੀ। ਇਹ ਪ੍ਰਗਟਾਵਾ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕੀਤਾ ਹੈ। ਅਦਾਲਤ ਦੇ ਫੈਸਲੇ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਕਾਲਕਾ ਤੇ ਕਾਹਲੋਂ ਨੇ ਕਿਹਾ ਕਿ 1 ਤੇ 2 ਨਵੰਬਰ 1984 ਨੂੰ 3 ਸਿੱਖਾਂ ਦਾ ਕਤਲੇਆਮ ਹੋਇਆ ਸੀ ਅਤੇ ਇਸ ਕੇਸ ਵਿਚ 5 ਗਵਾਹਾਂ ਨੇ ਆਪਣੇ ਬਿਆਨ ਦਰਜ ਕਰਵਾਏ ਸਨ ਕਿ ਕਤਲ ਕਰਨ ਵਾਲੀ ਭੀੜ ਦੀ ਅਗਵਾਈ ਸੱਜਣ ਕੁਮਾਰ ਨੇ ਕੀਤੀ ਸੀ। ਉਨ੍ਹਾਂ ਕਿਹਾ ਕਿ ਇਸਦੇ ਬਾਵਜੂਦ ਅਦਾਲਤ ਨੇ ਸੱਜਣ ਕੁਮਾਰ ਨੂੰ ਬਰੀ ਕਰਨ ਦਾ ਫੈਸਲਾ ਸੁਣਾਇਆ ਹੈ। ਉਹਨਾਂ ਦੱਸਿਆ ਕਿ ਅਦਾਲਤ ਦੇ ਫੈਸਲੇ ਦੀ ਕਾਪੀ ਲੈ ਕੇ ਉਸਨੂੰ ਬਾਰੀਕੀ ਨਾਲ ਘੋਖਿਆ ਜਾਵੇਗਾ ਤੇ ਇਸ ਉਪਰੰਤ ਇਸ ਫੈਸਲੇ ਨੂੰ ਦਿੱਲੀ ਗੁਰਦੁਆਰਾ ਕਮੇਟੀ ਦੀ ਲੀਗਲ ਟੀਮ ਵੱਲੋਂ ਦਿੱਲੀ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਜਾਵੇਗੀ। ਉਹਨਾਂ ਕਿਹਾ ਕਿ ਗਵਾਹਾਂ ਦੀ ਗਵਾਹੀ ਹਾਈ ਕੋਰਟ ਵਿਚ ਕਰਵਾ ਕੇ ਸੱਜਣ ਕੁਮਾਰ ਨੂੰ ਇਸ ਮਾਮਲੇ ਵਿਚ ਵੀ ਸਜ਼ਾ ਮਿਲਣੀ ਯਕੀਨੀ ਬਣਾਈ ਜਾਵੇਗੀ। ਉਹਨਾਂ ਦੱਸਿਆ ਕਿ ਅਦਾਲਤ ਦੇ ਅੱਜ ਦੇ ਫੈਸਲੇ ਨਾਲ ਸਿੱਖ ਕੌਮ ਦੇ ਮਨਾਂ ਨੂੰ ਡੂੰਘੀ ਸੱਟ ਵੱਜੀ ਹੈ ਕਿਉਂਕਿ 42 ਸਾਲਾਂ ਬਾਅਦ ਵੀ ਦੋਸ਼ੀ ਨੂੰ ਬਰੀ ਕੀਤੇ ਜਾਣਾ ਬਹੁਤ ਦੁਖਦਾਈ ਹੈ। ਉਹਨਾਂ ਦੱਸਿਆ ਕਿ ਇਸ ਮਾਮਲੇ ਵਿਚ ਮੁੱਖ ਸ਼ਿਕਾਇਤਕਰਤਾ ਹਰਵਿੰਦਰ ਸਿੰਘ ਕੋਹਲੀ ਦੀ ਮੌਤ ਹੋ ਚੁੱਕੀ ਹੈ ਜਿਸ ਕਾਰਨ ਉਹ ਆਪਣੀ ਗਵਾਹੀ ਨਹੀਂ ਦੇ ਪਾਇਆ। ਉਹਨਾਂ ਕਿਹਾ ਕਿ ਇਸ ਕੇਸ ਦਾ ਮੁੱਖ ਗਵਾਹ ਹਰਵਿੰਦਰ ਸਿੰਘ ਕੋਹਲੀ ਸੀ ਜਿਸਦੇ ਸਾਹਮਣੇ ਉਸਦੇ ਸਾਥੀਆਂ ਅਵਤਾਰ ਸਿੰਘ ਤੇ ਸੋਹਣ ਸਿੰਘ ਦਾ ਭੀੜ ਵੱਲੋਂ ਕਤਲ ਕੀਤਾ ਗਿਆ ਸੀ। ਉਹਨਾਂ ਕਿਹਾ ਕਿ ਇਸਦੀ ਗਵਾਹੀ ਬਹੁਤ ਅਹਿਮ ਸੀ ਪਰ ਮੌਤ ਹੋਣ ਕਾਰਨ ਗਵਾਹੀ ਰਹਿ ਗਈ।

ਉਹਨਾਂ ਇਹ ਵੀ ਦੱਸਿਆ ਕਿ ਪਹਿਲੇ ਕੇਸਾਂ ਵਿਚ ਮਿਲੀ ਉਮਰ ਕੈਦ ਦੀ ਸਜ਼ਾ ਦੀ ਬਦੌਲਤ ਸੱਜਣ ਕੁਮਾਰ ਜੇਲ੍ਹ ਵਿਚ ਹੀ ਰਹੇਗਾ ਤੇ ਬਾਹਰ ਨਹੀਂ ਆ ਸਕੇਗਾ। ਪੱਤਰਕਾਰਾਂ ਵੱਲੋਂ ਕੀਤੇ ਸਵਾਲ ਦੇ ਜਵਾਬ ਵਿਚ ਉਹਨਾਂ ਦੱਸਿਆ ਕਿ ਸੱਜਣ ਕੁਮਾਰ ਭਾਵੇਂ ਜੋ ਮਰਜ਼ੀ ਬਿਆਨਬਾਜ਼ੀ ਕਰਦਾ ਰਹੇ ਪਰ ਪਰ ਅਸਲੀਅਤ ਇਹ ਹੈ ਕਿ ਉਸਨੇ ਆਪਣੇ ਸੰਸਦੀ ਹਲਕੇ ਪੱਛਮੀ ਦਿੱਲੀ ਵਿਚ ਭੀੜ ਨੂੰ ਭੜਕਾਇਆ ਸੀ ਤੇ ਇਸ ਮਾਮਲੇ ਵਿਚ ਉਸਦੇ ਖਿਲਾਫ ਕੇਸ ਵੀ ਚਲ ਰਹੇ ਹਨ ਅਤੇ ਹੋਰ ਕੇਸਾਂ ਵਿਚ ਹੋਈ ਉਮਰ ਕੈਦ ਦੀ ਸਜ਼ਾ ਵੀ ਉਹ ਭੁਗਤ ਰਿਹਾ ਹੈ ਜਿਸ ਤੋਂ ਸਾਬਤ ਹੁੰਦਾ ਹੈ ਕਿ ਸੱਜਣ ਕੁਮਾਰ ਭੀੜ ਦੀ ਅਗਵਾਈ ਕਰ ਰਿਹਾ ਸੀ। ਉਹਨਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ 1984 ਦੇ ਸਿੱਖ ਕਤਲੇਆਮ ਦੇ ਸਾਰੇ ਕੇਸਾਂ ਵਿਚ ਦੋਸ਼ੀਆਂ ਨੂੰ ਸਜ਼ਾਵਾਂ ਦੁਆਉਣ ਲਈ ਵਚਨਬੱਧ ਹੈ ਤੇ ਉਹ ਪੂਰੀ ਸੰਜੀਦਗੀ ਨਾਲ ਕੇਸਾਂ ਦੀ ਪੈਰਵੀ ਕਰ ਰਹੀ ਹੈ ਤੇ ਹਮੇਸ਼ਾ ਕਰਦੀ ਰਹੇਗੀ।

ਦਿੱਲੀ ਦੀ ਅਦਾਲਤ ਵੱਲੋਂ ਈਡੀ ਕੇਸ ਵਿੱਚ ਅਰਵਿੰਦ ਕੇਜਰੀਵਾਲ ਬਰੀ: ਅਮਨ ਅਰੋੜਾ

ਚੰਡੀਗੜ੍ਹ, 22 ਜਨਵਰੀ (ਅੰਮ੍ਰਿਤਪਾਲ ਸਿੰਘ): ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ

ਸੰਪਾਦਕੀ

ਆਰਟੀਫੀਸ਼ੀਅਲ ਇੰਟੈਲੀਜੈਂਸ ਤੇ ਜ਼ੋਖਮ

ਕੋਈ ਵੀ ਤਕਨਾਲੋਜੀ, ਜੇਕਰ ਇਹ ਮਨੁੱਖਾਂ ਲਈ ਇੱਕ ਸਾਥੀ ਵਜੋਂ ਕੰਮ ਕਰਦੀ ਹੈ, ਤਾਂ ਬਿਨਾਂ ਸ਼ੱਕ ਲਾਭਦਾਇਕ ਹੋ ਸਕਦੀ ਹੈ, ਪਰ ਜੇਕਰ ਇਹ ਨਿਰਭਰਤਾ ਵੱਲ ਲੈ ਜਾਂਦੀ ਹੈ, ਤਾਂ ਇਸਦੇ ਵਿਨਾਸ਼ਕਾਰੀ ਨਤੀਜੇ ਵੀ ਹੋ ਸਕਦੇ ਹਨ। ਇਸ ਦ੍ਰਿਸ਼ਟੀਕੋਣ ਤੋਂ ਦੁਨੀਆ ਭਰ ਵਿੱਚ ਇੰਟਰਨੈੱਟ ਦੇ ਤੇਜ਼ੀ ਨਾਲ ਫੈਲਾਅ ਨੇ ਮਨੁੱਖਾਂ ਨੂੰ ਉਨ੍ਹਾਂ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ ਲਈ ਬਹੁਪੱਖੀ ਸਹੂਲਤਾਂ ਪ੍ਰਦਾਨ ਕੀਤੀਆਂ ਹਨ। ਹਾਲਾਂਕਿ, ਇਸਦੇ ਨਵੇਂ ਰੂਪ ਨੇ ਅਜਿਹੀਆਂ ਸਥਿਤੀਆਂ ਵੀ ਪੈਦਾ ਕੀਤੀਆਂ ਹਨ, ਜਿਨ੍ਹਾਂ ਨੂੰ ਦੂਰ ਕਰਨ ਲਈ ਇੱਕ ਮਹੱਤਵਪੂਰਨ ਚੁਣੌਤੀ ਪੇਸ਼ ਕੀਤੀ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ਲਈ ਵੱਖ-ਵੱਖ ਪਲੇਟਫਾਰਮਾਂ ਨੇ ਅੱਜ ਵਿਆਪਕ ਪ੍ਰਸਿੱਧੀ ਪ੍ਰਾਪਤ ਕੀਤੀ ਹੈ, ਹਰ ਵਿਸ਼ੇ 'ਤੇ ਜਾਣਕਾਰੀ ਪ੍ਰਦਾਨ ਕਰਦੇ ਹਨ ਅਤੇ ਕਈ ਪੱਧਰਾਂ 'ਤੇ ਉਪਯੋਗਤਾ ਪ੍ਰਦਾਨ ਕਰਦੇ ਹਨ। ਇਸਦਾ ਇੱਕ ਪਹਿਲੂ ਇਸ ਤਕਨਾਲੋਜੀ ਨਾਲ ਸੰਚਾਰ ਹੈ, ਜਿੱਥੇ ਲਗਭਗ ਕਿਸੇ ਵੀ ਸਵਾਲ ਦਾ ਜਵਾਬ ਦਿੱਤਾ ਜਾ ਸਕਦਾ ਹੈ। ਇਹ ਇੱਕ ਵੱਖਰੀ ਗੱਲ ਹੈ ਕਿ ਮਨੁੱਖਾਂ ਨੂੰ ਇਸਦੀ ਸ਼ੁੱਧਤਾ ਜਾਂ ਗਲਤੀ ਦਾ ਮੁਲਾਂਕਣ ਕਰਨ ਲਈ ਆਪਣੀ ਵਿਵੇਕ ਦੀ ਵਰਤੋਂ ਕਰਨੀ ਚਾਹੀਦੀ ਹੈ। ਜਦੋਂ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਇਸ ਵਿਸ਼ੇਸ਼ਤਾ ਦਾ ਵਿਆਪਕ ਤੌਰ 'ਤੇ ਪ੍ਰਚਾਰ ਕੀਤਾ ਗਿਆ ਹੈ, ਜ਼ਿਆਦਾਤਰ ਲੋਕਾਂ ਕੋਲ ਇਸ ਦੀਆਂ ਸੀਮਾਵਾਂ ਅਤੇ ਇਸਦੀ ਵਰਤੋਂ ਲਈ ਸਹੀ ਸਿਖਲਾਈ ਬਾਰੇ ਠੋਸ ਜਾਣਕਾਰੀ ਦੀ ਘਾਟ ਹੈ। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਲੋਕ, ਖਾਸ ਕਰਕੇ ਬੱਚੇ, ਕਈ ਵਾਰ AI ਨਾਲ ਗੱਲਬਾਤ ਵਿੱਚ ਉਲਝ ਜਾਂਦੇ ਹਨ ਜਾਂ ਭਰਮ ਦੇ ਪ੍ਰਭਾਵ ਹੇਠ ਇੱਥੋਂ ਤੱਕ ਕਿ ਪ੍ਰਤੀਕਿਰਿਆਸ਼ੀਲ ਕਦਮ ਵੀ ਚੁੱਕਦੇ ਹਨ। ਔਨਲਾਈਨ ਗੇਮਾਂ ਖੇਡਦੇ ਸਮੇਂ ਬੱਚਿਆਂ ਦੁਆਰਾ ਖ਼ੁਦਕੁਸ਼ੀ ਕਰਨ ਦੀਆਂ ਰਿਪੋਰਟਾਂ ਆਈਆਂ ਹਨ, ਪਰ ਹੁਣ, ਕੁਝ ਮਾਮਲਿਆਂ ਵਿੱਚ, AI ਪਰਸਪਰ ਪ੍ਰਭਾਵ ਨੂੰ ਕਤਲ ਲਈ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ। ਇਹ ਧਿਆਨ ਦੇਣ ਯੋਗ ਹੈ ਕਿ ਸੈਨ ਫਰਾਂਸਿਸਕੋ, ਕਨੈਕਟੀਕਟ ਵਿੱਚ ਇੱਕ ਤ੍ਰੀਤਾਸੀ ਸਾਲਾ ਔਰਤ ਦੇ ਪਰਿਵਾਰ ਨੇ ਓਪਨਏਆਈ ਅਤੇ ਮਾਈਕ੍ਰੋਸਾਫਟ ਦੇ ਖਿਲਾਫ ਮੁਕੱਦਮਾ ਦਾਇਰ ਕੀਤਾ ਹੈ, ਜਿਸ ਵਿੱਚ ਕਤਲ ਅਤੇ ਖ਼ੁਦਕੁਸ਼ੀ ਵਿੱਚ ਚੈਟਜੀਪੀਟੀ ਦੀ ਭੂਮਿਕਾ ਦਾ ਦੋਸ਼ ਲਗਾਇਆ ਗਿਆ ਹੈ। ਇਹ ਦੋਸ਼ ਲਗਾਇਆ ਗਿਆ ਹੈ ਕਿ ਏਆਈ ਚੈਟਬੋਟ ਨੇ ਪੁੱਤਰ ਦੇ ਭੰਬਲਭੂਸੇ ਅਤੇ ਉਸਦੀ ਮਾਂ ਪ੍ਰਤੀ ਸ਼ੱਕ ਨੂੰ ਹਵਾ ਦਿੱਤੀ, ਜਿਸ ਨਾਲ ਉਸਨੇ ਉਸਨੂੰ ਕਤਲ ਕਰ ਦਿੱਤਾ ਅਤੇ ਫਿਰ ਖ਼ੁਦਕੁਸ਼ੀ ਕਰ ਲਈ। ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਸ ਏਆਈ ਨੇ ਕਾਤਲ ਵਿੱਚ ਸ਼ੱਕ ਅਤੇ ਡਰ ਦੀ ਡੂੰਘੀ ਭਾਵਨਾ ਪੈਦਾ ਕੀਤੀ, ਨਾ ਸਿਰਫ ਸਾਰਿਆਂ ਪ੍ਰਤੀ, ਸਗੋਂ ਉਸਦੀ ਆਪਣੀ ਮਾਂ ਪ੍ਰਤੀ ਵੀ। ਉਹ ਹੁਣ ਚੈਟਜੀਪੀਟੀ ਤੋਂ ਇਲਾਵਾ ਕਿਸੇ 'ਤੇ ਵੀ ਭਰੋਸਾ ਨਹੀਂ ਕਰਦਾ ਸੀ। ਅਜਿਹੀਆਂ ਬਹੁਤ ਸਾਰੀਆਂ ਘਟਨਾਵਾਂ ਦਰਸਾਉਂਦੀਆਂ ਹਨ ਕਿ ਹਰ ਕੰਮ ਲਈ ਏਆਈ ਜਾਂ ਆਧੁਨਿਕ ਤਕਨਾਲੋਜੀ 'ਤੇ ਬਹੁਤ ਜ਼ਿਆਦਾ ਨਿਰਭਰਤਾ ਇੱਕ ਵਿਅਕਤੀ ਦੀ ਹਮਦਰਦੀ, ਆਤਮ-ਵਿਸ਼ਵਾਸ ਅਤੇ ਇੱਥੋਂ ਤੱਕ ਕਿ ਜ਼ਮੀਰ ਨੂੰ ਕਿਵੇਂ ਅਧਰੰਗ ਕਰ ਸਕਦੀ ਹੈ, ਜਿਸ ਨਾਲ ਉਹ ਸੋਚ-ਸਮਝ ਕੇ ਜਵਾਬ ਦੇਣ ਦੇ ਯੋਗ ਨਹੀਂ ਰਹਿੰਦੇ। ਅੱਜ, ਅਸੀਂ ਦੇਖ ਸਕਦੇ ਹਾਂ ਕਿ ਕਿਵੇਂ, ਆਧੁਨਿਕ ਤਕਨਾਲੋਜੀ 'ਤੇ ਆਪਣੇ ਜ਼ਿਆਦਾ ਜ਼ੋਰ ਅਤੇ ਇਸ ਵਿੱਚ ਡੁੱਬਣ ਨਾਲ, ਲੋਕ ਮਨੁੱਖਤਾ ਅਤੇ ਹਮਦਰਦੀ ਦੇ ਮੁੱਲਾਂ ਨੂੰ ਘਟੀਆ ਜਾਂ ਸੈਕੰਡਰੀ ਸਮਝਣ ਲੱਗ ਪਏ ਹਨ। ਅਜਿਹੀ ਸਥਿਤੀ ਵਿੱਚ ਇੱਕ ਵਿਅਕਤੀ ਅਕਸਰ ਦੂਜੇ ਵਿਅਕਤੀ ਦੇ ਸ਼ਬਦਾਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖ ਸਕਦਾ ਹੈ ਜਾਂ ਉਹਨਾਂ ਨੂੰ ਅਧੂਰਾ ਸਮਝ ਸਕਦਾ ਹੈ, ਪਰ ਉਸੇ ਸੰਦਰਭ ਵਿੱਚ, ਉਹ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਸ਼ਬਦਾਂ ਨੂੰ ਵਧੇਰੇ ਭਰੋਸੇਯੋਗ ਅਤੇ ਸ਼ੱਕ ਤੋਂ ਪਰੇ ਮੰਨਦਾ ਹੈ। ਹਾਲਾਂਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਸੀਮਾ ਇਸਦੀ ਮਕੈਨੀਕਲ ਪ੍ਰਕਿਰਤੀ ਹੈ, ਜਿਸਦੀ ਤੁਲਨਾ ਮਨੁੱਖੀ ਚੇਤਨਾ ਅਤੇ ਜ਼ਮੀਰ ਨਾਲ ਨਹੀਂ ਕੀਤੀ ਜਾ ਸਕਦੀ। ਜਦੋਂ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਭੂਮਿਕਾ ਇੱਕ ਵਿਸ਼ਾਲ ਸੰਦਰਭ ਵਿੱਚ ਨਿਸ਼ਚਤ ਤੌਰ 'ਤੇ ਫੈਲ ਰਹੀ ਹੈ, ਇਸ 'ਤੇ ਪੂਰੀ ਨਿਰਭਰਤਾ ਆਪਣੇ ਜੋਖਮ ਪੈਦਾ ਕਰਦੀ ਹੈ।

-ਜਗਜੀਤ ਸਿੰਘ ਦਰਦੀ

ਆਓ, ਕਿਤੋਂ ਗੁਆਚਿਆ ਪੰਜਾਬ ਲੱਭ ਲਿਆਈਏ

ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਪ੍ਰਵਾਸ ਨੇ ਪੰਜਾਬ ਵਿੱਚ ਬ੍ਰੇਨ ਡਰੇਨ ਪੈਦਾ ਕਰ ਦਿੱਤਾ ਹੈ, ਖ਼ਤਰਨਾਕ ਡੈਮੋਗ੍ਰਾਫਿਕ ਬਦਲਾਅ ਵੀ ਡਰਾਉਣਾ ਹੋਇਆ

ਅੱਜ ਖੇਤੀਬਾੜੀ ਵਿੱਚ ਰੁਚੀ ਘੱਟ ਰਹੀ ਹੈ ਕਿਉਂਕਿ ਖੇਤੀ ਲਾਗਤ ਵੱਧ ਰਹੀ ਹੈ, ਫਸਲਾਂ ਦੇ ਭਾਅ ਸਥਿਰ ਨਹੀਂ ਅਤੇ ਜ਼ਮੀਨਾਂ ਦੀ ਵੰਡ ਛੋਟੀ ਹੋ ਰਹੀ ਹੈ। ਗ੍ਰੀਨ ਰੈਵੋਲੂਸ਼ਨ ਦੇ ਚੱਕਰ ਵਿੱਚ ਫਸੇ ਕਿਸਾਨ ਅੱਜ ਕਰਜ਼ੇ ਦੇ ਬੋਝ ਹੇਠ ਦੱਬੇ ਹੋਏ ਹਨ। 2025 ਵਿੱਚ ਪੰਜਾਬ ਦੇ ਕਿਸਾਨਾਂ ਦਾ ਕੁੱਲ ਕਰਜ਼ਾ 1 ਲੱਖ ਕਰੋੜ ਰੁਪਏ ਤੋਂ ਵੱਧ ਹੋ ਗਿਆ ਹੈ, ਜਿਸ ਵਿੱਚੋਂ 85,460 ਕਰੋੜ ਵਪਾਰਕ ਬੈਂਕਾਂ ਨੂੰ ਅਤੇ ਬਾਕੀ ਸਹੂਲਤੀ ਸੰਸਥਾਵਾਂ ਨੂੰ। ਔਸਤਨ ਇੱਕ ਕਿਸਾਨ ਘਰ ਦਾ ਕਰਜ਼ਾ 2 ਲੱਖ ਰੁਪਏ ਤੋਂ ਵੱਧ ਹੈ। MSP ਦੀ ਕਾਨੂੰਨੀ ਗਰੰਟੀ ਨਾ ਹੋਣ ਕਾਰਨ ਆਮਦਨ ਅਸਥਿਰ ਹੈ। 2025 ਵਿੱਚ ਖਰੀਫ਼ ਸੀਜ਼ਨ ਵਿੱਚ ਧਾਨ ਦੀ ਖਰੀਦ ਵਿੱਚ ਦੇਰੀ ਅਤੇ ਘੱਟ ਭਾਅ ਕਾਰਨ ਕਿਸਾਨਾਂ ਨੂੰ 4,185 ਤੋਂ 5,390 ਕਰੋੜ ਰੁਪਏ ਦਾ ਨੁਕਸਾਨ ਹੋਇਆ। ਅੱਜ ਜਲਵਾਯੂ ਤਬਦੀਲੀ ਕਾਰਨ ਵੀ ਫਸਲਾਂ ਨੂੰ ਨੁਕਸਾਨ ਹੋ ਰਿਹਾ ਹੈ — ਹੜ੍ਹ, ਸੋਕਾ ਅਤੇ ਅਣਸੁਖਾਵੀਂ ਮੌਸਮ। ਇਸ ਤੋਂ ਇਲਾਵਾ, ਨਸ਼ਿਆਂ ਦੀ ਸਮੱਸਿਆ ਨੇ ਪੰਜਾਬ ਨੂੰ ਖੋਖਲਾ ਕਰ ਦਿੱਤਾ ਹੈ। ਯੁੱਧ ਨਸ਼ੇ ਵਿਰੁੱਧ ਮੁਹਿੰਮ ਹੇਠ 2025 ਵਿੱਚ ਪੰਜਾਬ ਪੁਲਿਸ ਨੇ 2,021 ਕਿਲੋ ਹੈਰੋਇਨ, 26 ਕਿਲੋ ਆਈਸ, 698 ਕਿਲੋ ਅਫੀਮ ਅਤੇ ਲੱਖਾਂ ਨਸ਼ੀਲੀਆਂ ਗੋਲੀਆਂ ਜ਼ਬਤ ਕੀਤੀਆਂ, 39,867 ਗ੍ਰਿਫ਼ਤਾਰੀਆਂ ਕੀਤੀਆਂ।

ਆਓ ਕੇਤੀਬਾੜੀ ਵਿੱਚ ਰੁਚੀ ਘੱਟ ਰਹੀ ਹੈ ਕਿਉਂਕਿ ਖੇਤੀ ਲਾਗਤ ਵੱਧ ਰਹੀ ਹੈ, ਫਸਲਾਂ ਦੇ ਭਾਅ ਸਥਿਰ ਨਹੀਂ ਅਤੇ ਜ਼ਮੀਨਾਂ ਦੀ ਵੰਡ ਛੋਟੀ ਹੋ ਰਹੀ ਹੈ। ਗ੍ਰੀਨ ਰੈਵੋਲੂਸ਼ਨ ਦੇ ਚੱਕਰ ਵਿੱਚ ਫਸੇ ਕਿਸਾਨ ਅੱਜ ਕਰਜ਼ੇ ਦੇ ਬੋਝ ਹੇਠ ਦੱਬੇ ਹੋਏ ਹਨ। 2025 ਵਿੱਚ ਪੰਜਾਬ ਦੇ ਕਿਸਾਨਾਂ ਦਾ ਕੁੱਲ ਕਰਜ਼ਾ 1 ਲੱਖ ਕਰੋੜ ਰੁਪਏ ਤੋਂ ਵੱਧ ਹੋ ਗਿਆ ਹੈ, ਜਿਸ ਵਿੱਚੋਂ 85,460 ਕਰੋੜ ਵਪਾਰਕ ਬੈਂਕਾਂ ਨੂੰ ਅਤੇ ਬਾਕੀ ਸਹੂਲਤੀ ਸੰਸਥਾਵਾਂ ਨੂੰ। ਔਸਤਨ ਇੱਕ ਕਿਸਾਨ ਘਰ ਦਾ ਕਰਜ਼ਾ 2 ਲੱਖ ਰੁਪਏ ਤੋਂ ਵੱਧ ਹੈ। MSP ਦੀ ਕਾਨੂੰਨੀ ਗਰੰਟੀ ਨਾ ਹੋਣ ਕਾਰਨ ਆਮਦਨ ਅਸਥਿਰ ਹੈ। 2025 ਵਿੱਚ ਖਰੀਫ਼ ਸੀਜ਼ਨ ਵਿੱਚ ਧਾਨ ਦੀ ਖਰੀਦ ਵਿੱਚ ਦੇਰੀ ਅਤੇ ਘੱਟ ਭਾਅ ਕਾਰਨ ਕਿਸਾਨਾਂ ਨੂੰ 4,185 ਤੋਂ 5,390 ਕਰੋੜ ਰੁਪਏ ਦਾ ਨੁਕਸਾਨ ਹੋਇਆ।

ਅੱਜ ਜਲਵਾਯੂ ਤਬਦੀਲੀ ਕਾਰਨ ਵੀ ਫਸਲਾਂ ਨੂੰ ਨੁਕਸਾਨ ਹੋ ਰਿਹਾ ਹੈ — ਹੜ੍ਹ, ਸੋਕਾ ਅਤੇ ਅਣਸੁਖਾਵੀਂ ਮੌਸਮ। ਇਸ ਤੋਂ ਇਲਾਵਾ, ਨਸ਼ਿਆਂ ਦੀ ਸਮੱਸਿਆ ਨੇ ਪੰਜਾਬ ਨੂੰ ਖੋਖਲਾ ਕਰ ਦਿੱਤਾ ਹੈ। ਯੁੱਧ ਨਸ਼ੇ ਵਿਰੁੱਧ ਮੁਹਿੰਮ ਹੇਠ 2025 ਵਿੱਚ ਪੰਜਾਬ ਪੁਲਿਸ ਨੇ 2,021 ਕਿਲੋ ਹੈਰੋਇਨ, 26 ਕਿਲੋ ਆਈਸ, 698 ਕਿਲੋ ਅਫੀਮ ਅਤੇ ਲੱਖਾਂ ਨਸ਼ੀਲੀਆਂ ਗੋਲੀਆਂ ਜ਼ਬਤ ਕੀਤੀਆਂ, 39,867 ਗ੍ਰਿਫ਼ਤਾਰੀਆਂ ਕੀਤੀਆਂ। ਪਰ ਨਸ਼ੇ ਦਾ ਜਾਲ ਅਜੇ ਵੀ ਵੱਡਾ ਹੈ। ਗੈਂਗਸਟਰੀ ਵੀ ਵਧ ਰਹੀ ਹੈ, 2025 ਵਿੱਚ 925 ਗੈਂਗਸਟਰ ਗ੍ਰਿਫ਼ਤਾਰ ਹੋਏ, 416 ਮਾਡਿਊਲ ਤਬਾਹ ਕੀਤੇ ਗਏ। 2026 ਦੇ ਸ਼ੁਰੂ ਵਿੱਚ ਹੀ ਟਾਰਗੇਟ ਕਿਲਿੰਗਾਂ ਵਧੀਆਂ ਹਨ, ਜਿਨ੍ਹਾਂ ਵਿੱਚ ਗੈਂਗ ਵਾਰ ਅਤੇ ਟਰਾਂਸਨੈਸ਼ਨਲ ਅਪਰਾਧੀ ਨੈੱਟਵਰਕ ਸ਼ਾਮਲ ਹਨ।

ਅੱਜ ਐਕਸਟਾਰਸ਼ਨ, ਗ੍ਰਨੇਡ ਹਮਲੇ ਅਤੇ ਰਾਜਨੀਤਿਕ ਸਬੰਧ ਵਾਲੇ ਗੈਂਗ ਵਧੇ ਹਨ। ਪੁਲਿਸ 'ਤੇ ਵੀ ਭ੍ਰਿਸ਼ਟਾਚਾਰ ਦੇ ਦੋਸ਼ ਲੱਗ ਰਹੇ ਹਨ, ਜਿਵੇਂ ਕਿ 329 ਵੱਲੋਂ 497 ਨੂੰ ਗ੍ਰਿਫ਼ਤਾਰ ਕਰਨਾ। ਇਹ ਸਭ ਮਿਲ ਕੇ ਨੌਜਵਾਨਾਂ ਨੂੰ ਅਸੁਰੱਖਿਅਤ ਮਹਿਸੂਸ ਕਰਵਾਉਂਦੇ ਹਨ ਅਤੇ ਉਹ ਵਿਦੇਸ਼ ਵੱਲ ਭੱਜਦੇ ਹਨ।

ਅੱਜ ਪ੍ਰਵਾਸ ਨੇ ਪੰਜਾਬ ਵਿੱਚ ਬ੍ਰੇਨ ਡਰੇਨ ਪੈਦਾ ਕਰ ਦਿੱਤਾ ਹੈ। ਸਿੱਖਿਅਤ, ਊਰਜਾਵਾਨ ਨੌਜਵਾਨ ਵਿਦੇਸ਼ ਚਲੇ ਜਾਂਦੇ ਹਨ ਅਤੇ ਇੱਥੇ ਬੁੱਢੇ, ਬੱਚੇ ਅਤੇ ਘੱਟ ਸਿੱਖਿਅਤ ਮਜ਼ਦੂਰ ਰਹਿ ਜਾਂਦੇ ਹਨ। ਡੈਮੋਗ੍ਰਾਫਿਕ ਬਦਲਾਅ ਵੀ ਵੇਖਣ ਨੂੰ ਮਿਲ ਰਿਹਾ ਹੈ, ਯੂ.ਪੀ., ਬਿਹਾਰ ਤੋਂ ਮਜ਼ਦੂਰ ਆ ਰਹੇ ਹਨ, ਜੋ ਖੇਤੀ ਅਤੇ ਉਦਯੋਗ ਵਿੱਚ ਕੰਮ ਕਰ ਰਹੇ ਹਨ। ਇਹ ਬਦਲਾਅ ਕੁਝ ਲੋਕਾਂ ਵਿੱਚ ਡਰ ਪੈਦਾ ਕਰ ਰਿਹਾ ਹੈ, ਜਿਸ ਨਾਲ ਸਮਾਜਿਕ ਤਣਾਅ ਵਧ ਰਿਹਾ ਹੈ। ਪਰਿਵਾਰ ਟੁੱਟ ਰਹੇ ਹਨ, ਬੱਚੇ ਮਾਪਿਆਂ ਤੋਂ ਦੂਰ ਹੋ ਰਹੇ ਹਨ ਅਤੇ ਮਾਨਸਿਕ ਤਣਾਅ ਵਧ ਰਿਹਾ ਹੈ।

ਅੱਜ ਸਾਹਿਤ ਅਤੇ ਸੱਭਿਆਚਾਰ ਵੀ ਇਸ ਸੰਕਟ ਤੋਂ ਪ੍ਰਭਾਵਿਤ ਹਨ। ਅੱਜ ਦਾ ਪੰਜਾਬੀ ਸਾਹਿਤ ਅਕਸਰ ਖੋਖਲਾ ਲੱਗਦਾ ਹੈ। ਬਹੁਤੇ ਲੇਖਕ ਅਸਲੀਅਤ ਤੋਂ ਮੂੰਹ ਮੋੜ ਲੈਂਦੇ ਹਨ, ਰੋਮਾਂਟਿਕਤਾ ਜਾਂ ਨਾਸਟੈਲਜੀਆ ਵਿੱਚ ਖੋ ਜਾਂਦੇ ਹਨ। ਅਸਲ ਦਰਦ ਕਿਸਾਨਾਂ ਦਾ ਕਰਜ਼ਾ, ਨੌਜਵਾਨਾਂ ਦਾ ਪ੍ਰਵਾਸ, ਨਸ਼ੇ ਦੀ ਤਬਾਹੀ ਨੂੰ ਘੱਟ ਬਿਆਨ ਕੀਤਾ ਜਾਂਦਾ ਹੈ।

ਅੱਜ ਪੰਜਾਬ ਦੀ ਰਾਜਨੀਤੀ ਵੀ ਗੰਦੀ ਖੇਡ ਬਣ ਗਈ ਹੈ। ਤੂੰ ਤੂੰ ਮੈਂ ਮੈਂ ਵਾਲੀ ਰਾਜਨੀਤੀ ਵਿੱਚ ਪੰਜਾਬ ਦੀ ਭਲਾਈ ਭੁੱਲ ਗਈ ਹੈ। ਧਨੀ ਕਿਸਾਨ ਅਤੇ ਪੁਸ਼ਤਪਨਾਹੀ ਵਰਗ ਵੱਖਰੇ ਹੋ ਰਹੇ ਹਨ, ਗਰੀਬੀ ਵੱਧ ਰਹੀ ਹੈ। ਰੈਮਿਟੈਂਸ ਆਉਂਦੇ ਹਨ, ਪਰ ਉਹ ਜ਼ਿਆਦਾਤਰ ਖਰਚੇ ਵਿੱਚ ਖਰਚ ਹੁੰਦੇ ਹਨ, ਉਤਪਾਦਕ ਨਿਵੇਸ਼ ਵਿੱਚ ਨਹੀਂ। ਪਰ ਇਹ ਸਭ ਅਜੇ ਵੀ ਬਦਲ ਸਕਦਾ ਹੈ। ਪੰਜਾਬ ਦੀ ਮਿੱਟੀ ਵਿੱਚ ਅਜੇ ਵੀ ਉਹ ਤਾਕਤ ਹੈ ਜੋ ਬਹਾਦਰੀ ਅਤੇ ਇਮਾਨਦਾਰੀ ਨਾਲ ਲੜ ਸਕਦੀ ਹੈ।

ਅੱਜ ਗੁਰੂ ਨਾਨਕ ਦੇ ਸਿਧਾਂਤ, ਕਿਰਤ ਕਰੋ, ਵੰਡ ਛਕੋ, ਨਾਮ ਜਪੋ ਅੱਜ ਵੀ ਜਿਉਂਦੇ ਹਨ। ਸਰਕਾਰ ਨੂੰ ਰੁਜ਼ਗਾਰ ਪੈਦਾ ਕਰਨ ਵਾਲੀਆਂ ਨੀਤੀਆਂ ਬਣਾਉਣੀਆਂ ਪੈਣਗੀਆਂ: ਖੇਤੀ ਨੂੰ ਟਿਕਾਊ ਬਣਾਉਣਾ (ਜੈਵਿਕ ਖੇਤੀ, ਨਵੀਆਂ ਫਸਲਾਂ), ਉਦਯੋਗ ਨੂੰ ਵਧਾਉਣਾ (ਫੂਡ ਪ੍ਰੋਸੈਸਿੰਗ, ਟੈਕਸਟਾਈਲ), ਸਿੱਖਿਆ ਅਤੇ ਸਿਹਤ ਵਿੱਚ ਸੁਧਾਰ। ਨਸ਼ਿਆਂ ਅਤੇ ਗੈਂਗਸਟਰੀ ਵਿਰੁੱਧ ਸਖ਼ਤ ਕਾਰਵਾਈ ਜਾਰੀ ਰੱਖਣੀ ਪਵੇਗੀ। ਪ੍ਰਵਾਸ ਨੂੰ ਬ੍ਰੇਨ ਗੇਨ ਵਿੱਚ ਬਦਲਣ ਲਈ ਡਾਇਸਪੋਰਾ ਨਾਲ ਜੁੜਨਾ ਚਾਹੀਦਾ ਹੈ NRI ਨਿਵੇਸ਼, ਸਕਿੱਲ ਟਰਾਂਸਫਰ। ਜੇ ਅਸੀਂ ਇਹਨਾਂ ਕਦਮਾਂ ਨੂੰ ਨਹੀਂ ਚੁਕਿਆ ਤਾਂ ਪੰਜਾਬ ਸਿਰਫ਼ ਯਾਦਾਂ ਵਿੱਚ ਰਹਿ ਜਾਵੇਗਾ। ਬੁੱਢੇ ਮਾਂ-ਬਾਪ ਦੀਆਂ ਅੱਖਾਂ ਵਿੱਚ ਅੱਥਰੂ ਹੀ ਰਹਿ ਜਾਣਗੇ।

ਆਓ ਚਲੋ, ਇਸ ਗੁਆਚੇ ਪੰਜਾਬ ਨੂੰ ਲੱਭ ਲਿਆਈਏ। ਨਹੀਂ ਤਾਂ ਇੱਕ ਦਿਨ ਅਸੀਂ ਕਹਾਂਗੇ ਕਦੀ ਪੰਜਾਬ ਸੀ, ਪਰ ਹੁਣ ਨਹੀਂ। ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਕਦੀ ਵੀ ਮਾਫ਼ ਨਹੀਂ ਕਰਨਗੀਆਂ।

ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਖੱਖੜੀਆਂ-ਕਰੇਲੇ ਹੋਣ ਵੱਲ

ਕਮਲਜੀਤ ਸਿੰਘ ਬਨਵੈਤ
98147 34035

- ਹਰਿਆਣਾ ਦੇ ਸਿੱਖਾਂ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਤੇ ਲਗਾਇਆ ਜਾਂਦਾ ਰਿਹਾ ਪੱਖਪਾਤ ਦਾ ਦੋਸ਼, ਕਾਂਗਰਸ ਸਰਕਾਰ ਨੇ ਵੋਟਾਂ ਦੇ ਲਾਲਚ ਨੂੰ ਮੰਨੀ ਸੀ ਹਰਿਆਣਾ ਦੇ ਸਿੱਖ ਲੀਡਰਾਂ ਦੀ ਮੰਗ
- ਗੁਰਦੁਆਰਾ ਕਮੇਟੀ ਦੀ 2025 ਵਿੱਚ ਪਹਿਲੀ ਵਾਰ ਹੋਈ ਲੋਕਤੰਤਰੀ ਢੰਗ ਨਾਲ ਚੋਣ, ਇਸ ਤੋਂ ਪਹਿਲਾਂ ਹਰਿਆਣਾ ਸਰਕਾਰ ਕਰਦੀ ਰਹੀ ਸੀ ਅਹੁਦੇਦਾਰ ਤੇ ਮੈਂਬਰ ਨਾਮਜ਼ਦ
- ਸ਼੍ਰੋਮਣੀ ਕਮੇਟੀ ਅਤੇ ਹਰਿਆਣਾ ਕਮੇਟੀ ਅੰਦਰਲੇ ਕਈ ਮਸਲੇ ਹਾਲੇ ਤੱਕ ਵੀ ਨਹੀਂ ਹੋਏ ਹੱਲ
- ਹਰਿਆਣਾ ਦੇ ਦੋ ਸਿੱਖ ਲੀਡਰ ਝੀਂਡਾ ਤੇ ਨਲਵੀ ਆਪ ਵੀ ਉਹਨਾਂ ਇਲਜ਼ਾਮਾਂ ਵਿੱਚ ਉਲਝੇ, ਜਿਹੋ ਜਿਹੇ ਦੋਸ਼ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਉੱਤੇ ਰਹੇ ਸਨ ਲਗਾਉਂਦੇ
- ਹਰਿਆਣਾ ਕਮੇਟੀ ਦੇ ਸਾਬਕਾ ਸਕੱਤਰ ਸੁਖਵਿੰਦਰ ਸਿੰਘ ਮੰਡੇਵਰ ਨੇ ਝੀਂਡਾ ਨੂੰ ਕੱਚ ਦੇ ਘਰਾਂ ਵਿੱਚ ਰਹਿ ਕੇ ਦੂਜਿਆਂ 'ਤੇ ਪੱਥਰ ਨਾ ਮਾਰਨ ਦੀ ਦਿੱਤੀ ਮੱਤ

ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਹੋਂਦ ਵਿੱਚ ਆਉਣ ਦੇ ਇੱਕ ਦਹਾਕੇ ਅੰਦਰ ਹੀ ਖਿੰਡਰ ਗਈ ਹੈ। ਪਹਿਲੀ ਵਾਰ ਹੈ ਜਦੋਂ ਕਮੇਟੀ ਦੀ ਚੋਣ ਲੋਕਤੰਤਰਿਕ ਢੰਗ ਨਾਲ ਕਰਾਈ ਗਈ ਹੈ। ਇਸ ਤੋਂ ਪਹਿਲਾਂ ਹਰਿਆਣਾ ਸਰਕਾਰ ਵੱਲੋਂ ਪ੍ਰਧਾਨ ਸਮੇਤ ਕਮੇਟੀ ਦੇ ਮੈਂਬਰ ਨਾਮਜ਼ਦ ਕੀਤੇ ਜਾਂਦੇ ਰਹੇ ਹਨ। ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰ

ਗੈਸ ਵਾਲੇ ਵੱਡੇ ਡਰੰਮਾਂ ਵਾਲਾ ਟਰੱਕ ਸੜਕ ਵਿਚਕਾਰ ਪਲਟਿਆ

ਸ੍ਰੀ ਕੀਰਤਪੁਰ ਸਾਹਿਬ 22 ਜਨਵਰੀ (ਬੀ ਐਸ ਰਾਣਾ) : ਅੱਜ ਸਵੇਰੇ ਸ੍ਰੀ ਕੀਰਤਪੁਰ ਸਾਹਿਬ – ਰੂਪਨਗਰ ਕੌਮੀ ਮਾਰਗ ਤੇ ਪਿੰਡ ਬੜਾ ਪਿੰਡ ਨਜ਼ਦੀਕ ਸੜਕ ਦੇ ਵਿਚਕਾਰ ਇੱਕ ਗੈਸ ਵਾਲੇ ਵੱਡੇ ਡਰੰਮਾਂ ਨਾਲ ਭਰਿਆ ਹੋਇਆ ਟਰੱਕ ਪਲਟ ਗਿਆ ਜਿਸ ਕਾਰਨ ਕੌਮੀ ਮਾਰਗ ਦੇ ਇੱਕ ਪਾਸੇ ਦੀ ਸੜਕੀ ਆਵਾਜਾਈ ਠੱਪ ਹੋ ਗਈ। ਇਸ ਹਾਦਸੇ ਵਿੱਚ ਕਿਸੇ ਦੇ ਜ਼ਖਮੀ ਹੋਣ ਦੀ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ ਪਰ ਗੈਸ ਵਾਲੇ ਵੱਡੇ ਡਰੰਮ ਸੜਕ ਵਿਚਕਾਰ ਖਿਲਰ ਗਏ।ਇਸ ਹਾਦਸੇ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਿਸ ਚੌਕੀ ਭਰਤਗੜ੍ਹ ਤੋਂ ਪੁਲਿਸ ਪਾਰਟੀ ਮੌਕੇ ਉੱਪਰ ਪੁੱਜੀ ਅਤੇ ਪੁਲਿਸ ਪਾਰਟੀ ਵੱਲੋਂ ਉਕਤ ਪਾਸੇ ਦਾ ਰੂਟ ਨੂੰ ਡਾਇਵਰਟ ਕੀਤਾ ਗਿਆ। ਪੁਲਿਸ ਵੱਲੋਂ ਹਾਈਡਰਾ ਮਸ਼ੀਨ ਮੌਕੇ ਉੱਪਰ ਬੁਲਾ ਕੇ ਸੜਕ ਵਿਚਕਾਰ ਪਲਟੇ ਹੋਏ ਟਰੱਕ ਨੂੰ ਸਿੱਧਾ ਕਰਵਾ ਕੇ ਸਾਈਡ ਤੇ ਕੀਤਾ ਗਿਆ।

ਪੀਓ ਸ੍ਰੀ ਕਾਨਿਸ਼ਕੁ ਜੀ ਕੀ ਫਤਹਿ
ਪੰਜਾਬ ਅਤੇ ਸਿੰਧ ਬੈਂਕ
(ਭਾਰਤ ਸਰਕਾਰ ਦਾ ਅਦਾਰਾ)
ਜ਼ੋਨਲ ਦਫ਼ਤਰ: ਜਲੰਧਰ

ਈ-ਨਿਲਾਮੀ ਵਿਕਰੀ ਨੋਟਿਸ

ਵਾਧਸੀ

ਇਸ ਵਿੱਚ 04.01.2026 ਨੂੰ ਪ੍ਰਕਾਸ਼ਿਤ ਈ-ਨਿਲਾਮੀ ਵਿਕਰੀ ਨੋਟਿਸਾਂ ਦਾ ਹਵਾਲਾ ਹੈ ਜੋ ਲੜੀ ਨੰਬਰ 1: ਸ਼੍ਰੀ ਸਾਹਿਲ ਵਰਮਾ ਪੁੱਤਰ ਵਿਜੇ ਵਰਮਾ, ਜੀ.ਟੀ.ਬੀ. ਨਗਰ, ਜਲੰਧਰ ਸ਼ਾਖਾ ਵਿਖੇ ਖਾਤਾ ਹੈ ਜੋ ਕਿ ਇੰਡੀਅਨ ਐਕਸਪ੍ਰੈਸ ਅਤੇ ਡੇਲੀ ਚੜ੍ਹਦੀਕਲਾ ਵਿੱਚ ਪ੍ਰਕਾਸ਼ਿਤ ਹੋਇਆ ਸੀ ਜੋ ਕਿ 05.02.2026 ਨੂੰ ਤਹਿ ਕੀਤਾ ਗਿਆ ਹੈ। ਇਸ ਸਬੰਧ ਵਿੱਚ, ਬੈਂਕ ਨੇ ਪ੍ਰਸ਼ਾਸਕੀ ਕਾਰਨਾਂ ਕਰਕੇ ਉਕਤ ਖਾਤਿਆਂ ਵਿੱਚ ਨਿਲਾਮੀ ਵਾਧਸ ਲੈ ਲਈ ਹੈ। ਸਾਰੇ ਸਬੰਧਤ ਕਿਰਪਾ ਕਰਕੇ ਧਿਆਨ ਦਿਓ।

ਮਿਤੀ: 22.01.2026 ਅਧਿਕਾਰਤ ਅਧਿਕਾਰੀ,
ਸਥਾਨ: ਜਲੰਧਰ ਪੰਜਾਬ ਅਤੇ ਸਿੰਧ ਬੈਂਕ

ਚਿੱਤਕਾਰਾ ਯੂਨੀਵਰਸਿਟੀ ਤੇ ਅਮਰੀਕਾ ਦੀ ਯੂਨੀਵਰਸਿਟੀ ਆਫ ਮੇਰੀਲੈਂਡ ਵੱਲੋਂ ਵਿੰਟਰ ਸਕੂਲ ਦਾ ਆਯੋਜਨ

ਚੰਡੀਗੜ੍ਹ, 22 ਜਨਵਰੀ (ਹਰਦੀਪ ਕੌਰ) : ਚੰਡੀਗੜ੍ਹ ਦੇ ਸਿਟੀ ਸੈਂਟਰ ਸੈਕਟਰ-17 ਦੇ ਨਵੇਂ ਸਿਰੇ ਤੋਂ ਵਿਕਾਸ ਨੂੰ ਲੈ ਕੇ ਚਿਤਕਾਰਾ ਸਕੂਲ ਆਫ ਪਲੈਨਿੰਗ ਐਂਡ ਆਰਕੀਟੈਕਚਰ, ਚਿਤਕਾਰਾ ਯੂਨੀਵਰਸਿਟੀ, ਪੰਜਾਬ ਅਤੇ ਸਕੂਲ ਆਫ ਆਰਕੀਟੈਕਚਰ, ਪਲੈਨਿੰਗ ਐਂਡ ਪ੍ਰਿਜ਼ਰਵੇਸ਼ਨ, ਯੂਨੀਵਰਸਿਟੀ ਆਫ ਮੇਰੀਲੈਂਡ (ਅਮਰੀਕਾ) ਦੇ ਵਿਦਿਆਰਥੀਆਂ ਨੇ ਮਿਲ ਕੇ ਨਵੇਂ ਤੇ ਨਵੀਨਤਮ ਸੁਝਾਅ ਪੇਸ਼ ਕੀਤੇ। 17 ਦਿਨਾਂ ਤੱਕ ਚੱਲੇ ਇਸ ਅੰਤਰਰਾਸ਼ਟਰੀ ਵਿੰਟਰ ਸਕੂਲ ਦਾ ਸਮਾਪਨ ਵਿਦਿਆਰਥੀਆਂ ਦੀ ਫਾਈਨਲ ਪ੍ਰਜ਼ੇਂਟੇਸ਼ਨ ਨਾਲ ਹੋਇਆ, ਜਿਸ ਵਿੱਚ ਸੈਕਟਰ-17 ਦੇ ਪੁਨਰਵਿਕਾਸ ਲਈ ਆਧੁਨਿਕ ਸ਼ਹਿਰੀ ਹੱਲ ਪੇਸ਼ ਕੀਤੇ ਗਏ। ਚਿਤਕਾਰਾ ਸਕੂਲ ਆਫ ਪਲੈਨਿੰਗ ਐਂਡ ਆਰਕੀਟੈਕਚਰ ਅਤੇ ਯੂਨੀਵਰਸਿਟੀ ਆਫ ਮੇਰੀਲੈਂਡ ਦੇ ਸਕੂਲ ਆਫ ਆਰਕੀਟੈਕਚਰ, ਪਲੈਨਿੰਗ ਐਂਡ ਪ੍ਰਿਜ਼ਰਵੇਸ਼ਨ ਦੀ ਸਾਂਝੀ ਸਰਪ੍ਰਸਤੀ ਹੇਠ ਆਯੋਜਿਤ ਇਸ ਵਿੰਟਰ ਸਕੂਲ ਵਿੱਚ ਯੂਨੀਵਰਸਿਟੀ ਆਫ ਮੇਰੀਲੈਂਡ ਦੇ 10 ਅਤੇ ਚਿਤਕਾਰਾ ਯੂਨੀਵਰਸਿਟੀ ਦੇ 12 ਵਿਦਿਆਰਥੀਆਂ ਨੇ ਭਾਗ ਲਿਆ। ਡਿਜ਼ਾਇਨ ਸਟੂਡੀਓ ਦੀ ਰਹਿਨੁਮਾਈ ਆਰਕੀਟੈਕਟ ਸੁਰਿੰਦਰ ਬੱਗਾ, ਪ੍ਰਿੰਸੀਪਲ ਆਰਕੀਟੈਕਟ, ਸਾਕਾਰ ਫਾਊਂਡੇਸ਼ਨ ਵੱਲੋਂ ਕੀਤੀ ਗਈ।

SBI | ਸਟੇਟ ਬੈਂਕ ਆਫ਼ ਇੰਡੀਆ

ਐਚਐਲਸੀ ਹੁਸ਼ਿਆਰਪੁਰ

[ਨਿਯਮ 8-(1)] ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)

ਜਦੋਂ ਕਿ, ਹੇਠ ਹਸਤਾਖਰ ਕਰਨ ਵਾਲਾ, ਸਟੇਟ ਬੈਂਕ ਆਫ਼ ਇੰਡੀਆ, ਐਚਐਲਸੀ ਹੁਸ਼ਿਆਰਪੁਰ ਦਾ ਅਧਿਕਾਰਤ ਅਧਿਕਾਰੀ ਹੈ, ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 9 ਦੇ ਨਾਲ ਪੜ੍ਹੇ ਗਏ ਧਾਰਾ 13(12) ਦੇ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਇੱਥੇ ਜ਼ਿਕਰ ਕੀਤਾ ਗਿਆ ਇੱਕ ਜਾਰੀ ਕੀਤਾ ਹੈ ਜਿਸ ਵਿੱਚ ਕਰਜ਼ਦਾਰ ਨੂੰ ਉਕਤ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਡਿਮਾਂਡ ਨੋਟਿਸ ਵਿੱਚ ਦਰਸਾਈ ਗਈ ਰਕਮ ਦਾ ਭੁਗਤਾਨ ਕਰਨ ਲਈ ਕਿਹਾ ਗਿਆ ਹੈ।

ਕਰਜ਼ਦਾਰ/ਜ਼ਾਮਨ ਨੇ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਤੋਂ ਬਾਅਦ, ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠ ਹਸਤਾਖਰ ਕਰਨ ਵਾਲੇ ਨੇ ਖਾਤੇ ਦੇ ਵਿਰੁੱਧ ਦੱਸੀ ਗਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8 ਅਤੇ 9 ਦੇ ਨਾਲ ਪੜ੍ਹੇ ਗਏ ਐਕਟ ਦੀ ਧਾਰਾ 13 ਦੀ ਉਪ-ਧਾਰਾ (4) ਦੇ ਤਹਿਤ ਉਸਨੂੰ ਦਿੱਤੇ ਗਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦੱਸੇ ਗਏ ਸੰਪਤੀਆਂ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਕਰਜ਼ਦਾਰ/ਜ਼ਾਮਨ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਸ ਦੁਆਰਾ ਸਾਵਧਾਨ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ/ਵਸਤਾਂ ਨਾਲ ਕੋਈ ਲੈਣ-ਦੇਣ ਨਾ ਕਰਨ ਅਤੇ ਜਾਇਦਾਦ/ਵਸਤਾਂ ਨਾਲ ਕੋਈ ਵੀ ਲੈਣ-ਦੇਣ ਸਟੇਟ ਬੈਂਕ ਆਫ਼ ਇੰਡੀਆ, ਜੀ ਟੀ ਰੋਡ, ਦਸੂਹਾ ਦੇ ਚਾਰਜ ਦੇ ਅਧੀਨ ਹੋਵੇਗਾ, ਹੇਠਾਂ ਦੱਸੀ ਗਈ ਰਕਮ ਲਈ ਅਤੇ ਉਸ 'ਤੇ ਹੋਰ ਚਾਰਜ/ਖਰਚੇ।

ਕਰਜ਼ਦਾਰ ਦਾ ਧਿਆਨ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਦੇ ਉਪਬੰਧਾਂ ਵੱਲ ਖਿੱਚਿਆ ਜਾਂਦਾ ਹੈ, ਉਪਲਬਧ ਸਮੇਂ ਦੇ ਸੰਬੰਧ ਵਿੱਚ, ਸੁਰੱਖਿਅਤ ਸੰਪਤੀਆਂ ਨੂੰ ਛੁਡਾਉਣ ਲਈ।

ਕਰਜ਼ਦਾਰ (ਾਂ)/ਜ਼ਾਮਨ (ਾਂ) ਦਾ ਨਾਮ	ਅਚੱਲ ਸੰਪੱਤੀ ਦੇ ਵੇਰਵੇ	ਮੰਗ ਸੂਚਨਾ ਦੀ ਮਿਤੀ	ਕਬਜ਼ੇ ਦੀ ਮਿਤੀ	ਬਕਾਇਆ ਰਕਮ
ਕਰਜ਼ਦਾਰ: 1. ਸ੍ਰੀ ਚਮਨ ਲਾਲ ਸੂਦ ਪੁੱਤਰ ਸ੍ਰੀ ਗੁਰਦਾਸ ਰਾਮ, ਵਾਸੀ ਨਰਾਇਣ ਨਗਰ, ਗਲੀ ਨੰ. 4-ਏ, ਹੁਸ਼ਿਆਰਪੁਰ 2. ਸ੍ਰੀ ਸੰਦੀਪ ਸੂਦ ਪੁੱਤਰ ਸ੍ਰੀ ਚਮਨ ਲਾਲ ਸੂਦ, ਵਾਸੀ ਨਰਾਇਣ ਨਗਰ, ਗਲੀ ਨੰ. 4-ਏ, ਹੁਸ਼ਿਆਰਪੁਰ	4 ਮਰਲੇ ਦੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ ਖਾਤਾ ਨੰਬਰ 323/366, 367, 368, ਖਸਰਾ ਨੰਬਰ 437 ਮਿੰਨ (7-0), 437 ਮਿੰਨ (11-0), 437 ਮਿੰਨ (13-0), ਪਿੰਡ ਬਹਾਦਰਪੁਰ, ਹੱਦਬਸਤ ਨੰਬਰ 358, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਥਿਤ ਟਾਈਟਲ ਡੀਡ ਨੰਬਰ 8447 ਮਿਤੀ 24.03.2009, ਜਿਲਦ ਨੰਬਰ 2839 ਅਨੁਸਾਰ ਸ੍ਰੀ ਚਮਨ ਲਾਲ ਪੁੱਤਰ ਸ੍ਰੀ ਗੁਰਦਾਸ ਰਾਮ ਸੂਦ ਦੇ ਨਾਮ 'ਤੇ ਦਰਜ ਹੈ। ਹੇਠ ਲਿਖੇ ਅਨੁਸਾਰ ਹੱਦਬੰਦੀ: ਪੂਰਬ: ਸ੍ਰੀ ਹੰਸ ਰਾਜ ਦਾ ਘਰ, ਪੱਛਮ: ਰਸਤਾ 20' ਚੌੜਾ, ਉੱਤਰ: ਸ੍ਰੀ ਸਵਣ ਸਿੰਘ ਦੀ ਜਾਇਦਾਦ, ਦੱਖਣ: ਰਸਤਾ 20' ਚੌੜਾ।	29.08.2025	21.01.2026	Rs. 4,23,136/- (ਚਾਰ ਲੱਖ ਤੇਈ ਹਜ਼ਾਰ ਇੱਕ ਸੌ ਛੱਤੀ ਰੁਪਏ ਕੇਵਲ) 29.08.2025 ਅਨੁਸਾਰ ਹੋਰ ਵਿਆਜ, ਹੋਰ ਖਰਚੇ ਅਤੇ ਇਸ 'ਤੇ ਖਰਚੇ।

ਮਿਤੀ : 22.01.2026 ਸਥਾਨ : ਹੁਸ਼ਿਆਰਪੁਰ ਅਧਿਕਾਰਤ ਅਧਿਕਾਰੀ

SHRIRAM Finance — ਸ਼੍ਰੀਰਾਮ ਫਾਈਨੈਂਸ ਲਿਮਟਿਡ

ਰਜਿਸਟਰਡ ਦਫ਼ਤਰ: ਲਿਮਟਿਡ ਰਜਿਸਟਰਡ ਦਫਤਰ ਸ਼੍ਰੀ ਟਾਵਰਜ਼, ਪਲਾਟ ਨੰ. 14ਏ, ਸਾਊਥ ਫੇਜ਼, ਇੰਡਸਟਰੀਅਲ ਅਸਟੇਟ, ਗਿੰਡੀ, ਚੇਨਈ ਤਾਮਿਲਨਾਡੂ-600032, ਤਾਮਿਲਨਾਡੂ, ਅਤੇ ਵੋਕਹਾਰਟ ਟਾਵਰਜ਼, ਲੈਵਲ-3, ਸੀ-2, ਜੀ ਬਲਾਕ, ਬਦਰਾ-ਕੁਰਲਾ ਕੰਪਲੈਕਸ, ਬਾਂਦਰਾ (ਪੂਰਬੀ) ਮੁੰਬਈ-40051

ਸ਼ਾਖਾ ਦਫਤਰ : ਬੀਬੀ ਵਾਲਾ ਰੋਡ ਬਠਿੰਡਾ

ਸੰਕੇਤਕ ਕਬਜ਼ਾ ਸੂਚਨਾ

ਜਿੱਥੇ, ਹੇਠਾਂ ਹਸਤਾਖਰ ਕਰਨ ਵਾਲੇ ਨੇ ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (ਉਕਤ ਐਕਟ) ਦੇ ਉਪਬੰਧਾਂ ਦੇ ਤਹਿਤ ਸ਼੍ਰੀਰਾਮ ਫਾਈਨੈਂਸ ਲਿਮਟਿਡ (SFL) ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ ਅਤੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 (ਉਕਤ ਨਿਯਮ) ਦੇ ਨਿਯਮ 3 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(12) ਦੇ ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਕਰਜ਼ਦਾਰਾਂ ਦੇ ਵੇਰਵਿਆਂ ਨੂੰ ਮੰਗ ਨੋਟਿਸ ਜਾਰੀ ਕੀਤੇ। ਜਿਨ੍ਹਾਂ ਵਿੱਚੋਂ ਹੇਠਾਂ ਦਿੱਤੀ ਸਾਰਣੀ ਵਿੱਚ ਉਕਤ ਮੰਗ ਨੋਟਿਸਾਂ ਵਿੱਚ ਦੱਸੀ ਗਈ ਰਕਮ ਦੀ ਅਦਾਇਗੀ ਕਰਨ ਲਈ ਦੱਸਿਆ ਗਿਆ ਹੈ। ਕਰਜ਼ਦਾਰ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਕਰਕੇ, ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਹਸਤਾਖਰ ਕਰਨ ਵਾਲੇ ਨੇ 17 ਜਨਵਰੀ, 2026 ਨੂੰ ਉਕਤ ਨਿਯਮਾਂ ਦੇ ਨਿਯਮ 8 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(4) ਦੇ ਤਹਿਤ ਉਸਨੂੰ/ਉਸਨੂੰ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਹੇਠਾਂ ਦੱਸੀ ਗਈ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਮ ਅਤੇ ਪਤਾ	ਜਾਇਦਾਦ ਦਾ ਵੇਰਵਾ	ਮੰਗ ਨੋਟਿਸ ਅਨੁਸਾਰ ਬਕਾਇਆ ਰਕਮ ਅਤੇ ਮੰਗ ਸੂਚਨਾ ਦੀ ਮਿਤੀ
ਸ੍ਰੀ ਅਵਤਾਰ ਸਿੰਘ ਪੁੱਤਰ ਜਸਵੰਤ ਸਿੰਘ, ਗੁਰਦੁਆਰਾ ਟਿੱਬੀ ਸਾਹਿਬ ਰੋਡ, ਸਾਧਾ ਪੱਤੀ, ਜੈਤੋ, ਫਰੀਦਕੋਟ, ਜੈਤੋ, ਪੰਜਾਬ 151202 ਸ੍ਰੀਮਤੀ ਰਾਜਪਾਲ ਕੌਰ ਪਤਨੀ ਅਵਤਾਰ ਸਿੰਘ, ਗੁਰਦੁਆਰਾ ਟਿੱਬੀ ਸਾਹਿਬ ਰੋਡ, ਸਾਧਾ ਪੱਤੀ, ਜੈਤੋ, ਫਰੀਦਕੋਟ, ਜੈਤੋ, ਪੰਜਾਬ 151202	Bhatitf1703310010-ਅਚੱਲ ਜਾਇਦਾਦ ਦਾ ਵੇਰਵਾ ਜਾਇਦਾਦ ਦਾ ਵੇਰਵਾ ਜਾਇਦਾਦ ਦਾ ਮਾਪ 8 ਮਰਲੇ 3 ਸਰਸਾਈਆਂ, ਭਾਵ 75/2979 ਖਸਰਾ ਨੰਬਰ 828 (16/11) ਖੇਵਟ/ਖਤੂਨੀ ਨੰਬਰ 499/732 ਵਿੱਚ ਸ਼ਾਮਲ 16 ਕਨਾਲ-11 ਮਰਲੇ ਦਾ ਹਿੱਸਾ ਸਾਲ 2014-15 ਜੈਤੋ 2, ਮਕਾਨ ਨੰਬਰ 231 ਵਾਰਡ ਨੰਬਰ 3, ਟਿੱਬੀ ਸਾਹਿਬ ਰੋਡ ਜੈਤੋ ਜ਼ਿਲ੍ਹਾ ਫਰੀਦਕੋਟ ਜਮ੍ਹਾਂਬੰਦੀ ਅਨੁਸਾਰ 21/12/2016 ਨੂੰ ਰਾਜਪਾਲ ਕੌਰ ਪਤਨੀ ਅਵਤਾਰ ਸਿੰਘ ਪੁੱਤਰ ਜੋਗਿੰਦਰ ਸਿੰਘ ਦੇ ਨਾਮ 'ਤੇ ਟਰਾਂਸਫਰ ਡੀਡ ਨੰਬਰ 2017 ਦੁਆਰਾ ਖਰੀਦਿਆ ਗਿਆ ਮਕਾਨ ਨੰਬਰ 231 ਵਾਰਡ ਨੰਬਰ 3, ਟਿੱਬੀ ਸਾਹਿਬ ਰੋਡ ਜੈਤੋ ਜ਼ਿਲ੍ਹਾ ਫਰੀਦਕੋਟ ਪੂਰਬ: 40'-6" ਗਲੀ, ਪੱਛਮ: 40'-6" ਖਾਲੀ ਪਲਾਟ, ਉੱਤਰ: 56'-0" ਸ਼੍ਰੀਮਤੀ ਅਮਰਜੀਤ ਕੌਰ ਪਤਨੀ ਸ੍ਰੀ ਬੰਤਾ ਸਿੰਘ, ਦੱਖਣ: 56'-0" ਸ਼੍ਰੀਮਤੀ ਜਸਪ੍ਰੀਤ ਕੌਰ ਪਤਨੀ ਸ੍ਰੀ ਗੁਰਦੇਵ ਸਿੰਘ	2091551.00 ਰੁਪਏ ਵੀਹ ਲੱਖ ਇਕਾਨਵੇਂ ਹਜ਼ਾਰ ਪੰਜ ਸੌ ਇਕਵੰਜਾ ਦਾ ਭੁਗਤਾਨ ਖਾਤਾ ਨੰਬਰ:- BHATITF1703310010 ਮੰਗ ਸੂਚਨਾ ਮਿਤੀ 29-10-2025

ਇਹ ਨੋਟਿਸ ਆਮ ਜਨਤਾ ਨੂੰ ਇਹ ਵੀ ਚੇਤਾਵਨੀ ਦੇਣ ਲਈ ਹੈ ਕਿ SFL ਦਾ ਅਧਿਕਾਰਤ ਅਧਿਕਾਰੀ ਉੱਪਰ ਦੱਸੀ ਗਈ ਅਚੱਲ ਜਾਇਦਾਦ ਦੇ ਕਾਨੂੰਨੀ ਸੰਕੇਤਕ ਕਬਜ਼ੇ ਵਿੱਚ ਹੈ ਅਤੇ ਕਰਜ਼ਦਾਰ ਜਾਂ ਕੋਈ ਵੀ ਵਿਅਕਤੀ ਇਸ ਨੋਟਿਸ ਦੀ ਪ੍ਰਾਪਤੀ ਤੋਂ ਬਾਅਦ, SFL ਦੀ ਪੂਰਵ ਲਿਖਤੀ ਸਹਿਮਤੀ ਤੋਂ ਬਿਨਾਂ, ਇਸ ਨੋਟਿਸ ਵਿੱਚ ਜ਼ਿਕਰ ਕੀਤੀ ਗਈ ਉਪਰੋਕਤ ਸੁਰੱਖਿਅਤ ਸੰਪਤੀਆਂ ਵਿੱਚੋਂ ਕਿਸੇ ਨੂੰ ਵੀ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਟ੍ਰਾਂਸਫਰ ਨਹੀਂ ਕਰੇਗਾ।

ਮਿਤੀ : 17.01.2026 ਸਥਾਨ : ਬਠਿੰਡਾ ਅਧਿਕਾਰਤ ਅਧਿਕਾਰੀ, ਸ਼੍ਰੀਰਾਮ ਫਾਇਨਾਂਸ ਲਿਮਟਿਡ

ਬੈਂਕ ਆਫ਼ ਬੜੌਦਾ Bank of Baroda — ਲੋੜੀਂਦੇ ਸਥਾਨ

ਬੈਂਕ ਆਫ਼ ਬੜੌਦਾ, ਸਾਰੀਆਂ ਸਹੂਲਤਾਂ ਸਮੇਤ ਜ਼ਮੀਨੀ ਮੰਜ਼ਿਲ 'ਤੇ, ਲੋੜੀਂਦੀ ਬਿਜਲੀ ਸਮੇਤ, ਇਮਾਰਤਾਂ ਦੇ ਮਾਲਕਾਂ/ਪਾਵਰ ਆਫ਼ ਅਟਾਰਨੀ ਧਾਰਕਾਂ ਤੋਂ ਪੇਸ਼ਕਸ਼ਾਂ ਮੰਗਦਾ ਹੈ। ਇਮਾਰਤ 3 ਮਹੀਨਿਆਂ ਦੀ ਮਿਆਦ ਦੇ ਅੰਦਰ ਕਬਜ਼ੇ ਲਈ ਤਿਆਰ ਹੋਣੀ ਚਾਹੀਦੀ ਹੈ ਜਾਂ ਕਬਜ਼ੇ ਲਈ ਤਿਆਰ ਹੋਣ ਦੀ ਸੰਭਾਵਨਾ ਹੈ। ਇੱਛੁਕ ਪੇਸ਼ਕਸ਼ਕਰਤਾ ਆਪਣੀਆਂ ਪੇਸ਼ਕਸ਼ਾਂ ਸੀਲਬੰਦ ਲਿਫਾਫੇ ਨੰਬਰ 1 (ਤਕਨੀਕੀ ਬੋਲੀ) ਅਤੇ ਸੀਲਬੰਦ ਲਿਫਾਫੇ ਨੰਬਰ 2 (ਵਿੱਤੀ ਬੋਲੀ) ਵਿੱਚ ਜਮ੍ਹਾਂ ਕਰਾਉਣਗੇ, ਜੋ ਕਿ ਇੱਕ ਹੋਰ ਸੀਲਬੰਦ ਲਿਫਾਫੇ ਵਿੱਚ ਸੁਪਰ ਸਕ੍ਰਾਈਬਿੰਗ **ਲਈ** _____ "(ਸੰਬੰਧਿਤ ਸ਼ਾਖਾ ਦਾ ਨਾਮ) ਪੇਸ਼ਕਸ਼" ਵਿੱਚ ਜਮ੍ਹਾਂ ਕਰਵਾਈ ਜਾਣੀ ਚਾਹੀਦੀ ਹੈ ਜਿਸ ਵਿੱਚ ਬਿਨੈਕਾਰ ਦਾ ਨਾਮ, ਪਤਾ ਅਤੇ ਸੰਪਰਕ ਨੰਬਰ ਦਰਜ ਹੋਵੇ। ਸੀਲਬੰਦ ਕਵਰ ਸਹਾਇਕ ਜਨਰਲ ਮੈਨੇਜਰ, ਬੈਂਕ ਆਫ਼ ਬੜੌਦਾ, ਖੇਤਰੀ ਦਫ਼ਤਰ, ਤੀਜੀ ਮੰਜ਼ਿਲ, ਸੰਧੂ ਟਾਵਰ-II, ਗੁਰੂਦੇਵ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ-141001 ਨੂੰ 05 ਫਰਵਰੀ 2026 ਨੂੰ ਜਾਂ ਇਸ ਤੋਂ ਪਹਿਲਾਂ ਜਮ੍ਹਾ ਕਰਵਾਇਆ ਜਾਣਾ ਚਾਹੀਦਾ ਹੈ। ਤਕਨੀਕੀ ਬੋਲੀ ਉਸੇ ਦਿਨ 4:00 ਵਜੇ ਖੋਲ੍ਹੀ ਜਾਵੇਗੀ।

ਸ਼ਾਖਾਵਾਂ	ਕਾਰਪੇਟ ਏਰੀਆ ਲਗਭਗ	ਸਥਾਨ
ਸ਼ਹਿਰੀ ਅਸਟੇਟ, ਫੇਜ਼-II, ਪਟਿਆਲਾ	1500-1800 Sqft	ਤਰਜੀਹੀ ਤੌਰ 'ਤੇ ਫੇਜ਼ II, ਅਰਬਨ ਅਸਟੇਟ, ਪਟਿਆਲਾ ਵਿੱਚ ਜ਼ਮੀਨੀ ਮੰਜ਼ਿਲ 'ਤੇ

ਪਬਲਿਕ ਸੈਕਟਰ ਯੂਨਿਟਾਂ/ਸਰਕਾਰੀ ਵਿਭਾਗਾਂ ਨਾਲ ਸਬੰਧਤ ਅਹਾਤਿਆਂ ਨੂੰ ਤਰਜੀਹ ਦਿੱਤੀ ਜਾਵੇਗੀ। (ਵੇਰਵਿਆਂ ਲਈ ਕਿਰਪਾ ਕਰਕੇ ਲੋਗਇਨ ਕਰੋ) ਸਾਡੀ ਵੈੱਬਸਾਈਟ www.bankofbaroda.com ਦਾ ਟੈਂਡਰ ਸੈਕਸ਼ਨ)। ਬੈਂਕ ਬਿਨਾਂ ਕਾਰਨ ਦੱਸੇ ਕਿਸੇ ਵੀ ਪੇਸ਼ਕਸ਼ ਨੂੰ ਸਵੀਕਾਰ ਜਾਂ ਅਸਵੀਕਾਰ ਕਰਨ ਦਾ ਅਧਿਕਾਰ ਰੱਖਦਾ ਹੈ।

ਸਹਾਇਕ ਜਨਰਲ ਮੈਨੇਜਰ

ਵਸੂਲੀ ਅਧਿਕਾਰੀ ਦਾ ਦਫਤਰ-1/2 ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3)

ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ ਚੰਡੀਗੜ੍ਹ -160017

ਮੰਗ ਸੂਚਨਾ

**ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸ

ਪਟਿਆਲਾ-ਆਸ/ਪਾਸ

ਵਰਜੀਤ ਵਾਲੀਆ ਨੇ ਪਟਿਆਲਾ ਦੇ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ

ਪਟਿਆਲਾ, 22 ਜਨਵਰੀ (ਰੁਪਾਣਾ) : 2018 ਬੈਚ ਦੇ ਨੌਜਵਾਨ ਆਈ.ਏ.ਐਸ. ਅਧਿਕਾਰੀ ਵਰਜੀਤ ਵਾਲੀਆ ਨੇ ਅੱਜ ਪਟਿਆਲਾ ਦੇ ਨਵੇਂ ਡਿਪਟੀ ਕਮਿਸ਼ਨਰ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ। ਉਨ੍ਹਾਂ ਨੇ ਡਾ. ਪ੍ਰੀਤੀ ਯਾਦਵ ਦੀ ਜਗ੍ਹਾ ਇਹ ਅਹੁਦਾ ਸੰਭਾਲਿਆ ਹੈ, ਜਿਨ੍ਹਾਂ ਦੀ ਬਦਲੀ ਐਮ.ਡੀ. ਮਾਰਕਫੈਡ ਵਜੋਂ ਹੋਈ ਹੈ।ਵਰਜੀਤ ਵਾਲੀਆ ਨੇ ਆਪਣਾ ਅਹੁਦਾ ਸੰਭਾਲਣ ਉਪਰੰਤ ਕਿਹਾ ਕਿ, ਉਨ੍ਹਾਂ ਦੀ ਇਹ ਮੁੱਖ ਤਰਜੀਹ ਰਹੇਗੀ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਮੁਤਾਬਕ ਜ਼ਿਲ੍ਹੇ 'ਚ ਚੱਲ ਰਹੇ ਵਿਕਾਸ ਕਾਰਜਾਂ ਨੂੰ ਸਮਾਂਬੱਧ ਢੰਗ ਨਾਲ ਨੇਪਰੇ ਚੜ੍ਹਾਇਆ ਜਾਵੇ ਅਤੇ ਪੰਜਾਬ ਸਰਕਾਰ ਦੀਆਂ ਸਾਰੀਆਂ ਫਲੈਗਸ਼ਿਪ ਸਕੀਮਾਂ ਦਾ ਲਾਭ ਲੋਕਾਂ ਲਈ ਹੇਠਲੇ ਪੱਧਰ ਤੱਕ ਪੁੱਜਦਾ ਕੀਤਾ ਜਾਵੇ। ਵਰਜੀਤ ਵਾਲੀਆ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਦੇ ਤਹਿਤ ਪੰਜਾਬ ਸਰਕਾਰ ਵੱਲੋਂ ਨਸ਼ਾ ਮੁਕਤ ਪੰਜਾਬ ਤੇ ਰੰਗਲਾ ਪੰਜਾਬ ਸਿਰਜਣ ਦੇ ਸੁਪਨੇ ਨੂੰ ਸਾਕਾਰ ਕਰਨ ਸਮੇਤ ਸਿਹਤ ਤੇ ਸਿੱਖਿਆ ਖੇਤਰਾਂ 'ਚ ਹੋਰ ਸੁਧਾਰ ਕਰਨਾ ਅਤੇ ਮੁੱਖ ਮੰਤਰੀ ਸਿਹਤ ਯੋਜਨਾ ਦਾ ਲਾਭ ਘਰ-ਘਰ ਤੱਕ ਪੁੱਜਦਾ ਕਰਨਾ ਵੀ ਉਨ੍ਹਾਂ ਦੀਆਂ ਤਰਜੀਹਾਂ 'ਚ ਸ਼ਾਮਲ ਹੈ, ਜਦਕਿ ਲੋਕਾਂ ਨੂੰ ਸਰਕਾਰੀ ਸੇਵਾਵਾਂ ਪਾਰਦਰਸ਼ੀ ਤੇ ਸਮਾਂਬੱਧ ਢੰਗ ਨਾਲ ਪ੍ਰਦਾਨ ਕਰਵਾਉਣ ਲਈ ਵੀ ਉਹ ਉਚੇਚੇ ਯਤਨ ਕਰਨਗੇ। ਜ਼ਿਕਰਯੋਗ ਹੈ ਕਿ 2018 ਬੈਚ ਦੇ ਆਈ.ਏ.ਐਸ. ਅਧਿਕਾਰੀ ਵਰਜੀਤ ਵਾਲੀਆ, ਆਈ.ਆਈ.ਟੀ. ਦਿੱਲੀ ਤੋਂ ਕੈਮੀਕਲ ਇੰਜੀਨੀਅਰਿੰਗ 'ਚ ਗ੍ਰੈਜੂਏਟ ਹਨ। ਇਸ ਤੋਂ ਪਹਿਲਾਂ ਰੂਪਨਗਰ ਵਿਖੇ ਡਿਪਟੀ ਕਮਿਸ਼ਨਰ ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਇਸ ਤੋਂ ਪਹਿਲਾਂ ਉਹ ਮੁੱਖ ਮੰਤਰੀ ਦੇ ਵਧੀਕ ਪ੍ਰਮੁੱਖ ਸਕੱਤਰ, ਏ.ਡੀ.ਸੀ. ਸੰਗਰੂਰ ਤੇ ਐਸ.ਡੀ.ਐਮ. ਬਰਨਾਲਾ ਵਜੋਂ ਵੀ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ। ਅੱਜ ਅਹੁਦਾ ਸੰਭਾਲਣ ਸਮੇਂ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਸੁਪਤਨੀ ਤੇ ਆਈ.ਆਰ.ਐਸ. ਅਧਿਕਾਰੀ ਤਾਨੀਆ ਬੈਂਸ ਤੇ ਸਪੁੱਤਰ ਵਰਤਾਜ ਵਾਲੀਆ ਵੀ ਮੌਜੂਦ ਸਨ। ਡੀ.ਸੀ. ਵਜੋਂ ਆਪਣਾ ਅਹੁਦਾ ਸੰਭਾਲਣ ਤੋਂ ਉਪਰੰਤ ਵਰਜੀਤ ਵਾਲੀਆ ਨੇ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਅਤੇ ਮੰਦਿਰ ਮਾਤਾ ਸ੍ਰੀ ਕਾਲੀ ਦੇਵੀ ਵਿਖੇ ਵੀ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਵਰਜੀਤ ਵਾਲੀਆ ਵੱਲੋਂ ਪਟਿਆਲਾ ਦੇ ਨਵੇਂ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲੇ ਜਾਣ ਮੌਕੇ ਐਸ.ਪੀ ਵੈਭਵ ਚੌਧਰੀ, ਏ.ਡੀ.ਸੀਜ ਦਮਨਜੀਤ ਸਿੰਘ ਮਾਨ, ਸਿਮਰਪ੍ਰੀਤ ਕੌਰ ਤੇ ਡਾ. ਇਸਮਤ ਵਿਜੇ ਸਿੰਘ, ਐਸ.ਪੀ. ਪਲਵਿੰਦਰ ਸਿੰਘ ਚੀਮਾ, ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਦੀਪਜੋਤ ਕੌਰ, ਐਸ.ਡੀ.ਐਮ ਹਰਜੋਤ ਕੌਰ ਮਾਵੀ, ਜ਼ਿਲ੍ਹਾ ਮਾਲ ਅਫ਼ਸਰ ਅੰਕਿਤਾ ਅਗਵਰਾਲ ਸਮੇਤ ਡੀ.ਸੀ. ਦਫ਼ਤਰ ਦੇ ਹੋਰ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਨਵੇਂ ਡਿਪਟੀ ਕਮਿਸ਼ਨਰ ਦਾ ਫੁੱਲਾਂ ਦੇ ਗੁਲਦਸਤਿਆਂ ਨਾਲ ਨਿੱਘਾ ਸਵਾਗਤ ਕੀਤਾ।

ਬਸੰਤ ਪੰਚਮੀ ਦਾ ਸਾਲਾਨਾ ਜੋੜ ਮੇਲ ਅੱਜ, ਸੰਗਤਾਂ ਦੀ ਆਮਦ ਦੇ ਮੱਦੇਨਜ਼ਰ ਕੀਤੀ ਤਿਆਰੀ

➢ਲੰਗਰ, ਸਰਾਵਾਂ ਸਮੇਤ ਟ੍ਰੈਫਿਕ ਵਿਵਸਥਾ ਨੂੰ ਲੈ ਕੇ ਪ੍ਰਬੰਧ ਮੁਕੰਮਲ, ਮੁਲਾਜ਼ਮ ਰਹਿਣਗੇ ਤਾਇਨਾਤ

➢ਗੁਰੂ ਦਰਬਾਰ ਸਮੇਤ, ਦੀਵਾਨ ਹਾਲ ਵਿਖੇ ਬਸੰਤੀ ਫੁੱਲਾਂ ਨਾਲ ਕੀਤੀ ਸਜ਼ਾਵਟ

ਪਟਿਆਲਾ, 22 ਜਨਵਰੀ (ਰੁਪਾਣਾ/ਵਿਨੋਦ ਸ਼ਰਮਾ/ਅਮਰਜੀਤ) : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਛੋਹ ਅਸਥਾਨ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਬਸੰਤ ਪੰਚਮੀ ਦਾ ਸਲਾਨਾ ਜੋੜ ਮੇਲ ਅੱਜ ਸੰਗਤਾਂ ਦੇ ਸਹਿਯੋਗ ਨਾਲ ਜਿਥੇ ਮਨਾਇਆ ਜਾਵੇਗਾ, ਉਥੇ ਸੰਗਤਾਂ ਦੀ ਵੱਡੀ ਆਮਦ ਦੇ ਮੱਦੇਨਜ਼ਰ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ। ਬਸੰਤ ਪੰਚਮੀ ਦੇ ਸਾਲਾਨਾ ਜੋੜ ਮੌਕੇ ਸੰਗਤਾਂ ਲਈ ਵੱਖ ਵੱਖ ਹਿੱਸਿਆਂ 'ਚ ਜਿਥੇ ਲੰਗਰ ਚੱਲਣਗੇ, ਉਥੇ ਹੀ ਸੰਗਤਾਂ ਦੇ ਠਹਿਰਣ ਲਈ ਸਰਾਵਾਂ ਸਮੇਤ ਟਰੈਫਿਕ ਨੂੰ ਸੁਚਾਰੂ ਰੱਖਣ ਲਈ ਸ਼੍ਰੋਮਣ ਕਮੇਟੀ ਮੁਲਾਜ਼ਮਾਂ ਤਾਇਨਾਤ ਕੀਤੇ ਗਏ ਹਨ ਤਾਂ ਕਿ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਜਾਂ ਸਮੱਸਿਆਵਾ ਨਾ ਆਵੇ। ਇਸ ਮੌਕੇ ਮੈਨੇਜਰ ਭਾਗ ਸਿੰਘ ਰਾਜਪੁਰਾ ਨੇ ਕਾਰਜਾਂ ਦਾ ਜਾਇਜ਼ਾ ਲੈਂਦਿਆਂ ਦੱਸਿਆ ਕਿ ਪ੍ਰਬੰਧ ਨੂੰ ਸੁਚਾਰੂ ਰੱਖਣ ਲਈ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੂੰ ਵੱਖ ਵੱਖ ਥਾਵਾਂ 'ਤੇ ਤਾਇਨਾਤ ਕੀਤਾ ਗਿਆ, ਜੋ ਸੰਗਤਾਂ ਨੂੰ ਵੱਡਮੁੱਲਾ ਸਹਿਯੋਗ ਦੇਣਗੇ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਚਾਰੇ ਪਾਸਿਆਂ ਤੋਂ ਆਉਣ ਵਾਲੀ ਸੰਗਤ ਲਈ ਪੁਖਤਾ ਇੰਤਜਾਮ ਕੀਤੇ ਗਏ ਹਨ। ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਟੌਹੜਾ ਇੰਸਟੀਚਿਊਟ ਦੇ ਵਲੰਟੀਅਰਾਂ ਤੋਂ ਇਲਾਵਾ ਸਿੱਖ ਸਭਾਵਾਂ, ਸੁਸਾਇਟੀਆਂ ਦੇ ਅਹੁਦੇਦਾਰ ਵੀ ਸੇਵਾਵਾਂ ਨਿਭਾਉਣਗੇ। ਗੁਰਦੁਆਰਾ ਸਾਹਿਬ ਦੀਵਾਨ ਹਾਲ ਵਿਖੇ ਬਾਅਦ ਦੁਪਹਿਰ ਹਜ਼ੂਰੀ ਕੀਰਤਨੀ ਜੱਥਿਆਂ ਨੇ ਗੁਰਬਾਣੀ ਕੀਰਤਨ ਪ੍ਰਵਾਹ ਚਲਾਇਆ ਗਿਆ ਅਤੇ ਦੇਰ ਰਾਤ ਨੂੰ ਕਵੀ ਦਰਬਾਰ ਵਿਚ ਪ੍ਰਸਿੱਧ ਕਵੀ ਗੁਰੂ ਜੱਸ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਬਾਬਾ ਅਮਰੀਕ ਸਿੰਘ ਕਾਰ ਸੇਵਾ ਵਾਲਿਆਂ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਲੰਗਰਾਂ ਵਿਚ ਵੱਡਮੁੱਲਾ ਯੋਗਦਾਨ ਦਿੱਤਾ ਜਾਵੇਗਾ ਜਿਸ ਤਹਿਤ ਬਾਬਾ ਇੰਦਰ ਸਿੰਘ ਦੀ ਡਿਊਟੀ ਲਗਾਈ ਗਈ ਹੈ, ਜੋ ਆਪਣੇ ਤੌਰ 'ਤੇ ਸੰਗਤਾਂ ਨੂੰ ਚਾਹ ਪਕੌੜਿਆਂ ਦਾ ਅਤੁੱਟ ਲੰਗਰ ਚਲਾਉਣਗੇ। ਗੁਰਦੁਆਰਾ ਸਾਹਿਬ ਦੇ ਜੋੜੇ ਘਰਾਂ, ਕੜਾਹ ਪ੍ਰਸਾਦ ਕਾਊਂਟਰਾਂ ਤੋਂ ਇਲਾਵਾ ਹਰ ਤਰ੍ਹਾਂ ਪੁਖਤਾ ਇੰਤਜ਼ਾਮ ਕੀਤੇ ਗਏ ਹਨ। ਗੁਰਦੁਆਰਾ ਸਾਹਿਬ ਵਿਖੇ ਸਜਾਵਟੀ ਗੇਟ, ਦੀਪਮਾਲਾ ਤੋਂ ਇਲਾਵਾ ਗੁਰੂ ਦਰਬਾਰ ਵਿਚ ਬਸੰਤ ਜੋੜ ਮੇਲ ਨੂੰ ਸਮਰਪਿਤ ਵੱਖ -ਵੱਖ ਬਸੰਤੀ ਫੁੱਲਾਂ ਦੀ ਸਜ਼ਾਵਟ ਕੀਤੀ ਗਈ।ਇਸ ਮੌਕੇ ਐਡੀਸ਼ਨਲ ਮੈਨੇਜਰ ਮਨਦੀਪ ਸਿੰਘ ਭਲਵਾਨ, ਮੀਤ ਮੈਨੇਜਰ ਜਸਵਿੰਦਰ ਸਿੰਘ, ਸਰਬਜੀਤ ਸਿੰਘ, ਨਰਿੰਦਰ ਸਿੰਘ ਸੰਧੂ, ਰਿਕਾਰਡ ਇੰਚਾਰਜ ਸਰਬਜੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਅਤੇ ਪ੍ਰਬੰਧਕੀ ਸਟਾਫ ਆਦਿ ਸ਼ਾਮਲ ਸਨ।

ਨਸ਼ੀਲੀਆਂ ਗੋਲ਼ੀਆਂ ਸਮੇਤ ਦੋ ਕਾਬੂ

ਸਮਾਣਾ, 22 ਜਨਵਰੀ (ਵਿਜੇ ਕੁਮਾਰ) : ਸਦਰ ਪੁਲਿਸ ਨੇ ਨਸ਼ੀਲੀਆਂ ਗੋਲ਼ੀਆਂ ਵੇਚਣ ਦੇ ਸਬੰਧ ਵਿੱਚ ਪਿੰਡ ਧਨੇਠਾ ਦੇ ਰਜਵਾਹਾ ਪੁਲ 'ਤੇ ਬੈਠੇ ਦੋ ਨੌਜਵਾਨਾਂ ਨੂੰ ਨਸ਼ੀਲੀਆਂ ਗੋਲ਼ੀਆਂ ਸਮੇਤ ਕਾਬੂ ਕਰਕੇ ਉਨ੍ਹਾਂ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਬਿੱਕਰ ਸਿੰਘ ਅਤੇ ਦਵਿੰਦਰ ਸਿੰਘ ਨਿਵਾਸੀ ਪਿੰਡ ਧਨੇਠਾ ਵਜੋਂ ਹੋਈ ਹੈ। ਸਦਰ ਪੁਲਸ ਇੰਚਾਰਜ ਇੰਸਪੈਕਟਰ ਅਜੈ ਕੁਮਾਰ ਪਰੋਚਾ ਨੇ ਦੱਸਿਆ ਕਿ ਮਵੀਕਲਾਂ ਪੁਲਸ ਚੌਕੀ ਇੰਚਾਰਜ ਬਲਕਾਰ ਸਿੰਘ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਬੱਸ ਅੱਡਾ ਧਨੇਠਾ 'ਚ ਮੌਜੂਦ ਸੀ। ਉਸ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਨਸ਼ੀਲੀਆਂ ਗੋਲ਼ੀਆਂ ਵੇਚਣ ਲਈ ਪਿੰਡ ਧਨੇਠਾ ਦੇ ਰਜਵਾਹਾ ਪੁਲ 'ਤੇ ਬੈਠੇ ਗਾਹਕਾਂ ਦੀ ਉਡੀਕ ਕਰ ਰਹੇ ਹਨ। ਪੁਲਸ ਪਾਰਟੀ ਵੱਲੋਂ ਕੀਤੀ ਗਈ ਰੇਡ ਦੌਰਾਨ 70 ਖੁੱਲ੍ਹੀਆਂ ਨਸ਼ੀਲੀਆਂ ਗੋਲੀਆਂ ਬਰਾਮਦ ਹੋਣ 'ਤੇ ਦੋਵਾਂ ਨੌਜਵਾਨਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ।ਅਧਿਕਾਰੀ ਅਨੁਸਾਰ ਮਾਨਯੋਗ ਅਦਾਲਤ ਦੇ ਹੁਕਮਾਂ ਅਨੁਸਾਰ ਮੁਲਜ਼ਮਾਂ ਨੂੰ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਗਿਆ ਹੈ।

315 ਬੋਰ ਦੇਸੀ ਪਿਸਤੌਲ ਤੇ ਤਿੰਨ ਜ਼ਿੰਦਾ ਕਾਰਤੂਸਾਂ ਸਮੇਤ 10 ਅਪਰਾਧਿਕ ਬਿਰਤੀ ਗੈਂਗਸਟਰ ਕਾਬੂ

➢ਲਾਰੈਂਸ ਗਰੁੱਪ ਨਾਲ ਸਬੰਧਤ ਗੁਰਵਿੰਦਰ ਸਿੰਘ ਵੀ ਗ੍ਰਿਫ਼ਤਾਰ

ਸਮਾਣਾ, 22 ਜਨਵਰੀ (ਵਿਜੇ ਕੁਮਾਰ) : ਪੰਜਾਬ ਪੁਲਿਸ ਵੱਲੋਂ ਗੈਂਗਸਟਰਾਂ, ਉਨ੍ਹਾਂ ਦੇ ਸਾਥੀਆਂ-ਸਹਿਯੋਗੀਆਂ ਅਤੇ ਅਪਰਾਧਿਕ ਬਿਰਤੀ ਵਾਲੇ ਲੋਕਾਂ ਖਿਲਾਫ਼ ਸ਼ੁਰੂ ਕੀਤੇ ਗਏ 'ਆਪ੍ਰੇਸ਼ਨ ਪ੍ਰਹਾਰ' ਤਹਿਤ ਸਮਾਣਾ ਸਬ-ਡਵੀਜ਼ਨ ਪੁਲਿਸ ਨੇ 315 ਬੋਰ ਦੇ ਇੱਕ ਦੇਸੀ ਪਿਸਤੌਲ ਅਤੇ ਤਿੰਨ ਜ਼ਿੰਦਾ ਕਾਰਤੂਸਾਂ ਸਮੇਤ ਲਾਰੈਂਸ ਗਰੁੱਪ ਨਾਲ ਸਬੰਧਤ ਗੈਂਗਸਟਰ ਗੁਰਵਿੰਦਰ ਸਿੰਘ ਨਿਵਾਸੀ ਪਿੰਡ ਬੂਟਾ ਸਿੰਘ ਵਾਲਾ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਡੀ.ਐਸ.ਪੀ. ਦਫ਼ਤਰ ਸਮਾਣਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਸਪੀ ਹੈਡ ਕੁਆਰਟਰ ਵੈਭਵ ਚੌਧਰੀ ਅਤੇ ਡੀ.ਐਸ.ਪੀ. ਸਮਾਣਾ ਫ਼ਤਹਿ ਸਿੰਘ ਬਰਾੜ ਨੇ ਦੱਸਿਆ ਕਿ ਪੁਲਿਸ ਨੇ ਵੱਖ-ਵੱਖ ਟੀਮਾਂ ਬਣਾ ਕੇ ਮਹਿਜ਼ 24 ਘੰਟਿਆਂ ਵਿੱਚ ਵੱਡੀ ਸਫਲਤਾ ਹਾਸਲ ਕਰਦਿਆਂ ਉਕਤ ਗੈਂਗਸਟਰ ਤੋਂ ਇਲਾਵਾ 10 ਹੋਰ ਸਮਾਜ ਵਿਰੋਧੀ ਅਨਸਰਾਂ ਅਤੇ ਅਪਰਾਧਿਕ ਪਿਛੋਕੜ ਵਾਲੇ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਅਧਿਕਾਰੀਆਂ ਅਨੁਸਾਰ ਪੁਲਿਸ ਅਪਰਾਧਿਕ ਬਿਰਤੀ ਵਾਲੇ ਲੋਕਾਂ ਦੇ ਸਾਥੀਆਂ ਬਾਰੇ ਵੀ ਜਾਣਕਾਰੀ ਹਾਸਲ ਕਰੇਗੀ ਅਤੇ ਕਿਸੇ ਵੀ ਅਪਰਾਧੀ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਨੇ ਅਜਿਹੇ ਅਨਸਰਾਂ ਬਾਰੇ ਪੁਲਿਸ ਨੂੰ ਜਾਣਕਾਰੀ ਦੇਣ ਲਈ ਮੋਬਾਈਲ ਨੰਬਰ 93946-93946 ਵੀ ਜਾਰੀ ਕੀਤਾ ਅਤੇ ਦੱਸਿਆ ਕਿ ਸੂਚਨਾ ਦੇਣ ਵਾਲੇ ਦਾ ਨਾਮ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ। ਇਸ ਆਪ੍ਰੇਸ਼ਨ ਤਹਿਤ ਲੋਕਾਂ ਨੂੰ ਡਰਾਉਣ-ਧਮਕਾਉਣ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ, ਤਾਂ ਜੋ ਲੋਕਾਂ ਵਿੱਚ ਸੁਰੱਖਿਆ ਅਤੇ ਵਿਸ਼ਵਾਸ ਦੀ ਭਾਵਨਾ ਪੈਦਾ ਹੋ ਸਕੇ।

ਜਤਵਿੰਦਰ ਗਰੇਵਾਲ ਵੱਲੋਂ ਤੁਰਨ-ਫਿਰਨ ਤੋਂ ਅਸੱਮਰਥ ਮਰੀਜ਼ਾਂ ਨੂੰ ਟ੍ਰਾਈਸਾਈਕਲ ਦੇਣ ਲਈ ਅੱਗੇ ਆਉਣਾ ਸ਼ਲਾਘਾਯੋਗ ਕਦਮ: ਪਰਮਿੰਦਰ ਭਲਵਾਨ

ਪਟਿਆਲਾ, 22 ਜਨਵਰੀ (ਚ.ਨ.ਸ.) :ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਪਾਵਰ ਹਾਊਸ ਯੂਥ ਕਲੱਬ, ਯੂਥ ਫੈਡਰੇਸ਼ਨ ਆਫ ਇੰਡੀਆ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵੱਲੋਂ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਦੇ ਸਹਿਯੋਗ ਨਾਲ ਚਾਰ ਲੋੜਵੰਦ ਮਰੀਜ਼ਾਂ ਨੂੰ ਟਰਾਈਸਾਈਕਲ ਦੇਣ ਲਈ ਪ੍ਰੋਗਰਾਮ ਦਾ ਆਯੋਜਨ ਗਿਆ। ਇਸ ਮੌਕੇ ਮੁੱਖ ਮਹਿਮਾਨ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਵੂਮੈਨ ਕੌਂਸਲਿੰਗ ਸੈਲ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ।ਵਿਸ਼ੇਸ਼ ਤੌਰ 'ਤੇ ਉਪਕਾਰ ਸਿੰਘ ਪ੍ਰਧਾਨ ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ, ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੌਰਮਿੰਟ ਬਿਕਰਮ ਕਾਲਜ ਆਫ ਕਾਮਰਸ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਬ੍ਰਹਮਜੋਤ ਸਿੰਘ ਵਿਦਿਆਰਥੀ ਓ ਪੀ ਜਿੰਦਲ ਗੲੋਲਬਲ ਲਾਅ ਯੂਨੀਵਰਸਿਟੀ ਸੋਨੀਪਤ,ਭਿੰਦਰ ਜਲਵੇੜਾ, ਹਰਮਨਜੀਤ ਸਿੰਘ ਰੰਧਾਵਾ ਨੇ ਭਰਪੂਰ ਸਹਿਯੋਗ ਦਿੱਤਾ।ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਤੁਰਨ ਫਿਰਨ ਤੋਂ ਅਸਮੱਰਥ ਚਾਰ ਲੋੜਵੰਦ ਮਰੀਜ਼ਾਂ ਨੂੰ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਵੱਲੋਂ ਟਰਾਈਸਾਈਕਲ ਦੇਣੀਆਂ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ । ਉਹਨਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਫਜ਼ੂਲ ਖਰਚੀ ਬੰਦ ਕਰਕੇ ਲੋੜਵੰਦ ਮਰੀਜ਼ਾਂ ਦੀ ਮਦਦ ਕਰਨੀ ਚਾਹੀਦੀ ਹੈ, ਤਾਂ ਜੋ ਕਿਸੇ ਲੋੜਵੰਦ ਦੀ ਮਦਦ ਹੋ ਸਕੇ।ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਵੱਲੋਂ ਹੁਣ ਤੱਕ 415 ਦੇ ਕਰੀਬ ਲੋੜਵੰਦਾਂ ਨੂੰ ਟਰਾਈਸਾਈਕਲ ਅਤੇ ਵੀਲਚੇਅਰ ਵੰਡੀਆਂ ਜਾ ਚੁੱਕੀਆਂ ਹਨ ਇਹ ਉਨ੍ਹਾਂ ਦਾ ਬਹੁਤ ਹੀ ਪ੍ਰਸੰਸਾਯੋਗ ਉਪਰਾਲਾ ਹੈ।

'ਮਿਸ ਲਿਟਲ ਪੰਜਾਬਣ' ਦਾ ਖਿਤਾਬ ਮਲਟੀਪਰਪਜ਼ ਸਕੂਲ ਦੀ ਸਪਨਾ ਦੇ ਹਿੱਸੇ ਆਇਆ

ਪਟਿਆਲਾ, 22 ਜਨਵਰੀ (ਰੁਪਾਣਾ) : ਲੜਕੀਆਂ ਦੇ ਹੁਨਰ 'ਚ ਹੋਰ ਵਾਧਾ ਕਰਨ ਅਤੇ ਉਨ੍ਹਾਂ ਦੇ ਹੁਨਰ ਨੂੰ ਚਮਕਾਉਣ ਲਈ ਤੇ ਉਨ੍ਹਾਂ ਦੇ ਅੰਦਰ ਦੀ ਪ੍ਰਤਿਭਾ ਨੂੰ ਉਜਾਗਰ ਕਰਨ ਦੇ ਮਕਸਦ ਨਾਲ ਕਰਵਾਏ ਗਏ 'ਮਿਸ ਲਿਟਲ ਪੰਜਾਬਣ' (ਸ਼ੇਰਨੀਆਂ ਦਾ ਮੁਕਾਬਲਾ) ਵਿਚ ਮਲਟੀਪਰਪਜ਼ ਸਕੂਲ ਦੀ ਵਿਦਿਆਰਥਣ ਸਪਨਾ ਨੇ ਮਿਸ ਲਿਟਲ ਪੰਜਾਬਣ ਦਾ ਖਿਤਾਬ ਜਿੱਤਿਆ।ਸਪਨਾ ਨੇ ਸੀਨੀਅਰ ਕੈਟਾਗਰੀ 'ਚ ਪਹਿਲਾ ਸਥਾਨ ਹਾਸਿਲ ਕਰਕੇ 5100 ਰੁਪਏ ਨਗਰ

ਪਟਿਆਲਾ-ਆਸ/ਪਾਸ

ਜੱਸੋਮਾਜਰਾ ਕਤਲ ਕਾਂਡ ਦਾ ਦੋਸ਼ੀ ਗ੍ਰਿਫ਼ਤਾਰ

➢ਜ਼ਮੀਨ ਦੇ ਲਾਲਚ 'ਚ ਕੀਤਾ ਸੀ ਭਰਾ ਦਾ ਕਤਲ

ਭਾਦਸੋਂ, 22 ਜਨਵਰੀ (ਭਰਪੂਰ ਸਿੰਘ ਮੱਟਰਾਂ) : ਬੀਤੇ ਦਿਨੀਂ ਥਾਣਾ ਭਾਦਸੋਂ ਦੇ ਅਧੀਨ ਆਉਂਦੇ ਪਿੰਡ ਜੱਸੋਮਾਜਰਾ ਵਿਚ ਇੱਕ ਨੌਜਵਾਨ ਦਾ ਕਤਲ ਹੋ ਗਿਆ ਸੀ, ਜਿਸਦੀ ਪੁਲਿਸ ਵੱਲੋਂ ਤਫਸ਼ੀਸ਼ੀ ਨਾਲ ਜਾਂਚ ਕਰਦੇ ਹੋਏ ਸਬੰਧਤ ਮਾਮਲੇ 'ਚ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ।ਅੱਜ ਥਾਣਾ ਭਾਦਸੋਂ ਵਿਖੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦੇ ਹੋਏ ਨਾਭਾ ਦੇ ਡੀ.ਐਸ.ਪੀ.ਗੁਰਿੰਦਰ ਸਿੰਘ ਬੱਲ ਨੇ ਦੱਸਿਆ ਕਿ ਬੀਤੇ ਦਿਨੀਂ ਪਿੰਡ ਜੱਸੋਮਾਜਰਾ ਵਿਚ 20 ਅਤੇ 21 ਜਨਵਰੀ 2026 ਦੀ ਦਰਮਿਆਨੀ ਰਾਤ ਨੂੰ ਸੰਦੀਪ ਸਿੰਘ ਉਰਫ ਦੀਪੂ ਦਾ ਕਤਲ ਕਰ ਦਿੱਤਾ ਗਿਆ ਸੀ ,ਜਿਸ ਦੇ ਸਬੰਧੀ ਪਰਿਵਾਰ ਵੱਲੋਂ ਥਾਣਾ ਭਾਦਸੋਂ ਵਿਖੇ ਇਤਲਾਹ ਵੀ ਦਿੱਤੀ ਗਈ ਸੀ।ਥਾਣਾ ਭਾਦਸੋਂ ਵੱਲੋਂ ਮਾਮਲੇ ਦੀ ਜਾਂਚ ਕਰਦੇ ਹੋਏ ਕਤਲ ਦੇ ਸਬੰਧ ਵਿਚ ਮ੍ਰਿਤਕ ਦੇ ਭਰਾ ਪਰਮਿੰਦਰ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਜੱਸੋਮਾਜਰਾ ਨੂੰ ਕਤਲ ਦੇ ਦੋਸ਼ੀ ਹੋਣ ਦੇ ਸ਼ੱਕ ਸਬੰਧੀ ਗ੍ਰਿਫਤਾਰ ਕਰ ਲਿਆ ਗਿਆ ।ਡੀ.ਐਸ.ਪੀ ਬੱਲ ਨੇ ਦੱਸਿਆ ਕਿ ਪਰਮਿੰਦਰ ਸਿੰਘ ਜੋ ਕਿ ਸ਼ਰਾਬ ਪੀਣ ਦਾ ਆਦੀ ਸੀ ਅਤੇ ਮ੍ਰਿਤਕ ਸੰਦੀਪ ਸਿੰਘ ਉਰਫ ਦੀਪੂ ਜੋ ਕਿ ਕੁਆਰਾ ਸੀ।ਉਸਦੀ ਜਮੀਨ ਹੜੱਪਣ ਦੇ ਲਾਲਚ ਵਿਚ ਪਰਮਿੰਦਰ ਸਿੰਘ ਨੇ ਸੰਦੀਪ ਦਾ ਕਤਲ ਕਰ ਦਿੱਤਾ ਗਿਆ ।ਉਨ੍ਹਾਂ ਦੱਸਿਆ ਕਿ ਥਾਣਾ ਭਾਦਸੋਂ ਮੁਖੀ ਸਬ ਇੰਸਪੈਕਟਰ ਗੁਰਨਾਮ ਸਿੰਘ ਦੁਆਰਾ ਪਰਮਿੰਦਰ ਸਿੰਘ ਨੂੰ ਵਰਤੇ ਗਏ ਸਬੰਧਤ ਤਰੰਗਲੀ ਸਮੇਤ ਕਾਬੂ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਗਈ ਹੈ ।ਉਨ੍ਹਾਂ ਦੱਸਿਆ ਕਿ ਪਰਮਿੰਦਰ ਸਿੰਘ ਨੂੰ ਮਾਣਯੋਗ ਅਦਾਲਤ ਵਿਚ ਪੇਸ਼ ਕਰ ਦਿੱਤਾ ਗਿਆ ਹੈ ।

ਪਲੇਅਵੇਜ਼ ਸਕੂਲ ਨੇ '51ਵਾਂ 'ਫਾਊਂਡਰਜ਼ ਡੇ' ਮਨਾਇਆ

ਪਟਿਆਲਾ, 22 ਜਨਵਰੀ (ਅਮਰਜੀਤ ਸਿੰਘ): ਪਲੇਅਵੇਜ਼ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਵਿੱਚ ਸਕੂਲ ਦਾ 51ਵਾਂ 'ਫਾਊਂਡਰ ਡੇ' ਮਨਾਇਆ ਗਿਆ। ਸਕੂਲ ਦੇ ਸੰਸਥਾਪਕ ਸਵ. ਸਰਦਾਰਨੀ ਤੇਜਿੰਦਰ ਕੌਰ ਜੀ ਨੇ ਸੰਨ 1975 ਈ. ਵਿੱਚ ਇਸ ਸਕੂਲ ਦੀ ਸਥਾਪਨਾ ਕੀਤੀ ਅਤੇ ਹਰ ਸਾਲ ਉਹਨਾਂ ਦੇ ਜਨਮਦਿਨ ਨੂੰ ਸਕੂਲ ਦੇ 'ਫਾਊਂਡਰ ਡੇ' ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਸ ਮੌਕੇ ਉਤੇ ਸਕੂਲ ਦੇ ਚੇਅਰਮੈਨ ਡਾਕਟਰ ਰਾਜਦੀਪ ਸਿੰਘ ਜੀ, ਡਾਇਰੈਕਟਰ ਹਰਲੀਨ ਕੌਰ ਤੇ ਪ੍ਰਿੰਸੀਪਲ ਰਕਸ਼ਾ ਵਰਮਾ ਜੀ ਦੀ ਦੇਖ-ਰੇਖ ਵਿੱਚ 20 ਜਨਵਰੀ ਨੂੰ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ।22 ਜਨਵਰੀ 2026 ਨੂੰ ਅਰਦਾਸ ਨਾਲ ਸਮਾਪਤੀ ਹੋਈ ਇਸ ਤੋਂ ਬਾਅਦ 11ਵਜੇ ਭਾਈ ਸਰਬਜੀਤ ਸਿੰਘ, ਪਟਨਾ ਸਾਹਿਬ ਵਾਲਿਆਂ ਵੱਲੋਂ ਕੀਰਤਨ ਦਰਬਾਰ ਸਜਾਇਆ ਗਿਆ ਅਤੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸਕੂਲ ਦੇ ਫਾਊਂਡਰ ਡੇ (ਸੰਸਥਾਪਕ ਦਿਵਸ) ਉੱਤੇ ਮੁੱਖ ਰੂਪ ਵਿੱਚ ਗਿਆਨੀ ਰਘੂਬੀਰ ਸਿੰਘ ਹੈੱਡ ਗ੍ਰੰਥੀ ਦਰਬਾਰ ਸਾਹਿਬ, ਅੰਮ੍ਰਿਤਸਰ ਸਾਹਿਬ, ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ (ਅਡੀਸ਼ਨਲ ਹੈੱਡ ਗ੍ਰੰਥੀ ਤਖ਼ਤ ਸ੍ਰੀ ਹਰਿਮੰਦਰ ਸਾਹਿਬ) ਪਟਨਾ ਸਾਹਿਬ, ਸਿੰਘ ਸਾਹਿਬ ਗਿਆਨੀ ਬਲਦੇਵ ਸਿੰਘ ਜੀ (ਜੱਥੇਦਾਰ ਤੇ ਹੈੱਡ ਗ੍ਰੰਥੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਜੱਥੇਦਾਰ ਬਲਜੀਤ ਸਿੰਘ ਦਾਦੂਵਾਲ ਅੰਬੈਸਡਰ ਆਫ਼ ਪੀਸ ਚੇਅਰਮੈਨ ਧਰਮ ਪ੍ਰਚਾਰ (ਐੱਚ. ਐੱਸ. ਜੀ. ਐੱਮ.ਸੀ), ਗਿਆਨੀ ਗਗਨਦੀਪ ਸਿੰਘ ਜੀ (ਹਜ਼ੂਰੀ ਕਥਾਵਾਚਕ ਤਖ਼ਤ ਸ੍ਰੀ ਹਰਿਮੰਦਰ ਜੀ), ਸ੍ਰੀ ਪਟਨਾ ਸਾਹਿਬ ਮੁੱਖ ਰੂਪ ਵਿੱਚ ਸ਼ਾਮਲ ਹੋਏ। ਇਸ ਤੋਂ ਇਲਾਵਾ ਸ਼ਹਿਰ ਦੇ ਐੱਮ.ਐੱਲ. ਏ. ਅਜੀਤਪਾਲ ਸਿੰਘ ਕੋਹਲੀ, ਗੁਰਦੇਵ ਸਿੰਘ ਮਾਨ, ਐੱਮ .ਐੱਲ.ਏ (ਨਾਭਾ), ਸ. ਹਰਪ੍ਰੀਤ ਸਿੰਘ ਦਰਦੀ ਡਾਇਰੈਕਟਰ ਚੜ੍ਹਦੀਕਲਾ ਗਰੁੱਪ, ਡਾ. ਪ੍ਰਭਲੀਨ ਸਿੰਘ ਓਐਸਡੀ ਹਰਿਆਣਾ ਆਦਿ ਵਿਸੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਸਾਰੇ ਪ੍ਰੋਗਰਾਮ ਦਾ ਪ੍ਰਬੰਧ ਡਾ. ਰਾਜਦੀਪ ਸਿੰਘ ਦੀ ਦੇਖ- ਰੇਖ ਵਿੱਚ ਕੀਤਾ ਗਿਆ। ਉਨ੍ਹਾਂ ਨੇ ਕਿਹਾ ਕਿ ਚਾਹੇ ਮਾਤਾ ਤਜਿੰਦਰ ਕੌਰ ਜੀ ਸਾਡੇ ਵਿੱਚ ਨਹੀਂ ਹਨ ਪਰ ਉਹਨਾਂ ਦੀਆਂ ਦੁਆਵਾਂ ਤੇ ਅਸੀਸਾਂ ਹਮੇਸ਼ਾ ਸਾਡੇ ਨਾਲ ਬਣੀਆਂ ਰਹਿਣਗੀਆਂ ।

ਸ੍ਰੀ ਰਾਮ ਲੱਲ੍ਹਾ ਮੂਰਤੀ ਸਥਾਪਨਾ ਦੇ ਦੋ ਸਾਲ ਪੂਰੇ ਹੋਣ ਦੀ ਖੁਸ਼ੀ 'ਚ ਸ੍ਰੀ ਰਾਮਾਇਣ ਜੀ ਦਾ ਪਾਠ ਕਰਵਾਇਆ

ਸਮਾਣਾ, 22 ਜਨਵਰੀ (ਵਿਜੇ ਕੁਮਾਰ) : ਅਯੁੱਧਿਆ 'ਚ ਸ਼੍ਰੀ ਰਾਮ ਲੱਲਾ ਮੂਰਤੀ ਸਥਾਪਨਾ ਦੇ 2 ਸਾਲ ਪੂਰੇ ਹੋਣ ਦੀ ਖੁਸ਼ੀ ਵਿੱਚ ਸਥਾਨਕ ਮੰਦਿਰ ਰਾਮ ਲੀਲਾ ਵਿਖੇ ਸੰਸਥਾ ਪ੍ਰਧਾਨ ਵੇਦ ਪ੍ਰਕਾਸ਼ ਕਾਂਸਲ ਦੀ ਪ੍ਰਧਾਨਗੀ ਹੇਠ ਰਖਵਾਏ ਗਏ ਸ਼੍ਰੀ ਰਾਮਾਇਣ ਜੀ ਦੇ ਪਾਠ ਦਾ ਭੋਗ ਪਾਇਆ ਗਿਆ। ਇਸ ਸਮਾਗਮ 'ਚ ਮਾਤਾ ਅਨੀਤਾ ਜੀ (ਰਿਸ਼ੀਕੇਸ਼ ਸੱਚਾ ਧਾਮ) ਵਾਲਿਆਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆਂ ਕਿਹਾ ਕਿ 'ਜੈ ਸ਼੍ਰੀ ਰਾਮ' ਵਰਗੇ ਨਾਅਰੇ ਅਤੇ 'ਸੀਤਾ ਰਾਮ' ਦਾ ਉਚਾਰਨ ਅੱਜ ਵੀ ਭਾਰਤੀ ਸਮਾਜ ਵਿੱਚ ਏਕਤਾ ਅਤੇ ਧਾਰਮਿਕ ਚੇਤਨਾ ਦਾ ਪ੍ਰਤੀਕ ਹੈ। ਉਹਨਾਂ ਅੱਗੇ ਕਿਹਾ ਕਿ ਅਯੁੱਧਿਆ ਵਿੱਚ ਸ਼੍ਰੀ ਰਾਮ ਮੰਦਰ ਦਾ ਨਿਰਮਾਣ ਆਸਥਾ ਦਾ ਪ੍ਰਤੀਕ ਹੈ ਅਤੇ ਭਗਵਾਨ ਰਾਮ ਦਾ ਜੀਵਨ ਅਤੇ ਸਿੱਖਿਆਵਾਂ ਅਜੋਕੇ ਸਮੇਂ ਵਿੱਚ ਵੀ ਸੱਚ, ਧਰਮ ਅਤੇ ਨਿਆਂ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕਰਦੀਆਂ ਹਨ। ਰਾਮਾਇਣ ਜੀ ਦਾ ਪਾਠ ਮੰਦਰ ਦੇ ਪੁਜਾਰੀ ਰਾਜਗੁਰੂ ਸ਼ਰਮਾ ਵੱਲੋਂ ਕੀਤਾ ਗਿਆ। ਇਸ ਮੌਕੇ ਰਿੰਕੂ ਚੋਪੜਾ, ਪ੍ਰਦੀਪ ਸ਼ਰਮਾ, ਨੀਟਾ ਸ਼ਰਮਾ, ਮਨਜੀਤ ਸਿੰਘ ਜੇ.ਈ., ਰਿੰਪੀ ਮੇਨਕਾ, ਰਮੇਸ਼ ਗਰਗ, ਰਮੇਸ਼ ਬਾਪੂ ਅਤੇ ਰਵਿੰਦਰ ਕਾਂਸਲ ਮੌਜੂਦ ਸਨ।

ਹਡਾਣਾ ਵੱਲੋਂ 6 ਪਿੰਡਾਂ 'ਚ ਗਲੀਆਂ-ਨਾਲੀਆਂ ਪੱਕੀਆਂ ਕਰਨ ਤੇ ਸਟਰੀਟ ਲਾਈਟਾਂ ਲਗਾਉਣ ਦੇ ਕੰਮਾਂ ਦਾ ਉਦਘਾਟਨ

ਦੇਵੀਗੜ੍ਹ, 22 ਜਨਵਰੀ (ਗੁਰਜੀਤ ਸਿੰਘ ਢੋਟ) : ਹਲਕਾ ਸਨੌਰ ਵਿੱਚ ਵਿਕਾਸ ਦੇ ਬਹੁਤ ਸਾਰੇ ਕਾਰਜ ਪਹਿਲਾਂ ਹੀ ਸ਼ੁਰੂ ਹਨ। ਇਨ੍ਹਾਂ ਵਿੱਚ ਹੋਰ ਵਾਧਾ ਕਰਦਿਆਂ ਅੱਜ ਹਲਕਾ ਸਨੌਰ ਦੇ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਨਗਰ ਪੰਚਾਇਤ ਦੇਵੀਗੜ੍ਹ ਅਧੀਨ ਆਉਂਦੇ ਛੇ ਪਿੰਡਾਂ ਵਿੱਚ 1.75 ਕਰੋੜ ਦੀ ਲਾਗਤ ਨਾਲ ਗਲੀਆਂ ਵਿੱਚ ਇੰਟਰਲਾਕਿੰਗ ਟਾਇਲਾਂ ਲਗਾਉਣ ਦੇ ਕੰਮ ਸ਼ੁਰੂ ਕਰਵਾ ਦਿੱਤੇ ਹਨ। ਇਸ ਮੌਕੇ ਚੋਣਵੇਂ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਹਡਾਣਾ ਨੇ ਕਿਹਾ ਕਿ ਕਸਬਾ ਦੇਵੀਗੜ੍ਹ ਦਾ ਬਹੁਤ ਜ਼ਿਆਦਾ ਵਿਕਾਸ ਕਰਵਾ ਕੇ ਇਸ ਨੂੰ ਨਮੂਨੇ ਦਾ ਸ਼ਹਿਰ ਬਣਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਨ੍ਹਾਂ ਪਿੰਡਾਂ ਦੀਆਂ ਗਲੀਆਂ ਵਿੱਚ ਇੰਟਰਲਾਕਿੰਗ ਟਾਈਲਾਂ ਲਗਾਈਆਂ ਜਾਣੀਆਂ ਹਨ, ਉਨ੍ਹਾਂ ਵਿੱਚ ਕਸਬਾ ਦੇਵੀਗੜ੍ਹ, ਰਾਮ ਨਗਰ ਚੂੰਨੀਵਾਲਾ, ਜੈ ਨਗਰ, ਭੰਬੂਆਂ, ਛੰਨਾਂ ਅਤੇ ਜੁਲਕਾਂ ਆਦਿ ਸ਼ਾਮਲ ਹਨ। ਇਸ ਤੋਂ ਇਲਾਵਾ ਅੱਡਾ ਦੇਵੀਗੜ੍ਹ, ਭੰਬੂਆਂ, ਅਤੇ ਜੁਲਕਾਂ ਵਿਖੇ ਸਟਰੀਟ ਲਾਈਟਾਂ ਲਗਾਈਆਂ ਜਾਣਗੀਆਂ। ਹਡਾਣਾ ਨੇ ਕਿਹਾ ਹੈ ਕਿ ਹਲਕਾ ਸਨੌਰ ਵਿੱਚ 44/45 ਦੇ ਲਗਭਗ ਲਿੰਕ ਸੜਕਾਂ ਦਾ ਕੰਮ ਬਹੁਤ ਜਲਦੀ ਸ਼ੁਰੂ ਕੀਤਾ ਜਾ ਰਿਹਾ ਹੈ, ਜਿਸ ਨਾਲ ਪਿੰਡਾਂ ਦੇ ਲੋਕਾਂ ਨੂੰ ਆਉਣ ਜਾਣ ਵਿੱਚ ਸਹੂਲਤ ਪ੍ਰਾਪਤ ਹੋਵੇਗੀ। ਇਸ ਤੋਂ ਇਲਾਵਾ ਪਟਿਆਲਾ-ਪਹੇਵਾ ਵਾਇਆ ਦੇਵੀਗੜ੍ਹ ਰਾਜ ਮਾਰਗ 'ਤੇ ਮੀਰਾਂਪੁਰ ਤੋਂ ਲੈ ਕੇ ਹਰਿਆਣਾ ਬਾਰਡਰ ਤੱਕ ਅਤੇ ਛੰਨਾਂ ਮੋੜ ਤੋਂ ਨਨਿਓਲਾ ਹਰਿਆਣਾ ਬਾਰਡਰ ਤੱਕ ਇਨ੍ਹਾਂ ਸੜਕਾਂ ਉਪਰ ਸਰਦੀ ਲੰਘਦਿਆਂ ਹੀ ਮੁੜ ਵੱਡੇ ਪੱਧਰ 'ਤੇ ਕੰਮ ਸ਼ੁਰੂ ਕਰਵਾ ਦਿੱਤੇ ਜਾਣਗੇ। ਇਸ ਤੋਂ ਇਲਾਵਾ ਟਾਂਗਰੀ ਨਦੀ ਦੀ ਖੁਦਾਈ ਅਤੇ ਬੰਨ੍ਹਾਂ ਨੂੰ ਚੌੜਾ ਅਤੇ ਮਜ਼ਬੂਤ ਕਰਨ ਦਾ ਕੰਮ ਵੀ ਜ਼ੋਰਾਂ ਸ਼ੋਰਾਂ ਨਾਲ ਚੱਲ ਰਿਹਾ ਹੈ, ਜਿਸ ਦਾ 50 ਫੀਸਦੀ ਕੁ ਕੰਮ ਮੁਕੰਮਲ ਹੋ ਚੁੱਕਾ ਹੈ। ਟਾਂਗਰੀ ਦੀ ਖੁਦਾਈ ਹੋਣ ਉਪਰੰਤ ਇਸ ਵਿੱਚ ਆਉਂਦੇ ਹੜ੍ਹ ਦੇ ਪਾਣੀ ਦਾ ਖਤਰਾ ਖਤਮ ਹੋ ਜਾਵੇਗਾ, ਜਿਸ ਦਾ ਟਾਂਗਰੀ ਦੇ ਨਾਲ ਲਗਦੇ ਪਿੰਡਾਂ ਨੂੰ ਭਾਰੀ ਲਾਭ ਹੋਵੇਗਾ। ਇਸ ਮੌਕੇ ਉਨ੍ਹਾਂ ਨਾਲ ਨਗਰ ਪੰਚਾਇਤ ਦੇਵੀਗੜ੍ਹ ਦੀ ਪ੍ਰਧਾਨ ਸਵਿੰਦਰ ਕੌਰ ਧੰਜੂ, ਲਖਬੀਰ ਸਿੰਘ ਕਾਰਜ ਸਾਧਕ ਅਫਸਰ, ਜੇ.ਈ. ਕੁਲਜਿੰਦਰ ਸਿੰਘ, ਬਲਦੇਵ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਦੁੱਧਨਸਾਧਾਂ, ਵੇਦ ਪ੍ਰਕਾਸ਼ ਗਰਗ ਚੇਅਰਮੈਨ ਵਪਾਰ ਮੰਡਲ ਹਲਕਾ ਸਨੌਰ, ਮਹੇਸ਼ ਕੁਮਾਰ ਸਿੰਗਲਾ, ਸਿਰੀ ਰਾਮ ਗੁਪਤਾ, ਗੁਰਮੀਤ ਸਿੰਘ ਵਿਰਕ ਮੈਂਬਰ ਜ਼ਿਲਾ ਪ੍ਰੀਸ਼ਦ, ਗੁਰਿੰਦਰਪਾਲ ਸਿੰਘ ਅਦਾਲਤੀਵਾਲਾ, ਕਮਲੇਸ਼ ਰਾਣੀ, ਪ੍ਰੇਮ ਖਨੇਜਾ, ਰਾਜਾ ਧੰਜੂ, ਕਰਮਜੀਤ ਸਿੰਘ ਕੌਂਸਲਰ ਰੁੜਕੀ, ਬੂਟਾ ਸਿੰਘ ਥਿੰਦ ਛੰਨਾਂ, ਭੂਪਿੰਦਰ ਸਿੰਘ ਪ੍ਰਧਾਨ ਸ਼ੈਲਰ ਐਸੋਸੀਏਸ਼ਨ ਦੇਵੀਗੜ੍ਹ, ਸੁਰਜੀਤ ਕਾਲੜਾ, ਬਲਿਹਾਰ ਸਿੰਘ ਕੌਂਸਲਰ, ਪਰਮਜੀਤ ਸ਼ਰਮਾ ਸਰਪੰਚ, ਜੱਗਾ ਜ਼ੁਲਕਾਂ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਅੱਡਾ ਨਿਵਾਸੀ ਮੌਜੂਦ ਸਨ।

ਸੜਕ ਸੁਰੱਖਿਆ ਮਾਹ ਤਹਿਤ ਵਾਹਨਾਂ 'ਤੇ ਰਿਫਲੈਕਟਰ ਲਗਾਏ

ਪਟਿਆਲਾ, 22 ਜਨਵਰੀ (ਰੁਪਾਣਾ) : ਇੱਥੇ ਸਰਹੰਦ ਰੋਡ ਬਾਈਪਾਸ 'ਤੇ ਡੀਐਸਪੀ ਪੁਨੀਤ ਚਹਿਲ ਤੇ ਟ੍ਰੈਫਿਕ ਸਿਟੀ-2 ਦੇ ਇੰਚਾਰਜ ਜਗਵਿੰਦਰ ਬੁੱਟਰ ਵੱਲੋਂ ਟਰੈਕਟਰ ਟਰਾਲੀਆਂ ਆਟੋ ਤੇ ਰਿਫੈਕਟਰ ਲਾਏ ਗਏ। ਇਸ ਮੌਕੇ ਉਨ੍ਹਾਂ ਕਿਹਾ ਕਿ ਉੱਚ ਅਧਿਕਾਰੀਆਂ ਦੇ ਦਿਸ਼ਾ ਨਿਰਦੇਸ਼ਾਂ ਹੇਠ ਸੜਕ 'ਤੇ ਹੈਵੀ ਵਹੀਕਲ ਟਰੈਕਟਰ ਟਰਾਲੀਆਂ ਅਤੇ ਜੁਗਾੜੂ ਰੇੜੀਆਂ ਦੇ ਪਿੱਛੇ ਰਿਫਰੈਕਟਲ ਲਗਾਏ ਜਾ ਰਹੇ ਹਨ। ਉਹਨਾਂ ਕਿਹਾ ਕਿ ਧੁੰਦ ਦਾ ਮੌਸਮ ਹੈ ਅਤੇ ਸੜਕ 'ਤੇ ਵਿਜੀਬਿਲਟੀ ਘੱਟ ਹੁੰਦੀ ਹੈ ਅਤੇ ਸੜਕਾਂ 'ਤੇ ਬਹੁਤ ਹੀ ਦੂਰ ਤੱਕ ਦਿਖਾਈ ਨਹੀਂ ਦਿੰਦਾ ਜਦੋਂ ਵਾਹਨਾਂ ਪਿੱਛੇ ਰਿਫਲੈਕਟਰ ਲੱਗੇ ਹੁੰਦੇ ਹਨ ਤਾਂ ਸੜਕ 'ਤੇ ਇਹਨਾਂ ਦੇ ਚੱਲਣ ਸਮੇਂ ਜਾਂ ਸਾਈਡ 'ਤੇ ਰੁਕਣ ਸਮੇਂ ਪਤਾ ਚੱਲ ਜਾਂਦਾ ਹੈ। ਉਹਨਾਂ ਦੱਸਿਆ ਕਿ ਜਿਆਦਾ ਹਾਦਸੇ ਸਰਦੀਆਂ ਵਿਚ ਧੁੰਦ ਕਾਰਨ ਹੁੰਦੇ ਹਨ, ਇਹਨਾਂ ਰਿਫਲੈਕਟਰਾਂ ਕਾਰਨ ਸੜਕ 'ਤੇ ਜਾ ਰਹੇ ਵਾਹਨ ਜਾਂ ਖੜੇ ਵਾਹਨ ਦਾ ਡਰਾਈਵਰ ਨੂੰ ਪਤਾ ਚਲ ਜਾਂਦਾ ਹੈ ਅਤੇ ਹਾਦਸਾ ਹੋਣ ਤੋਂ ਬਚ ਜਾਂਦਾ ਹੈ। ਪੁਨੀਤ ਚਹਿਲ ਨੇ ਵਾਹਨ ਚਾਲਕਾਂ ਨੂੰ ਅਪੀਲ ਕੀਤੀ ਹੈ ਕਿ ਧੁੰਦ ਦੇ ਸਮੇਂ ਵਿਚ ਆਪਣੀਆਂ ਆਪਣੀਆਂ ਗੱਡੀਆਂ, ਟਰੈਕਟਰ ਟਰਾਲੀਆਂ 'ਤੇ ਰਿਫਲੈਕਟਰ ਜ਼ਰੂਰ ਲਗਾਏ ਜਾਣ, ਤਾਂ ਜੋ ਕੋਈ ਵੱਡਾ ਹਾਦਸਾ ਨਾ ਵਾਪਰ ਸਕੇ।

ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਨੇ ਹਲਕੇ ਦੇ ਪਿੰਡਾਂ 'ਚੋਂ ਚਿੱਪ ਵਾਲੇ ਮੀਟਰ ਉਤਾਰੇ

ਨਾਭਾ, 22 ਜਨਵਰੀ (ਬਲਜਿੰਦਰ ਮਾਨ) : ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਬਲਾਕ ਨਾਭਾ ਵੱਲੋਂ ਜ਼ਿਲ੍ਹਾ ਆਗੂ ਪਰਵਿੰਦਰ ਸਿੰਘ ਬਾਬਰਪੁਰ ਦੀ ਅਗਵਾਈ ਹੇਠ ਅੱਜ (ਕਿਸਾਨ ਮਜ਼ਦੂਰ ਮੋਰਚਾ) ਦੇ ਸੱਦੇ 'ਤੇ ਬਿਜਲੀ ਐਕਟ 2025 ਦੇ ਵਿਰੋਧ ਵਿੱਚ ਦੂਸਰੇ ਪੜਾਅ ਦੌਰਾਨ ਬਲਾਕ ਦੇ ਵੱਖ-ਵੱਖ ਪਿੰਡਾਂ ਵਿੱਚੋਂ ਚਿੱਪ ਵਾਲੇ ਮੀਟਰ ਲੋਕਾਂ ਦੀ ਸਹਿਮਤੀ ਦੇ ਨਾਲ ਪੱਟ ਕੇ ਮਹਿਕਮੇ ਕੋਲ ਜਮਾਂ ਕਰਵਾਏ ਅਤੇ ਉਹਨਾਂ ਕਿਹਾ ਕਿ ਪੰਜਾਬ ਸਰਕਾਰ ਬਿਜਲੀ ਐਕਟ 2025 ਜੋ ਕੇਂਦਰ ਸਰਕਾਰ ਵੱਲੋਂ ਰਾਜਾਂ ਕੋਲ ਨਵੇਂ ਬਿਜਲੀ ਸੋਧ ਬਿੱਲ ਦਾ ਖਰੜਾ ਆਇਆ ਹੈ ਉਸ ਨੂੰ ਪੰਜਾਬ ਸਰਕਾਰ ਮੁੱਢੋਂ ਰੱਦ ਕਰੇ ਸਿਰਫ ਬਿਆਨਬਾਜ਼ੀ ਨਾਲ ਸਰਕਾਰ ਸਿਆਸਤ ਨਾ ਕਰੇ ਅਤੇ ਲਿਖਤੀ ਰੂਪ ਵਿੱਚ ਰੱਦ ਕਰਕੇ ਜਨਤਕ ਕਰੇ, ਕਿਉਂਕਿ ਇਹ ਬਿਜਲੀ ਐਕਟ 2025 ਹਰ ਵਰਗ ਲਈ ਖਤਰਾ ਸਾਬਤ ਹੋ ਜਾਣਾ। ਬਿਜਲੀ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਜਾਣੀ ਹੈ ਅਤੇ ਬਿਜਲੀ ਬੋਰਡ ਦੀਆਂ ਜਾਇਦਾਦਾਂ ਕਾਰਪੋਰੇਟ ਅਦਾਰਿਆਂ ਦੇ ਹਵਾਲੇ ਹੋ ਜਾਣਗੀਆਂ। ਬਲਾਕ ਆਗੂ ਗਮਦੂਰ ਸਿੰਘ ਨੇ ਬੋਲਦਿਆਂ ਕਿਹਾ ਕਿ ਸਰਕਾਰ ਬਿਜਲੀ ਐਕਟ ਰੱਦ ਕਰਕੇ ਚਿੱਪ ਵਾਲੇ ਮੀਟਰ ਜੋ ਧੱਕੇ ਨਾਲ ਲੋਕਾਂ 'ਤੇ ਥੋਪੇ ਜਾ ਰਹੇ ਨੇ ਉਸ ਨੂੰ ਬੰਦ ਕਰੇ ਅਤੇ ਪੁਰਾਣੇ ਮੀਟਰ ਲੋਕਾਂ ਦੇ ਘਰ ਉੱਪਰ ਲਗਾਏ ਜਾਣ ਉਸ ਮੁਤਾਬਕ ਹੀ ਲੋਕ ਬਿੱਲ ਭਰਨ ਲਈ ਤਿਆਰ ਹਨ, ਜਦ ਤੱਕ ਪੁਰਾਣੇ ਮੀਟਰ ਨਹੀਂ ਲੱਗ ਜਾਂਦੇ ਐਵਰੇਜ ਦੇ ਮੁਤਾਬਕ ਹੀ ਬਿੱਲ ਭਰੇ ਜਾਣਗੇ ਜੇਕਰ ਸਰਕਾਰ ਕਿਸੇ ਤਰ੍ਹਾਂ ਦੇ ਵੀ ਜੁਰਮਾਨੇ ਲੋਕਾਂ ਉੱਪਰ ਪਾਉਣ ਦੀ ਕੋਸ਼ਿਸ਼ ਕਰੇਗੀ ਤਾਂ ਮੋਰਚਾ ਇਸ 'ਤੇ ਸਖ਼ਤ ਸਟੈਂਡ ਲੈ ਕੇ ਵੱਡੇ ਪ੍ਰੋਗਰਾਮ ਸਰਕਾਰ ਵਿਰੁੱਧ ਖੋਲੇਗਾ। ਇਸ ਮੌਕੇ ਵਿਸਕੀ ਕਕਰਾਲਾ, ਜਗਰੂਪ ਬਾਬਰਪੁਰ, ਕਾਕਾ ਘਣੀਵਾਲ , ਕੁਲਦੀਪ ਗੁੱਜਰਹੇੜੀ, ਦਰਸ਼ਨ ਸਕੌ

ਪੰਜਾਬ ਦੇ 65 ਲੱਖ ਪਰਿਵਾਰਾਂ ਨੂੰ ਮੁਫ਼ਤ ਇਲਾਜ ਦੀ ਸਹੂਲਤ, ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਆਗਾਜ਼

10 ਲੱਖ ਤੱਕ ਮੁਫ਼ਤ ਇਲਾਜ ਦੇਣ ਵਾਲਾ ਪਹਿਲਾ ਸੂਬਾ ਬਣਿਆ ਪੰਜਾਬ : ਸੌਂਦ

ਖੰਨਾ, (ਲੁਧਿਆਣਾ), 22 ਜਨਵਰੀ (ਸੰਜੀਵ ਲਹਿਲ) : ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਵੱਲੋਂ ਮੋਹਾਲੀ ਵਿਖੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਆਗਾਜ਼ ਕੀਤਾ ਗਿਆ। ਇਸ ਇਤਿਹਾਸਿਕ ਫੈਸਲੇ ਨਾਲ ਪੰਜਾਬ ਦੇ ਕਰੀਬ 65 ਲੱਖ ਪਰਿਵਾਰਾਂ ਨੂੰ 10 ਲੱਖ ਰੁਪਏ ਤੱਕ ਤੇ ਮੁਫਤ ਇਲਾਜ ਦੀ ਸਹੂਲਤ ਦੇ ਕੇ ਪੰਜਾਬ ਦੀ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਸੂਬੇ ਦੇ ਲੋਕਾਂ ਨੂੰ ਵੱਡਾ ਤੋਹਫਾ ਦੇ ਕੇ ਆਪਣਾ ਇੱਕ ਹੋਰ ਵਾਅਦਾ ਪੂਰਾ ਕਰ ਦਿੱਤਾ ਹੈ। ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੈ ਬਣ ਗਿਆ ਹੈ ਜਿਸ ਨੇ ਹਰੇਕ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫਤ ਇਲਾਜ ਦੀ ਸਹੂਲਤ ਦਿੱਤੀ ਹੈ।

ਇਹ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਖੰਨਾ ਦੇ ਵਿਧਾਇਕ ਅਤੇ ਪੰਜਾਬ ਦੇ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲੇ, ਕਿਰਤ, ਪ੍ਰਾਹੁਣਚਾਰੀ ਅਤੇ ਪੇਂਡੂ ਵਿਕਾਸ ਤੇ ਪੰਚਾਇਤਾਂ ਮੰਤਰੀ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਲਲਹੇੜੀ ਚੌਕ, ਖੰਨਾ ਵਿਖੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਆਗਾਜ਼ ਪ੍ਰੋਗਰਾਮ ਦੇ ਆਨਲਾਈਨ ਪ੍ਰਸਾਰਣ ਕੀਤੇ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਕੀਤਾ। ਇਸ ਚਲਾਏ ਗਏ ਸਿੱਧੇ ਪ੍ਰਸਾਰਣ ਸਮਾਗਮ ਵਿੱਚ ਹਲਕਾ ਖੰਨਾ ਦੇ ਵੱਡੀ ਗਿਣਤੀ ਲੋਕਾਂ ਨੇ ਸ਼ਮੂਲੀਅਤ ਕੀਤੀ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦੇ ਵਿਚਾਰ ਸੁਣੇ।

ਕੈਬਨਿਟ ਮੰਤਰੀ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਲੋਕਾਂ ਨਾਲ ਜੋ ਵਾਅਦੇ ਕੀਤੇ ਸਨ, ਉਹਨਾਂ ਨੂੰ ਇਕ-ਇਕ ਕਰਕੇ ਅਮਲ ਵਿੱਚ ਲਿਆਂਦਾ ਜਾ ਰਿਹਾ ਹੈ ਅਤੇ ਮੁੱਖ ਮੰਤਰੀ ਸਿਹਤ ਯੋਜਨਾ ਕਾਰਡ ਇਸ ਦੀ ਸਭ ਤੋਂ ਵੱਡੀ ਮਿਸਾਲ ਹੈ।

ਮੰਤਰੀ ਸੌਂਦ ਨੇ ਕਿਹਾ ਕਿ ਇਹ ਸਿਹਤ ਬੀਮਾ ਸਕੀਮ ਪੰਜਾਬ ਭਰ ਵਿੱਚ ਲਾਗੂ ਕਰ ਦਿੱਤੀ ਗਈ ਹੈ। ਇਸ ਨਾਲ ਹਰ ਵਰਗ ਦੇ ਲੋਕਾਂ ਨੂੰ ਬਿਨਾਂ ਕਿਸੇ ਭੇਦਭਾਵ ਦੇ ਇਲਾਜ ਦੀ ਸਹੂਲਤ ਮਿਲੇਗੀ। ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਸਰਕਾਰ ਦਾ ਮਕਸਦ ਸਿਰਫ਼ ਸੱਤਾ ਹਾਸਲ ਕਰਨਾ ਨਹੀਂ, ਸਗੋਂ ਲੋਕਾਂ ਦੀ ਸਿਹਤ, ਸਿੱਖਿਆ ਅਤੇ ਭਲਾਈ ਨੂੰ ਪਹਿਲ ਦੇਣਾ ਹੈ। ਇਹ ਸਕੀਮ ਆਮ ਆਦਮੀ ਪਾਰਟੀ ਦੀ ਲੋਕ ਪੱਖੀ ਸੋਚ ਅਤੇ ਇਮਾਨਦਾਰ ਨੀਅਤ ਨੂੰ ਦਰਸਾਉਂਦੀ ਹੈ।

ਜਤਿੰਦਰਪਾਲ ਸਿੰਘ (ਪਾਲੀ ਵੀਰ ਜੀ) ਦੀ ਅੰਤਿਮ ਅਰਦਾਸ ਮੌਕੇ ਪੁੱਜੇ ਵੱਖ-ਵੱਖ ਆਗੂ

ਲੁਧਿਆਣਾ, 22 ਜਨਵਰੀ (ਕਰਨੈਲ ਸਿੰਘ ਐਮ.ਏ.) : ਸ਼ਹਿਰ ਦੇ ਪ੍ਰਸਿੱਧ ਕਾਰੋਬਾਰੀ ਅਤੇ ਸਮਾਜ ਸੇਵਕ ਜਤਿੰਦਰਪਾਲ ਸਿੰਘ (ਪਾਲੀ ਵੀਰ ਜੀ) ਜਿਨ੍ਹਾਂ ਦਾ ਪਿਛਲੇ ਦਿਨੀਂ ਦੇਹਾਂਤ ਹੋ ਗਿਆ ਸੀ। ਉਹਨਾਂ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨ ਅਤੇ ਅੰਤਿਮ ਅਰਦਾਸ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਕਿਚਲੂ ਨਗਰ, ਲੁਧਿਆਣਾ ਵਿਖੇ ਹੋਈ। ਸ਼ਹਿਰ ਦੇ ਨਾਮੀ ਰੈਡੀਮੇਡ ਕਾਰੋਬਾਰੀ ਅਤੇ ਭਾਈ ਮੰਨਾਂ ਸਿੰਘ ਨਗਰ ਮੈਨੂੰਫੈਕਚਰਰ ਅਤੇ ਟਰੇਡਰ ਐਸੋਸੀਏਸ਼ਨ ਦੇ ਚੇਅਰਮੈਨ ਅਰਵਿੰਦਰ ਸਿੰਘ ਟੋਨੀ ਅਤੇ ਦਵਿੰਦਰ ਸਿੰਘ ਲੱਕੀ ਦੇ ਜੀਜਾ ਜੀ, ਪਾਲੀ ਵੀਰ ਜੀ ਨਮਿਤ ਹੋਈ ਅੰਤਿਮ ਅਰਦਾਸ ਵਿੱਚ ਰਾਗੀ ਸਿੰਘਾਂ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ ਅਤੇ ਜੀਵਨ ਉਪਰ ਰੌਸ਼ਨੀ ਪਾਈ। ਇਸ ਮੌਕੇ ਵੱਡੀ ਗਿਣਤੀ ਵਿੱਚ ਸ਼ਹਿਰ ਦੀਆਂ ਰਾਜਨੀਤਿਕ, ਸਮਾਜਿਕ, ਵਪਾਰਕ ਅਤੇ ਧਾਰਮਿਕ ਜੱਥੇਬੰਦੀਆਂ ਦੇ ਆਗੂ ਮੌਜੂਦ ਸਨ। ਅੰਤਿਮ ਅਰਦਾਸ ਮੌਕੇ ਸੀਨੀਅਰ ਅਕਾਲੀ ਆਗੂ ਬਾਬਾ ਅਜੀਤ ਸਿੰਘ ਵੱਲੋਂ ਸਵ: ਪਾਲੀ ਵੀਰ ਜੀ ਦੇ ਜੀਵਨ ਉੱਪਰ ਰੌਸ਼ਨੀ ਪਾਉਂਦੇ ਹੋਏ ਦੱਸਿਆ ਕਿ ਉਹ ਬੜੇ ਹੀ ਧਾਰਮਿਕ ਵਿਚਾਰਾਂ ਦਾ ਧਾਰਨੀ ਸਨ ਅਤੇ ਵੱਖ-ਵੱਖ ਜੱਥੇਬੰਦੀਆਂ ਨਾਲ ਜੁੜੇ ਹੋਏ ਸਨ ਅਤੇ ਦੂਸਰਿਆਂ ਦੇ ਦੁੱਖ-ਸੁੱਖ ਵਿੱਚ ਕੰਮ ਵੀ ਆਉਂਦੇ ਸਨ। ਅੰਤਿਮ ਅਰਦਾਸ ਵਿੱਚ ਸਾਬਕਾ ਮੰਤਰੀ ਜੱਥੇਦਾਰ ਹੀਰਾ ਸਿੰਘ ਗਾਬੜੀਆ, ਜੱਥੇਦਾਰ ਪ੍ਰਹਲਾਦ ਸਿੰਘ ਢੱਲ, ਪ੍ਰਧਾਨ ਗੁਰਿੰਦਰ ਸਿੰਘ ਜੌਲੀ, ਸਰਪ੍ਰਸਤ ਅਮਰਜੀਤ ਸਿੰਘ ਹੈਪੀ, ਸੀਨੀਅਰ ਮੀਤ ਪ੍ਰਧਾਨ ਅਮਰੀਕ ਸਿੰਘ ਬੌਬੀ, ਬਠਿੰਡਾ ਤੋਂ ਸ: ਸੁਖਬੀਰ ਸਿੰਘ, ਨੌਜਵਾਨ ਆਰਕੀਟੈਕਟ ਅਤੇ ਅਕਾਲੀ ਆਗੂ ਹਰਸਿਮਰਨ ਸਿੰਘ, ਜਸਪਾਲ ਸਿੰਘ ਸਹਿਜਾਦਾ, ਹਰਜਿੰਦਰ ਸਿੰਘ ਅਰੀਸਟੋ, ਇੰਦਰਜੀਤ ਸਿੰਘ, ਪ੍ਰਿਤਪਾਲ ਸਿੰਘ, ਦਵਿੰਦਰ ਸਿੰਘ ਜੋਤੀ, ਕੰਵਲਜੀਤ ਸਿੰਘ ਬੌਬੀ, ਜਗਦੀਪ ਸਿੰਘ ਹੰਨੀ, ਪਰਮਪਾਲ ਸਿੰਘ ਵਿੱਟੀ, ਚਰਨਜੀਤ ਸਿੰਘ ਚੰਨੀ, ਰਵਿੰਦਰ ਸਿੰਘ ਬਵੇਜਾ ਅਤੇ ਵੱਡੀ ਗਿਣਤੀ ਵਿੱਚ ਵੱਖ-ਵੱਖ ਜੱਥੇਬੰਦੀਆਂ ਨਾਲ ਜੁੜੇ ਆਗੂ ਮੌਜੂਦ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਦੇ ਆਗਮਨ ਪੁਰਬ ਨੂੰ ਸਮਰਪਿਤ ਸਮਾਗਮ, ਸੰਤਾਂ-ਮਹਾਂਪੁਰਸ਼ਾਂ ਨੇ ਹਾਜ਼ਰੀ ਭਰੀ

ਲੁਧਿਆਣਾ, 22 ਜਨਵਰੀ (ਰਵਿੰਦਰ ਸਿੰਘ ਨਿੱਝਰ) : ਸ੍ਰੀ ਨਾਨਕ ਸਾਹਿਬ ਦਰਬਾਰ ਠਾਠ ਡਾਂਗੋਂ ਵਿਖੇ ਬਾਬਾ ਸਰਬਜੋਤ ਸਿੰਘ ਡਾਂਗੋ ਵਾਲਿਆਂ ਦੀ ਅਗਵਾਈ ਹੇਠ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਆਗਮਨ ਪੁਰਬ ਅਤੇ ਬਾਬਾ ਮੀਹਾਂ ਸਿੰਘ ਜੀ ਤੇ ਜਨਮ ਦਿਹਾੜੇ ਨੂੰ ਸਮਰਪਿਤ 27ਵੇਂ ਸਲਾਨਾ ਸਮਾਗਮ ਦੇ ਤੀਸਰੇ ਦਿਨ ਸੰਤ ਜਸਕਰਨ ਸਿੰਘ ਜਨਹੇੜੀਆਂ ਵਾਲਿਆਂ ਅਤੇ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਦਵਿੰਦਰ ਸਿੰਘ ਸੋਢੀ ਨੇ ਵੱਡੀ ਗਿਣਤੀ ਵਿੱਚ ਜੁੜੀਆਂ ਸੰਗਤਾਂ ਨੂੰ ਗੁਰਬਾਣੀ ਲੜ ਜੋੜਦਿਆਂ ਜਿੱਥੇ ਦਸ਼ਮੇਸ਼ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਬਾਲ ਰੂਪ ਦਾ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ, ਉੱਥੇ ਹੀ ਉਨ੍ਹਾਂ ਕਿਹਾ ਕਿ ਸਾਧੂ ਦੀ ਸੰਗਤ ਐਵੇਂ ਨੀ ਮਿਲਦੀ, ਜਦੋਂ ਪੂਰਬਲੇ ਕਰਮ ਜਾਗਦੇ ਆ ਤਾਂ ਹੀ ਸਾਧੂ ਦੀ ਸੰਗਤ ਮਿਲਦੀ ਹੈ।ਉਨ੍ਹਾਂ ਕਿਹਾ ਕਿ ਬਾਬਾ ਮੀਹਾਂ ਸਿੰਘ ਜੀ ਦਾ ਆਗਮਨ ਸਮੁੱਚੀ ਲੋਕਾਈ ਦੇ ਭਲੇ ਲਈ ਹੀ ਹੋਇਆ ਤੇ ਜਿਨਾਂ ਨੇ ਦੇਸ਼ਾਂ ਵਿਦੇਸ਼ਾਂ ਵਿਚ ਗੁਰਮਤਿ ਦਾ ਪ੍ਰਚਾਰ ਕਰਦਿਆਂ ਅਨੇਕਾਂ ਸੰਗਤਾਂ ਨੂੰ ਤਾਰਿਆ। ਉਨ੍ਹਾਂ ਦੀ ਸੰਗਤ ਕਰਨ ਵਾਲੇ ਬਾਬਾ ਸਰਬਜੋਤ ਸਿੰਘ ਡਾਂਗੋ ਵਾਲੇ ਵੀ ਅੱਜ ਉਨ੍ਹਾਂ ਦੇ ਦਿਖਾਏ ਰਸਤੇ ਤੇ ਚੱਲਕੇ ਸੰਗਤਾਂ ਦੇ ਭਲੇ ਲਈ ਇਹ ਗੁਰੂ ਸਮਾਗਮ ਕਰਵਾ ਰਹੇ ਹਨ। ਸਮਾਗਮ ਦੌਰਾਨ ਬਾਬਾ ਡਾਂਗੋ ਵਾਲਿਆਂ ਵੱਲੋਂ ਆਏ ਹੋਏ ਸਾਰੇ ਹੀ ਸੰਤਾਂ ਮਹਾਂਪੁਰਖਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦੇ ਹੋਏ ਸਨਮਾਨ ਵੀ ਕੀਤਾ ਗਿਆ। ਭਾਈ ਗੁਰਪ੍ਰੀਤ ਸਿੰਘ ਨੇ ਸਟੇਜ ਸਕੱਤਰ ਦੀ ਭੂਮਿਕਾ ਵੀ ਬਖੂਬੀ ਨਿਭਾਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਬਾ ਗੁਰਚਰਨ ਸਿੰਘ ਰੌਲੀ ਵਾਲੇ, ਜਗਜੀਤ ਸਿੰਘ ਅਰੋੜਾ, ਜਸਵਿੰਦਰ ਸਿੰਘ ਸੱਗੂ, ਅਮਰਿੰਦਰ ਸਿੰਘ ਕਨੇਡਾ, ਪ੍ਰਦੀਪ ਸ਼ਰਮਾ ਇੰਗਲੈਂਡ, ਕ੍ਰਿਪਾਲ ਸਿੰਘ ਡਾਂਗੋਂ, ਬਾਬਾ ਬੂਟਾ ਸਿੰਘ ਬਜ਼ੁਰਗ, ਸੁਖਪਾਲ ਸਿੰਘ ਪੱਖੋਵਾਲ, ਦਵਿੰਦਰ ਸਿੰਘ ਰਾਮਗੜ੍ਹ, ਪਰਮਿੰਦਰ ਲੀਲ, ਕੁਲਦੀਪ ਸਿੰਘ ਨੂਰਵਾਲਾ ਆਦਿ ਸਮੇਤ ਵੱਡੀ ਗਿਣਤੀ ਵਿੱਚ ਹੋਰ ਸੰਗਤਾਂ ਹਾਜ਼ਰ ਸਨ।

10 ਲੱਖ ਤੱਕ ਕੈਸ਼ਲੈਸ ਇਲਾਜ ਦੀ ਸਹੂਲਤ ਨਾਲ ਇਤਿਹਾਸ ਸਿਰਜਿਆ : ਵਿਧਾਇਕ ਸਿੱਧੂ

ਲੁਧਿਆਣਾ, 22 ਜਨਵਰੀ (ਵਿਸ਼ਾਲ ਸ਼ਰਮਾ) : ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਨੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਹੁਣ ਤੱਕ ਦਾ ਸਭ ਤੋਂ ਵੱਡਾ ਇਤਿਹਾਸਕ ਫੈਸਲਾ ਲੈਂਦਿਆਂ ਮੀਲ ਪੱਥਰ ਹਾਸਲ ਕੀਤਾ ਹੈ, ਜਿਸਦੇ ਤਹਿਤ ਪੰਜਾਬੀਆਂ ਨੂੰ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਪੰਜਾਬ ਅਤੇ ਚੰਡੀਗੜ੍ਹ ਭਰ ਦੇ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ 10 ਲੱਖ ਰੁਪਏ ਤੱਕ ਨਕਦ ਰਹਿਤ ਇਲਾਜ ਪ੍ਰਦਾਨ ਕੀਤਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਆਤਮ ਨਗਰ ਤੋਂ ਵਿਧਾਇਕ ਸਰਦਾਰ ਕੁਲਵੰਤ ਸਿੰਘ ਸਿੱਧੂ ਵੱਲੋਂ ਮੀਡੀਆ ਨੂੰ ਮੁਖਾਤਿਬ ਹੁੰਦਿਆਂ ਕੀਤਾ। ਉਨ੍ਹਾਂ ਕਿਹਾ ਕਿ 10 ਲੱਖ ਰੁਪਏ ਤੱਕ ਕੈਸ਼ਲੈਸ ਇਲਾਜ ਦੇਣ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ ਜਿੱਥੇ ਹਰ ਪਰਿਵਾਰ ਇਸ ਸਹੂਲਤ ਦਾ ਲਾਭ ਲਵੇਗਾ।

ਵਿਧਾਇਕ ਸਿੱਧੂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬੀਆਂ ਨੂੰ ਇੱਕੋ ਅੱਖ ਨਾਲ ਦੇਖਣ ਵਾਲੇ ਪੰਜਾਬ ਦੇ ਅਸਲੀ ਸਪੁੱਤਰ ਹਨ, ਜਿਨ੍ਹਾਂ ਅਮੀਰ ਗਰੀਬ ਹਰ ਜਾਤ ਹਰ ਧਰਮ ਅਤੇ ਹਰ ਵਰਗ ਦੇ ਬੰਦੇ ਨੂੰ ਸਿਹਤ ਸਹੂਲਤ ਦੇ ਰੂਪ ਵਿੱਚ 10 ਲੱਖ ਦੀ ਬੀਮਾ ਯੋਜਨਾ ਦਾ ਬਹੁਤ ਵੱਡਾ ਸਹਾਰਾ ਦਿੱਤਾ ਹੈ।

ਪੱਤਰਕਾਰ ਹਰਜਿੰਦਰ ਸਿੰਘ ਝੱਜ ਨੂੰ ਸਦਮਾ, ਪਿਤਾ ਦਾ ਦੇਹਾਂਤ



ਸਾਹਨੇਵਾਲ ਕੁਹਾੜਾ 22 ਜਨਵਰੀ, (ਕੁਲਦੀਪ ਸਿੰਘ ਕੁਹਾੜਾ) ; ਅਦਾਰਾ ਦੇਸ਼ ਪ੍ਰਦੇਸ ਦੇ ਲੁਧਿਆਣਾ ਤੋਂ ਪੱਤਰਕਾਰ ਹਰਜਿੰਦਰ ਸਿੰਘ ਝੱਜ ਨੂੰ ਉਸ ਵਕਤ ਗਹਿਰਾ ਸਦਮਾ ਪੁੱਜਾ ਜਦੋਂ ਬੀਤੇ ਦਿਨ ਸਵੇਰੇ ਤੜਕੇ ਉਹਨਾਂ ਦੇ ਪਿਤਾ ਜੀ ਸੰਤ ਬਾਬਾ ਰਣਜੀਤ ਸਿੰਘ ਜੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗੁਰੂ ਚਰਨਾਂ ਵਿੱਚ ਜਾ ਵਿਰਾਜੇ।ਸੰਤ ਬਾਬਾ ਰਣਜੀਤ ਸਿੰਘ ਜੀ ਦੀ ਬੀਤੀ 21 ਜਨਵਰੀ ਸਵੇਰੇ ਤੜਕੇ ਅਚਾਨਕ ਹੀ ਮੌਤ ਹੋ ਗਈ।ਉਹ ਪਿਛਲੇ ਕਾਫੀ ਅਰਸੇ ਤੋਂ ਚਾਹ ਵਾਲੇ ਕੌਚ ਵੈਲੀ ਪਿੰਡ ਬਹਿਰਾਲ ਵਿਖੇ ਗੁਰਦੁਆਰਾ ਸਾਹਿਬ ਨੇੜੇ ਸ੍ਰੀ ਪਾਉਂਟਾ ਸਾਹਿਬ ਵਿੱਚ ਮੁੱਖ ਸੇਵਾਦਾਰ ਵੱਜੋ ਸੇਵਾ ਨਿਭਾ ਰਹੇ ਸਨ ।ਉਸ ਹਲਕੇ ਦੀਆਂ ਨਾਮ ਲੇਵਾ ਸੰਗਤਾਂ ਨੂੰ ਜਿਥੇ ਸੰਤ ਬਾਬਾ ਰਣਜੀਤ ਸਿੰਘ ਦੇ ਸਦਾ ਵਾਸਤੇ ਵਿਛੜ ਜਾਣ ਨਾਲ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਥੇ ਹੀ 21 ਜਨਵਰੀ ਦੀ ਸਵੇਰ ਝੱਜ ਪ੍ਰੀਵਾਰ ਨੂੰ ਇਹ ਦੁਖਦਾਈ ਖ਼ਬਰ ਸੁਣਦਿਆਂ ਹੀ ਗਹਿਰਾ ਸਦਮਾਂ ਪੁੱਜਾ। ਸੰਤ ਬਾਬਾ ਰਣਜੀਤ ਸਿੰਘ ਜੀ ਦਾ 21 ਜਨਵਰੀ ਬਾਅਦ ਦੁਪਹਿਰ ਗੁਰਦੁਆਰਾ ਸਾਹਿਬ ਵਿਖੇ ਭਾਰੀ ਗਿਣਤੀ ਵਿੱਚ ਨਾਮ ਲੇਵਾ ਸੰਗਤਾਂ ਨੇ ਨਮ ਅੱਖਾਂ ਨਾਲ ਸੰਸਕਾਰ ਕਰ ਦਿੱਤਾ ਹੈ।

ਯੂਨੀਅਨ ਬੈਂਕ ਆਫ ਇੰਡੀਆ ਭਾਰਤ ਸਰਕਾਰ ਦਾ ਅਦਾਰਾ — Union Bank of India — A Government of India Undertaking

ਖੇਤਰੀ ਦਫ਼ਤਰ : ਬਠਿੰਡਾ, ਐਸਸੀਐਫ 136-137, ਰੋਜ਼ ਗਾਰਡਨ ਕੰਪਲੈਕਸ, ਨੇੜੇ ਮਿੱਤਲ ਮਾਲ, ਗੋਨਿਆਣਾ ਰੋਡ, ਬਠਿੰਡਾ-151001, Email : crld.robathinda@unionbankofindia.bank.in

ਈ-ਨਿਲਾਮੀ ਵਿਕਰੀ ਸੂਚਨਾ

ਅੰਤਿਕਾ 4-ਏ [ਨਿਯਮ 8 (6) ਦੀ ਵਿਵਸਥਾ ਦੇਖੋ] ਅਚੱਲ ਸੰਪੱਤੀਆਂ ਦੀ ਵਿਕਰੀ ਲਈ ਵਿਕਰੀ ਸੂਚਨਾ

ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ/ਾਂ ਅਤੇ ਜ਼ਾਮਨ/ਾਂ ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਅਧਿਕਾਰਤ ਅਧਿਕਾਰੀ ਵੱਲੋਂ ਯੂਨੀਅਨ ਬੈਂਕ ਆਫ ਇੰਡੀਆ ਕੋਲ ਗਿਰਵੀ ਨਿਮਨ ਦਰਸਾਈ ਸੰਪੱਤੀ ਦਾ ਕਬਜ਼ਾ ਜੋ ਕਿ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 (4) ਦੀ ਵਿਵਸਥਾ ਅਧੀਨ ਲਿਆ ਗਿਆ ਸੀ, ਦੀ ਵਿਕਰੀ ਨਿਮਨ ਵੇਰਵਿਆਂ ਅਨੁਸਾਰ ਨਿਮਨ ਦਰਸਾਏ ਬਕਾਇਆ ਅਤੇ ਅਗਲੇਰੇ ਵਿਆਜ, ਫੀਸਾਂ ਅਤੇ ਲਾਗਤਾਂ ਆਦਿ ਦੀ ਵਸੂਲੀ ਲਈ ਨਿਮਨ ਦਰਸਾਏ ਅਨੁਸਾਰ ਈ-ਨਿਲਾਮੀ ਦੁਆਰਾ ਕੀਤੀ ਜਾਵੇਗੀ।

ਸੰਪੱਤੀ ਦੀ ਵਿਕਰੀ "ਜਿਵੇਂ ਹੈ ਜੋ ਵੀ ਉਥੇ ਹੈ ਅਤੇ ਬਿਨਾਂ ਸਹਾਰਾ ਅਧਾਰ" 'ਤੇ ਕੀਤੀ ਜਾਵੇਗੀ, ਇਸ ਤਰ੍ਹਾਂ ਵਿਕਰੀ ਕਿਸੇ ਕਿਸਮ ਦੀਆਂ ਵਰੰਟੀਆਂ ਅਤੇ ਵਚਨਬੱਧਤਾਵਾਂ ਤੋਂ ਹੈ।

ਈ-ਨਿਲਾਮੀ ਸ਼ੁਰੂ ਹੋਣ ਤੋਂ ਪਹਿਲਾਂ ਈਐਮਡੀ ਜਮ੍ਹਾ ਕਰਵਾਈ ਜਾਵੇਗੀ ਅਤੇ ਪ੍ਰਾਪਰਟੀ ਆਈਡੀ ਨਾਲ ਲਿੰਕ/ਮੈਪ ਕੀਤੀ ਜਾਵੇਗੀ।
ਹੇਠ ਲਿਖੀਆਂ ਜਾਇਦਾਦਾਂ "ਆਨਲਾਈਨ ਈ-ਨਿਲਾਮੀ ਵੈੱਬਸਾਈਟ https://baanknet.com ਰਾਹੀਂ" ਦੁਆਰਾ ਵੇਚੀਆਂ ਜਾਣਗੀਆਂ।
ਲੜੀ ਨੰ. 1 ਤੋਂ 04 ਲਈ 27.02.2026 ਨੂੰ ਅਤੇ ਲੜੀ ਲੰ. 05 ਤੋਂ 12 ਲਈ 13.02.2026 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 05.00 ਵਜੇ ਤੱਕ।

1) * ਸੰਪਤੀ/ਆਂ ਉੱਤੇ ਕਿਸੇ ਵੀ ਤਰ੍ਹਾਂ ਦੇ ਬੋਝ ਬਾਰੇ ਬੈਂਕ/ਸੁਰੱਖਿਅਤ ਕਰਜ਼ਦਾਤਾ ਨੂੰ ਪਤਾ ਨਹੀਂ ਹੈ।

ਲ. ਨੰ.	ਸ਼ਾਖਾ, ਖਾਤਾ, ਕਰਜ਼ਦਾਰ (†)/ਜ਼ਾਮਨ (†)/ ਦਾ ਨਾਮ	ਬਕਾਇਆ ਰਕਮ	ਸੰਪੱਤੀ ਦੇ ਵੇਰਵੇ	ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ
1.	ਐਨਐਫਐਲ ਬਠਿੰਡਾ (55540) (Mob. No. 8369855540) ਕਰਜ਼ਦਾਰ: ਸ਼੍ਰੀਮਤੀ ਬਲਜੀਤ ਕੌਰ ਪਤਨੀ ਕਰਨੈਲ ਸਿੰਘ, ਵਾਰਡ ਨੰ. 8, ਭੁੱਚੋ ਮੰਡੀ, ਬਠਿੰਡਾ, ਪੰਜਾਬ-151101 ਜ਼ਾਮਨ: ਸ਼੍ਰੀ ਕਰਮਜੀਤ ਸਿੰਘ ਪੁੱਤਰ ਤੋਤਾ ਸਿੰਘ, 77ਏ, ਭੁੱਚੋ ਕਲਾਂ, ਬਠਿੰਡਾ, ਪੰਜਾਬ-151101	Rs. 6,92,742.27 30.07.2024 ਅਨੁਸਾਰ ਜਮ੍ਹਾਂ ਵ

ਸਿਰਲੇਖਵਾਰ ਇਸ਼ਤਿਹਾਰ /Classified Advertisement

(U/o 5 Rule 20 CPC)
In the Court of Ms. Parneet Kaur Civil Judge (Junior Division), Dera Bassi
CNR No.PBSAB0-000897-2019
Next Date : 26.02.2026
Suresh Devi
Versus
Vidya Devi
Notice to: Raksha Devi W/O Prem Singh D/O Vidya Devi R/O At Present Heera Kothi Mohalla Nambardaran The Garhshankar Distt Hoshiarpur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **26.**02.2026 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 21.01.2026
Sd/- Civil Judge (Junior Division), Dera Bassi

(U/o 5 Rule 20 CPC)
In the Court of Sh. H.S. Grewal District and Sessions Judge, Chandigarh
CNR No.CHCH02-002281-2023
Next Date : 26.02.2026
Julmi Devi
Versus
Anand Singh
Notice to: Anand Singh Father::-Sher Singh Village Bilva, District Rohtak, Haryana
In above titled case the respondent NO.1 could not be served. It is ordered that respondent NO.1 should appear in person or through counsel on **26.**02.2026 at 10:00 A.M.
For details logon to https://highcourtchd.gov.in/?trs=district_notice&district=Chandigarh
Dated this day of 19-01-2026
Sd/- District and Sessions Judge, Chandigarh

(U/o 5 Rule 20 CPC)
In the Court of Ms. Vishavjyoti Civil Judge Jr. Division-2, Sri Anandpur Sahib
CNR No.PBROA0-000571-2022
Next Date : 16.02.2026
Mahesh Dutt Son Of Ram Parkash R/o Village Takhatgarh Tehsil Sri Anandpur Sahib Distt. Rupnagar
Versus
Narinder Pal Son Of Ram Parkash R/O Village Takhatgarh Tehsil Sri Anandpur Sahib Distt. Rupnagar
Petition U/S
Notice to: 1 Parshant Kumar Son Of Ganesh Dutt Son Of Ram Parkash 2. Gaurab Dutt Son Of Ganesh Dutt Son Of Ram Parkash 3. Shilpa Rani D/O Ganesh Dutt Son Of Ram Parkash R/O Village-Takhatgarh Tehsil Sri Anandpur Sahib Rupnagar
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **16.**02.2026 at 10:00 A.M.
For details logon to https://highcourtchd.gov.in/?mod=district_notice&district=Rupnagar
Dated this day of 22-01-2026
Sd/- Civil Judge Jr. Division-2, Sri Anandpur Sahib

In the Court of Ms. Pamelpreet Grewal Kahal
Additional District and Sessions Judge-3, Fazilka
CNR No.PBFZC0-002277-2019
Next Date : 10.03.2026
CRR-104-2019
M/s Bhim Jewellers
Versus
Suraj Sharma
Notice to: Suraj Sharma Father:- Krishan Gopal Sharma Street No 1, Nanak Nagri, Near Middha Karyana Store, Abohar
In above titled case the accused could not be served. It is orderded that accused should appear in person or through counsel on **10.**03.2026 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 22-01-2026
Sd/- Additional District and Sessions Judge-3, Fazilka

(U/o 5 Rule 20 CPC)
In the Court of Sh. Jasvir Singh Additional Principal Judge Family Court, camp court Phillaur
CNR No.PBJLF3-000529-2025
Next Date : 17.02.2026
Krishna Devi
Versus
Ranjit Singh
Notice to: Ranjit Singh Father::-Kirpal Singh R/O Mohalla Govind Nagar, House No. 345c Street No.06, Sultanwind Road Amritsar, Tehsil And District Amritsar
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **17.**02.2026 at 10:00 A.M.
For details logon to https://highcourtchd.gov.in/?mod=district_notice&district=Jalandhar
Dated this day of 15-12-2025
Sd/- Additional Principal Judge Family Court, camp court Phillaur

---

(U/o 5 Rule 20 CPC)
In the Court of Ms. Sarveesha Sharma Civil Judge (Junior Division)-9,
CNR No.PBSA02-000556-2024
Next Date : 12.02.2026
Kuldeep Kaur
Versus
State Of Punjab Through Principal Secretary Department Of Industries Suit For Partition And Separate Specific Possession Of Area In Village Sohana, Hb No. 35, Tehsil And Distt Sas Nagar Mohali
Notice to: 7 Krishan Kant S/O Ram Chand R/O Village Sohana Tehsil Kharar Distt Ropar Now Distt Mohali 10 Jagir Singh S/O Swaran Singh S/O Bhan Singh R/O Village Sohana Tehsil Kharar Distt Ropar Now Distt Mohali 13 Jasvir Kaur D/O Ralla Singh R/O Village Sohana Tehsil Kharar Distt Ropar Now Distt Mohali 20 Kamaljit Singh S/O Mohinder Singh S/O Sohan Singh R/O Village Sohana Tehsil Kharar Distt Ropar Now Distt Mohali 24 Raghbir Singh S/O Piara Singh R/O Village Sohana Tehsil Kharar Distt Ropar Now Distt Mohali
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **12.**02.2026 at 10:00 A.M.
For details logon to https://highcourtchd.gov.in/?mod=district_notice&district=Mohali
Dated this day of 22-01-2026
Sd/- Civil Judge (Junior Division)-9,

(U/o 5 Rule 20 CPC)
In the Court of Ms. Vishavjyoti Civil Judge Jr. Division-2, Sri Anandpur Sahib
CNR No.PBROA0-000299-2023
Next Date : 13.02.2026
Sohan Lal Son Of Mansha Ram Son Of Soni R/O Village- Jatoli (Patti Tedewal) Tehsil Sri Anandpur Sahib Distt. Rupnagar
Versus
Parshotam Lal Son Of Mansha Ram Son Of Soni R/O Village-Jatoli (Patti Tedewal) Tehsil Sri Anandpur Sahib Distt. Rupnagar
Petition U/S Misc
Notice to: Baby Daughter Of Rattan Chand S/O Puran R/o Village- Jatoli (Patti Tedewal) Tehsil- Sri Anandpur Sahib Distt. Rupnagar
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **13.**02.2026 at 10:00 A.M.
For details logon to https://highcourtchd.gov.in/?trs=district_notice&district=Rupnagar
Dated this day of 22-01-2026
Sd/- Civil Judge Jr. Division-2, Sri Anandpur Sahib

(U/o 5 Rule 20 CPC)
(Succession Case)
In the Court of Ms. Parminder Kaur Bains Civil Judge (Senior Division), Amritsar
CNR No.PBAS02-005532-2025
Next Date : 17.02.2026
Reminder-1
1.Vikrampal Singh Son Of Lt Balkar Singh R/O H.no. 75, Doburji Road, Near Bhai Dharam Singh Khalsa Trust, Pati Shahu Di, Sultanwind Pind, Amritsar 2. Satnam Singh Son Of Lt Balkar Singh R/O H.No. 243, Pati Behniwal, Near Bhai Dharam Singh Khalsa Trust, Sultanwind, Amritsar. 3. Lakhwinder Kaur C/O Gurbaksh Singh And D/O Lt. Balkar Singh, H.No.3, Sultanwind Road, Kapoor Nagar, Amirtsar. 4. Rajwinder Kaur @ Rajji C/O Balkar Singh, Vpo Sultanwind Daburji Road, Patti Bahini Wal Amritsar, Through General Power Of Attorney Holder Lakhwinder Kaur C/O Gurbakskh Singh And D/O Lt. Balkar Singh, H.No.3 Sultanwind Road, Kapoor Nagar, Amritsar
Versus
General Public
Petition Under Section 372 Of The Indian Succession Act For Grant Of Succession Certificate To The Debts And Securities Of Lt. Balkar Singh Son Of Lt. Khazan Singh And Surinder Kaur @ Swinder Kaur Wife Of Lt. Balkar Singh
Notice to: General Public:- Whom May its Concern
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **17.**02.2026 at 10:00 A.M.
For details logon to https://highcourtchd.gov.in/?trs=district_notice&district=Amritsar
Dated this day of 22.12.2025
Sd/- Civil Judge (Senior Division), Amritsar

(U/o 5 Rule 20 CPC)
In the Court of Sh. Ashish Thathai Civil Judge (Senior Division), Rupnagar
CNR No.PBRO02-001679-2025
Next Date : 16.02.2026
Kulwinder Singh S/O Late Sh. Nirmal Singh R/O Village Phoolpur Grewal, Tehsil And District Rupnagar.
Versus
General Public
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **16.**02.2026 at 10:00 A.M.
For details logon to https://highcourtchd.gov.in/?mod=district_notice&district=Rupnagar
Dated this day of 29-11-2025
Sd/- Civil Judge (Senior Division), Rupnagar

(U/o 5 Rule 20 CPC)
In the Court of Ms. Sonali Singh Additional Civil Judge (Senior Division), Barnala
CNR No.PBBR02-002324-2025
Next Date : 18.02.2026
Sandeep Singh
Versus
General Public
Notice to: General Public:- Barnala
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **18.**02.2026 at 10:00 A.M.
For details logon to https://highcourtchd.gov.in/?mod=district_notice&district=barnala
Dated this day of 14-01-2026
Sd/- Additional Civil Judge (Senior Division), Barnala

(U/o 5 Rule 20 CPC)
In the Court of Sh. Balwinder Kumar Additional District and Sessions Judge, Sangrur
CNR No.PBSG01-006636-2024
Next Date : 10.02.2026
EXE/233/2024
Bhupinder Singh
Versus
Jashanjot Singh
Notice to: 1jashanjot Singh Son Of Rana Singh 2. Rana Singh Asi Son Of S. Ajmer Singh Both R/O Sat Kar Vihar Focal Point Rajpura District Patiala
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on **10.**02.2026 at 10:00 A.M.
For details logon to https://highcourtchd.gov.in/?mod=district_notice&district=Sangrur
Dated this day of 22-01-2026
Sd/- Additional District and Sessions Judge, Sangrur

Civil Courts, Ludhiana
In the Court of Ms. Dazy Bangarh, Civil Judge (Senior Division), Ludhiana
CNR No.PBLD02-014347-2025
Next Date : 06.02.2026
Manjit Kaur
Versus
General Public
Petition U/s 8 of the Hindu Minority & Guardianship Act
Notice to: General Public
Whereas The Above Named Petitioner Manjit Kaur Has Filed Petition With A Prayer To Allow The Petitioner To Allenate The Shares Of Her Minor Son Namely Eknoor Singh (D.O.B. 29.6.2011) On The Basis Of Oral And Documentary Evidence This Notice Is Hereby Issued To The General Public Regarding The Institution Of This Petition. If Any Person Has Any Objection To The Grant Of Permission To The Petitioner For Appointment As The Legal Guardian Of The Said Child, Then He/She Should Appear In The Court On 06.02.2026 At 10:00 A M Elther In Person Or Through An Authorized Agent Or Lawyer For Filing Objections Falling Which The Petition Shall Be Decided In Accordance With Law
given under my hand and the seal of the court, this 21.01 2026
for detalls logon to https://highcourtchd.gov.in/?trs= district_notice&district-ludhiana
Sd/- Civil Judge (Senior Division), Ludhiana

Civil Courts, Ludhiana
In the Court of Ms. Dazy Bangarh, Civil Judge (Senior Division), Ludhiana
CNR No.PBLD02-014356-2025
Next Date : 16.02.2026
Parmod Kumar & Ors
Versus
General Public
Petition for grant of Succession Certificate
Notice to: General Public
Whereas The Above Named Petitioner Parmod Kumar & Ors. Has Filed Petition For The Grant Of Succession Certificate Regarding The Assets Left By The Deceased Satbir Singh S/O Jit Ram Who Had Died On 10.12.2009 And Savitri Devi W/O Satbir Singh Died On 21.11.2012
Notice Is Issued In The Name Of General Public That In Case Anybody Has Any Objection For The Grant Of Succession Certificate, He/She Can File Objections To The Same On Or Before 16.2.2026 Failing Which The Petition Shall Be Decided In Accordance With Law.
given under my hand and the seal of the court, this 21.01.2026
for detalls logon to https://highcourtchd.gov.in/?trs= district_notice & district=ludhiana
Sd/- Civil Judge (Senior Division), Ludhiana

ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

(U/o 5 Rule 20 CPC)
In the Court of Sh. Anoop Singh Additional Civil Judge Sr. Division, Ferozepur
CNR No.PBFZ02-003912-2025
Next Date : 09.02.2026
Anil Kumar
Versus
The Ferozepur Cantt cooperative Market Society
Notice to: 1 The Ferozepur Cantt Cooperative Market Society R/O Ferozepur Cantt 2 Gurdeep Kaur W/O Bagicha Singh 3 Rachhpal Kaur Widow Of Mahinder Singh 4 Kuldeep Singh S/O Mahinder Singh 5 Gurmeet Kaur D/O Mahinder Singh 6 Jasvir Kaur Widow Of Kawara Singh 7 Surinder Singh 8 Angrej Singh 9 Mehaldeep Singh Sons Of Kawara Singh 10 Harjit Kaur 11 Charanjit Kaur 12 Sukhwinder Kaur Daughters Of Mahinder Singh All R/O Backside Markfed Society, Near Bus Stand, Fzr City 13 Fzr Cantt Coop Society, Fzr Cantt Through Its President 14 Fzr Coop Supply And Marketing Federation Ltd, Malwal Road, Fzr City Through Its Chairman/Manger 15 Markfed Society, Malwal Road, Fzr City Through Its Society 16 Markfed Society, Near Grain Market, Fzr Cantt Through Its President 17 Punjab State Coop Supply And Marketing Federation Ltd, Malwal Road, Fzr City Through Its District Manager, Fzr 18 Kamalpreet Kaur W/O Lakhwinder Singh R/O Markfed Godown, Malwal Road, Fzr City 19 M/S Sai Trading Co., Malwal Road, Fzr City Through Its Chairman/Managing Director/Officer In Charge 20 Sunita Rani W/O Ashok Kumar R/O Near Markfed Godown, Malwal Road, Fzr City 21 Sardool Singh S/O Shamsher Singh R/O Near Markfed Godown, Malwal Road, Fzr City 22 Renu Soni 23 Arun Soni Sons Of Vijay Kumar Soni Both R/O Near Markfed Godown, Malwal Road, Fzr City
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **09.**02.2026 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 22.01.2026
Sd/- Additional Civil Judge Sr. Division, Ferozepur

Change of Name

I, Amarjit Singh S/o Jasvir Singh Village Chotala Tehsil Dasuya Distt. Hoshiapur have changed my name from Amarjit Singh to Singh. Amarjit. Concerned Note.

I, Reetu W/o Himanshu Gandhi H.No-179, Mohalla Tulsi Nagar, Hoshiarpur have changed my name from Reetu to Reetu Gandhi. After Marriage.

ਨੋਟਿਸ

ਵਹੀਕਲ Bullet M/cycle ਜਿਸਦਾ ਰਜਿਸਟਰੇਸ਼ਨ ਨੰ. PB11CT5116 ਚਾਸੀ ਨੰ. KL543758 ਇੰਜਨ ਨੰ. KL149678 ਮਾਡਲ 2019 ਅਤੇ ਵਹੀਕਲ Tata Tiago Car ਜਿਸਦਾ ਰਜਿਸਟਰੇਸ਼ਨ ਨੰ: PB11CR4916 ਚਾਸੀ ਨੰ. PYK13755 ਇੰਜਨ ਨੰ. KKB12746 ਮਾਡਲ ਨੰ.2019 ਜੋ ਕਿ Rajesh Kumar Awasthi R/o H NO F-27, Rajpura Colony, Patiala ਦੇ ਨਾਮ ਆਰ.ਟੀ.ਏ. ਦਫਤਰ ਪਟਿਆਲਾ ਵਿਖੇ ਰਜਿਸਟਰਡ ਹਨ। ਜਿਹਨਾਂ ਦੀ ਮਿਤੀ 02/12/2025 ਨੂੰ ਮੌਤ ਹੋ ਚੁੱਕੀ ਹੈ। ਸ੍ਰੀ Rajesh Kumar Awasthi ਦੀ ਮੌਤ ਤੋਂ ਬਾਅਦ ਉਕਤ ਦੋਨਾਂ ਵਹੀਕਲਾਂ ਨੂੰ ਇਨ੍ਹਾਂ ਦੀ ਪਤਨੀ ਪ੍ਰਾਰਥੀ Sneh Lata Awasthi W/o Late Rajesh Kumar Awasthi R/o H No F-27, Rajpura Colony, Patlala ਦੇ ਨਾਮ 'ਤੇ ਤਬਦੀਲ ਕਰਾਉਣ ਲਈ ਪੇਪਰ ਇਸ ਦਫਤਰ ਵਿੱਚ ਪੇਸ਼ ਕੀਤੇ ਹਨ। ਉਕਤ ਨੰਬਰੀ ਵਹੀਕਲ ਦੇ ਟਰਾਂਸਫਰ ਕਰਨ ਤੋਂ ਪਹਿਲਾਂ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ ਇਸ ਪੱਤਰ /ਨੋਟਿਸ ਦੇ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਵਿਚ ਹਾਜ਼ਰ ਹੋ ਕੇ ਆਪਣਾ ਇਤਰਾਜ਼ ਪੇਸ਼ ਕਰੇ।

ਆਰ.ਟੀ.ਓ.ਸਾਹਿਬ ਪਟਿਆਲਾ।

COURT NOTICE
(U/o 5 Rule 20 CPC)
IN THE COURT OF Sh. H.S. Grewal District and Sessions Judge, Chandigarh
RITA DEVI
Vs.
RANJEET SINGH
CNR No. CHCH01-004092-2023
Next Date: 12-03-2026
PUBLICATION ISSUED TO:
RANJEET SINGH:-
VPO GADHERA, TEHSIL BASSI PATHANA, FATEHGARH SAHIB-140406
In above titled case, the respondent no.1 could not be served. It is ordered that respondent no.1 should appear in person or through counsel on **12-03-2026** at **10:00 a.m.**
For details logon to **https://highcourtchd.gov.in/?trs=district_notice&district=Chandigarh**
District and Sessions Judge Chandigarh
Dated, this day of **19-01-2026**

ਕੋਰਟ ਨੋਟਿਸ
ਬਾ-ਅਦਾਲਤ ਨਾਇਬ ਤਹਿਸੀਲਦਾਰ/ਤਹਿਸੀਲਦਾਰ ਕਮ ਸਹਾਇਕ ਕੁਲੈਕਟਰ ਦਰਜਾ ਅਵੱਲ ਅਬੋਹਰ।
ਕੇਸ ਨੰਬਰ 16/ACII ਦਾਇਰੀ ਮਿਤੀ 09/06/2025
ਅਨੁਵਾਨ ਮੁਕਦਮਾ
ਮੇਜਰ ਸਿੰਘ ਬਨਾਮ ਬਲਕਾਰ ਸਿੰਘ ਵਗੈਰਾ
ਦਾਵਾ ਦਰੁਸਤੀ ਗਿਰਦਾਵਰੀ ਪਿੰਡ ਰਾਏਪੁਰਾ।
ਨੋਟਿਸ
ਬਨਾਮ
1) ਬਲਕਾਰ ਸਿੰਘ ਪੁੱਤਰ ਜਗਰੂਪ ਸਿੰਘ ਪੁੱਤਰ ਕ੍ਰਿਪਾਲ ਸਿੰਘ, 2) ਸੁਖਦੀਪ ਸਿੰਘ ਪੁੱਤਰ ਜਗਰੂਪ ਸਿੰਘ ਪੁੱਤਰ ਕ੍ਰਿਪਾਲ ਸਿੰਘ, 3) ਅਮਰਜੀਤ ਸਿੰਘ ਪੁੱਤਰ ਜਗਰੂਪ ਸਿੰਘ ਪੁੱਤਰ ਕ੍ਰਿਪਾਲ ਸਿੰਘ, 4) ਹਰੀ ਰਾਮ ਪੁੱਤਰ ਉਮ ਪ੍ਰਕਾਸ਼ ਪੁੱਤਰ ਸ਼ੇਰਾ ਰਾਮ, 5) ਇੰਦਰਜੀਤ ਪੁੱਤਰ ਉਮ ਪ੍ਰਕਾਸ਼ ਪੁੱਤਰ ਸ਼ੇਰਾ ਰਾਮ, 6) ਲਛਮੀ ਨਰਾਇਣ ਪੁੱਤਰ ਉਮ ਪ੍ਰਕਾਸ਼ ਪੁੱਤਰ ਸ਼ੇਰਾ ਰਾਮ, 7) ਅਤੁਲ ਪੁੱਤਰ ਪ੍ਰਿਥੀ ਰਾਜ ਉਰਫ ਦੁਰਗਾ ਪ੍ਰਸ਼ਾਦ ਪੁੱਤਰ ਮੇਹਕਮ ਚੰਦ, 8) ਲਲਿਤਾ ਵਿਧਵਾ ਪ੍ਰਿਥੀ ਰਾਜ ਉਰਫ ਦੁਰਗਾ ਪ੍ਰਸ਼ਾਦ ਪੁੱਤਰ ਮੇਹਕਮ ਚੰਦ, 9) ਅਜੇ ਪੁੱਤਰ ਪ੍ਰਿਥੀ ਰਾਜ ਉਰਫ ਦੁਰਗਾ ਪ੍ਰਸ਼ਾਦ ਪੁੱਤਰ ਮੇਹਕਮ ਚੰਦ, 10) ਹੰਸ ਰਾਜ ਪੁੱਤਰ ਰਾਮਰੱਖ ਪੁੱਤਰ ਹਰਭਜ ਵਾਸੀਆਨ ਪਿੰਡ ਰਾਏਪੁਰਾ, ਤਹਿਸੀਲ ਅਬੋਹਰ, ਜਿਲਾ ਫਾਜਿਲਕਾ, 11) ਪੰਜਾਬ ਗ੍ਰਾਮਿਨ ਬੈਂਕ, ਬ੍ਰਾਂਚ ਮਲੂਕਪੁਰ, ਬਜਰੀਆ ਬ੍ਰਾਂਚ ਮੈਨੇਜਰ।
---ਫਰੀਕਸਾਨੀਆਨ
ਇਸ ਅਦਾਲਤ ਨੂੰ ਯਕੀਨ ਹੋ ਚੁੱਕਾ ਹੈ ਕਿ ਉਕਤ ਨਾਮ ਦੇ ਰਿਸਪੇਡੈਂਟਸ ਦੀ ਸਧਾਰਨ ਤਰੀਕੇ ਨਾਲ ਤਾਮੀਲ ਨਹੀ ਹੋ ਸਕਦੀ। ਇਸ ਲਈ ਜਾਬਤਾ ਦਿਵਾਨੀ ਦੇ ਰੂਲ 20 ਦੀ ਧਾਰਾ 5 ਅਧੀਨ ਇਹ ਇਸ਼ਤਿਹਾਰ ਉਹਨਾ ਵਿਰੁਧ ਜਾਰੀ ਕੀਤਾ ਜਾਦਾ ਹੈ ਕਿ ਉਹ ਤਾਰੀਖ ਪੇਸ਼ੀ ਮਿਤੀ 28/01/2026 ਨੂੰ 2 ਵਜੇ ਦੁਪਿਹਰ ਬਾਅਦ ਖੁਦ ਜਾਂ ਕਿਸੇ ਅਧਿਕਾਰਿਤ ਪ੍ਰਤੀਨਿਧੀ ਜਾਂ ਵਕੀਲ ਰਾਂਹੀ ਇਸ ਅਦਾਲਤ ਵਿਚ ਪੇਸ਼ ਹੋਵੇ, ਵਰਨਾ ਇਕ ਪਾਸੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।
ਅੱਜ ਮਿਤੀ 21/01/2026 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।
(ਦਸਤਖਤ ਹਾਕਮ ਅਤੇ ਅਤੇ ਮੋਹਰ ਅਦਾਲਤ)

PLA(Pus) 2026/24
22/01/26
BEFORE THE HON'BLE CHAIRMAN, PERMANENT LOK ADALAT. PUBLIC UTILITY SERVICES), SECTOR 43. CHANDIGARH
APPLICATION 12914 OF 2025
NEXT DATE: 23/2/26
Punjab National Bank, Venus Rajinder Kumar
Recovery of Outstanding amount against the respondent Rs. 98,379/-including interest as calculated upto 31.10.2025 @10.75% P.A.
NOTICE TO:- Rajinder Kumar Son of Sn. Brij Lal (8727003408) R /o. House No. 2010, Sector 32- Chandigarh.
Whereas it has been proved to the satisfaction of this Hon'ble Court that the respondent/borrower cannot be served in the ordinary way Hence this Publication is ordered Under 5 Rule 20 CPC is hereby issued against respondent in the above tilled case so that General public con be served. It is ordered that respondent should be served through publication and appears personally or through Counsel on 23 02.2026 of 11:00 AM.
In case you falled to appear on the aforesaid date it would be presumed that you have nothing to say and the case will be decided on merits,
Given under my hand and seal of the Court this day of 22/01/2026.
Sd/-S.K. Sachdeva / Chairman PERMANENT LOK ADALAT (PUBLIC UTILITY SERVICES) Sector 43, Chandigarh

---

PLA (Pus) 2026/ DT 22/01/2026
BEFORE THE HON'BLE CHAIRMAN, PERMANENT LOK ADALAT, (PUBLIC UTILITY SERVICES), SECTOR 43, CHANDIGARH.
APPLICATION 12915 OF 2025
NEXT DATE: 21/2/26
Punjab National Bank Versus Parveen Sharma
Recovery of Outstanding amount against the respondent Rs. 62887.50/-including interest as calculated upto 31.10.2025 @9.40% P.A
Notice TO:- Parveen Sharma Son of Sh. Ram Pal Sharma (M-9646099096) R/o. House No. 31. Near Surya Hotel, Viliage- Burail, Chandigarh.
Whereas it has been proved to the satisfaction of this Hon'ble Court that the respondent /barrower cannot be served in the ordinary way. Hence this Publication is ordered Under 5 Rule 20 CPC is hereby issued dgainst respondent in the above titled case so that General public con be served. It is ordered that respondant should be served through publication and appears personally or through Counsel on .02.2026 at 11:00AM.
In case you failed to appear on the aforesaid date it would be presumed. that you have nothing to say and the case will be decided on merits.
Given under my hand and seal of the Court this day 22/01/2026/
Sd/- S.K. Sachdeva / Chairman PERMANENT (PUBLIC LOK ADALAT. UTILITY SERVICES). SECTOR 43, CHANDIGARH

PLA(PUS) 2026/23
DT 22/01/2026
BEFORE THE HON'BLE CHAIRMAN, PERMANENT LOK ADALAT, (PUBLIC UTILITY SERVICES), SECTOR 43. CHANDIGARH.
APPLICATION 12919 OF 2025
NEXT DATE: 22/2/26
Punjab National Bank
Versus
Subhash Kumar
Recovery of Outstanding amount against the respondent for 28,312.42/ i.e. Rs. 26,013.31 in OD Mudra loan limit account No. 3253009000000147 and Rs. 2299.11/- in GECL-WCTLAccount 3253001100000158 including interest as calculated upto 31.10.2025 @9.25 and 7.50%. P.A. and No
NOTICE TO:- Subhash Kumar son of Sh. Nageshwar Rai, R/o House No. 1809. Near Dev Samaj College. Village Burail. Chandigarh.
Whereas it has been proved to the satisfaction of this Hon'ble Court that the respondent /borrower cannot be served in the ordinary way. Hence this Publication is ordered Under 5 Rule 20 CPC is hereby issued against respondent in the above titled case so that General public con be served. It is ordered that respondent should be served through publication and appears personally or through Counsel on 23.02.2026 at 11:00AM.
In case you failed to appear on the aforesaid date it would be presumed that you have nothing to say and the case will be decided on merits.
Given under my hand and seal of the Court this day 22/01/2026. -
Sd/-S.K. Sachdeva / Chairman PERMANENT LOK ADALAT, (PUBLIC UTILITY SERVICES). SECTOR 43, CHANDIGARH.

PLA (PUS) 2026/26
DT 22/01/2026
BEFORE THE HON'BLE CHAIRMAN, PERMANENT LOK ADALAT, (PUBLIC UTILITY SERVICES), SECTOR 43. CHANDIGARH.
APPLICATION. 12916 OF 2025
NEXT DATE: 23/2/26
Punjab National Bank
Versus
M/s. Komal Kaya Unisex Saloon
NOTICE TO:- 1. M/s. Komal Kaya Unisex Saloon, through its Prop. Smt. Jagmohan Kaur Makin. SCO No. 147, Sector 40-C. Chndigarh. 2. Jagmohan Kaur Makin wife of Kanwal Preet Singh (Borrower) (Since deceased), through her legal heirs:- a) Harman Singh Makin Son of Kanwal Preet Singh (Son). b) Amandeep Songh Son of Kanwal Preet Singh (Son) R/o. House No. 287, Indian Express Society, Sector 48-A. Chandigarh. 3. Amandeep Songh Son of Kanwal Preet Singh (GUARANTOR) R/o. House No. 287. Indian Express Society, Sector 48-A, Chandigarh.
Whereas it has been proved to the satisfaction of this Hon ble Court that the respondent/borrower cannot be served in the ordinary way. Hence this Publication is ordered Under 5 Rule 20 CPC is hereby issued against respondent in the above titled case so that General public can be served. It is ordered that respondent should be served through publication and appears personally or through Counsel on 23.02.2026 at 11:00AM.
In case you failed to appear on the aforesaid date it would be presumed that you have nothing to say and the case will be decided on merits.
Given under my hand and seal of the Court this day of 22/01/2026.
Sd/-S.K. Sachdeva / Chairman PERMANENT LOK ADALAT. PUBLIC UTILITY SERVICES). SECTOR 43, CHANDIGARH.

PLA(PUS) 2026/25
DT 22/01/2026
BEFORE THE HON'BLE CHAIRMAN, PERMANENT LOK ADALAT, (PUBLIC UTILITY SERVICES), SECTOR 43, CHANDIGARH.
APPLICATION 12 835 OF 2025
NEXT DATE: 23/2/26
Punjab National Bank
Versus
SMT. Sonu Wife of Sh. Avtar Singh.
Recovery of Outstanding amount against the respondent Rs. 101679/-/- (including principle and Interest) as calculated upto 31.08.2025 @ 9.65% penal interest per annum at monthly rests.
Notice TO:- SMT. Sonu Wife of Sh. Avtar Singh (9915624780). R/O. HOUSE NO. 198, VILLAGE KHUDA Lahora, Chandigarh. 2nd Address: Tamnna Beauty Parlour & Cosmetics Village-PARCHH. Opposite Service station, Mohali, Punjab-140301. 2. Avtar Singh Son of Sh. Khusi Ram R/O. HOUSE NO. 198, VILLAGE KHUDA Lahora, Chandigarh.
Whereas it has been proved to the satisfaction of this Hon ble Court that the respondent /borrower cannot be served in the ordinary way. Hence this Publication is ordered Under 5 Rule 20 CPC is hereby issued against respondent in the above filled case so that General public con be served. It is ordered that respondent should be served through publication and appears personally or through Counsel on 23.02.2026 al 11:00AM.
In case you falled to appear on the aforesaid date it would be presumed that you have nothing to say and the case will be decided on merits
Given under my hand and seal of the Court this day of 22/01/2026.
Sd/- S.K. Sachdevo Chairman PERMANENT LOK ADALAT. [PUBLIC UTILITY SERVICES), SECTOR 43, CHANDIGARH.

ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।

ਪੰਜਾਬ ਸਰਕਾਰ
ਪਬਲਿਕ ਨੋਟਿਸ
ਸੀਵਰਮੈਨਾਂ ਦੀਆਂ ਅਸਾਮੀਆਂ ਦੀ ਭਰਤੀ ਲਈ ਸੂਚਨਾ

ਨਗਰ ਕੌਂਸਲ, ਜ਼ੀਰਾ ਵੱਲੋਂ ਸਰਕਾਰ ਦੁਆਰਾ ਕੰਟਰੈਕਟ ਤੇ ਭਰਤੀ ਕਰਨ ਲਈ ਪ੍ਰਵਾਨਤ ਅਸਾਮੀਆਂ ਵਿਰੁੱਧ ਕਿਰਤ ਵਿਭਾਗ ਪੰਜਾਬ ਵੱਲੋਂ ਸਮੇਂ-ਸਮੇਂ ਨਿਰਧਾਰਿਤ ਲੇਬਰ ਰੇਟ (ਡੀ.ਸੀ. ਰੇਟ) ਦੀ ਅਦਾਇਗੀ ਤੇ ਠੇਕਾ ਆਧਾਰ ਤੋਂ 10 ਸੀਵਰਮੈਨਾਂ ਦੀ ਨਿਯੁਕਤੀ ਕੀਤੀ ਜਾਣੀ ਹੈ। ਇਸ ਲਈ ਪੰਜਾਬ ਦੇ ਵਸਨੀਕ ਚਾਹਵਾਨ ਉਮੀਦਵਾਰਾਂ ਤੋਂ ਮਿਤੀ 30/01/2026 ਤੱਕ ਹੇਠ ਲਿਖੇ ਪ੍ਰੋਫਾਰਮੇ ਵਿੱਚ ਬਿਨੈ-ਪੱਤਰਾਂ (ਸਮੇਤ ਦਸਤਾਵੇਜਾਂ ਦੀਆਂ ਕਾਪੀਆਂ) ਦੀ ਮੰਗ ਕੀਤੀ ਜਾਂਦੀ ਹੈ। ਨਿਰਧਾਰਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਬਿ

ਖੁਸ਼ੀਆਂ ਖੇੜਿਆਂ ਦਾ ਤਿਉਹਾਰ - ਬਸੰਤ

ਧਰਮਿੰਦਰ ਸਿੰਘ (ਚੱਬਾ)
email:dharmindersinghchabba@gmail.com

ਬਸੰਤ ਖ਼ੁਸ਼ੀਆਂ ਖੇੜਿਆਂ ਵਾਲਾ ਮੌਸਮੀ ਤਿਉਹਾਰ ਹੈ। ਭਾਰਤ 'ਚ ਮੁੱਖ ਤੌਰ 'ਤੇ ਛੇ ਰੁੱਤਾਂ ਆਉਂਦੀਆਂ ਹਨ। ਇਹਨਾਂ ਛੇ ਰੁੱਤਾਂ ਨੂੰ ਦੇਸੀ ਅਤੇ ਅੰਗਰੇਜ਼ੀ ਮਹੀਨਿਆਂ ਦੇ ਹਿਸਾਬ ਨਾਲ ਜੇ ਦੇਖੀਏ ਤਾਂ ਇਹ ਰੁੱਤਾਂ ਦੇ ਛੇ ਨਾਂਅ ਤੇ ਮਹੀਨਿਆਂ ਦਾ ਹਿਸਾਬ ਇਸ ਤਰ੍ਹਾਂ ਆਉਂਦਾ ਹੈ। ਦਸੰਬਰ ਤੇ ਜਨਵਰੀ, ਮੱਘਰ ਤੇ ਪੋਹ ਨੂੰ ਸਰਦੀ ਦਾ ਮੌਸਮ (ਦੇਸੀ ਮਹੀਨੇ ਦੀ ਸੰਗਰਾਂਦ ਅੰਗਰੇਜ਼ੀ ਮਹੀਨੇ ਦੇ ਤਕਰੀਬਨ ਅੱਧ ਵਿੱਚ ਆਉਂਦੀ ਹੈ), ਫਰਵਰੀ ਤੇ ਮਾਰਚ, ਮਾਘ ਤੇ ਫੱਗਣ ਨੂੰ ਬਸੰਤ ਦਾ ਮੌਸਮ, ਅਪ੍ਰੈਲ ਤੇ ਮਈ, ਚੇਤ ਤੇ ਵਿਸਾਖ ਨੂੰ ਬਹਾਰ ਦਾ ਮੌਸਮ, ਜੂਨ ਤੇ ਜੁਲਾਈ, ਜੇਠ ਤੇ ਹਾੜ ਨੂੰ ਗਰਮੀ ਦਾ ਮੌਸਮ, ਅਗਸਤ ਤੇ ਸਤੰਬਰ, ਸਾਉਣ ਤੇ ਭਾਦੋਂ ਨੂੰ ਬਰਸਾਤ ਦਾ ਮੌਸਮ, ਅਕਤੂਬਰ ਤੇ ਨਵੰਬਰ, ਅੱਸੂ ਤੇ ਕੱਤਕ ਨੂੰ ਪੱਤਝੜ ਦਾ ਮੌਸਮ ਹੁੰਦਾ ਹੈ। ਇੰਨ੍ਹਾਂ ਛੇ ਰੁੱਤਾਂ ਵਿੱਚੋਂ ਬਸੰਤ ਸਭ ਤੋਂ ਸੋਹਣੀ ਤੇ ਮਨਮੋਹਣੀ ਰੁੱਤ ਮੰਨੀ ਜਾਂਦੀ ਹੈ। ਇਸੇ ਲਈ ਇਸ ਰੁੱਤ ਨੂੰ 'ਰਿਤੂਰਾਜ' ਜਾਂ 'ਰੁੱਤਾਂ ਦੀ ਰਾਣੀ' ਵੀ ਕਿਹਾ ਜਾਂਦਾ ਹੈ। ਇਸ ਰੁੱਤ 'ਚ ਕੁਦਰਤ ਸੋਲ੍ਹਾਂ ਕਲਾਵਾਂ ਨਾਲ ਖਿੜ ਕੇ ਮਦਮਸਤ ਹੋ ਉੱਠਦੀ ਹੈ। ਬਸੰਤ ਦਿਲਾਂ ਵਿੱਚ ਨਵੀ ਉਮੰਗ, ਊਰਜਾ, ਆਸ਼ਾ ਤੇ ਵਿਸ਼ਵਾਸ਼ ਦਾ ਸੰਚਾਰ ਕਰਦੀ ਹੈ।

ਰੁਤਿ ਸਰਸ ਬਸੰਤ

ਬਸੰਤ ਰੁੱਤ ਬਾਰੇ ਭਾਈ ਕਾਹਨ ਸਿੰਘ ਨਾਭਾ ਲਿੱਖਦੇ ਹਨ ਕਿ 1. ਵਾਸ ਕਰੰਤ. ਵੱਸਦਾ 'ਫੁਨਿ ਗਰਭ ਨਾਹੀ ਬਸੰਤ' (ਰਾਮ ਮ. 5) 2. ਵੱਸਣ ਵਾਸਾ ਬਾਸ਼ਿੰਦਾ 'ਧੰਨੁ ਸੁ ਥਾਨ ਬਸੰਤ ਧੰਨੁ, ਜਹ ਜਪੀਐ ਨਾਮੁ' (ਬਿਲਾਵਲ ਮ. 5) 3. ਸੰ.ਵਸੰਤ ਪ੍ਰਿਥਵੀ ਨੂੰ ਪੱਤਰ ਫਲ ਆਦਿ ਨਾਲ ਢੱਕ ਲੈਣ ਵਾਲੀ ਰੁੱਤ ਚੇਤ ਵੈਸਾਖ ਦੀ ਰੁੱਤ ਬਹਾਰ 'ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸ ਜੀਉ' (ਰਾਮ ਰੁਤੀ ਮ. 5) 4. ਬਸੰਤ ਇੱਕ ਰਾਗ, ਜੋ ਪੂਰਬੀ ਠਾਟ ਦਾ ਸੰਪੂਰਣ ਹੈ, ਇਸ ਵਿੱਚ ਦੋਵੇਂ ਮੱਧਮ ਲੱਗਦੇ ਹਨ। ਗੜਜ਼ ਗੰਧਾਰ ਮੱਧਮ ਪੰਚਮ ਧੈਵਤ ਅਤੇ ਨਿਸ਼ਾਦ ਸ਼ੁੱਧ, ਰਿਸ਼ਭ ਕੋਮਲ ਅਤੇ ਮੱਧਮ ਤੀਵ੍ਰ ਲੱਗਦਾ ਹੈ। ਗਾਉਣ ਦਾ ਵੇਲਾ ਵਸੰਤ ਰੁੱਤ ਅਥਵਾ ਰਾਤ ਦਾ ਸਮਾਂ ਹੈ। **ਆਰੋਹੀ- ਸ ਗ ਮ ਧ ਰਾ ਸ । ਅਵਰੋਹੀ- ਰਾ ਨ ਧ ਪ ਮੀ ਗ ਮ ਗ ਰਾ ਸ ।** ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਸੰਤ ਦਾ ਨੰਬਰ ਪੰਚੀਵਾਹ ਹੈ। ਫਾਗ (ਹੋਰੀ) ਦਾ ਨਾਮ ਭੀ ਬਸੰਤ ਕਈ ਥਾਈ ਆਇਆ ਹੈ, ਕਿਉਂਕਿ ਇਹ ਬਸੰਤ ਰੁੱਤ ਵਿੱਚ ਹੋਇਆ ਕਰਦੀ ਹੈ 'ਖੇਲ ਬਸੰਤ ਬਡੇ ਖਿਲਵਾਰ' (ਚਰਿਤ੍ਰ 52) ਬਸੰਤ ਰੁੱਤ ਨੂੰ 'ਰੁੱਤਾਂ ਦੀ ਰਾਣੀ' 'ਰਿਤੂ ਰਾਜ' ਵੀ ਕਿਹਾ ਜਾਂਦਾ ਹੈ। ਬਸੰਤ ਰੁੱਤ ਦੇ ਆਉਣ ਸਾਰ ਹੀ ਫੁੱਲਾਂ 'ਤੇ ਬਹਾਰ ਆ ਜਾਂਦੀ ਹੈ। ਬਸੰਤ ਰੁੱਤ ਸਭ ਤੋਂ ਸੁਹਾਵਣੀ ਰੁੱਤ ਹੈ। ਖੇਤਾਂ ਵਿੱਚ ਸਰਸੋਂ ਦੇ ਪੀਲੇ-ਪੀਲੇ ਫੁੱਲ ਖਿੜ੍ਹ ਪੈਂਦੇ ਹਨ। ਕਣਕਾਂ ਜਵਾਨ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ।ਕਣਕਾਂ ਨੂੰ ਬੱਲੀਆਂ ਪੈਣੀਆਂ ਸ਼ੁਰੂ ਹੋ ਜਾਂਦੀਆਂ ਹਨ।ਰੁੱਖਾਂ ਨੂੰ ਨਵੀਆਂ ਪੱਤੀਆਂ ਨਿਕਲ ਆਉਂਦੀਆਂ ਹਨ। ਅੰਬਾਂ ਨੂੰ ਬੂਰ ਪੈ ਜਾਂਦਾ ਹੈ। ਹਰ ਪਾਸੇ ਤਿਤਲੀਆਂ ਦੇ ਝੁੰਡ ਮੰਡਰਾਉਣ ਲੱਗਦੇ ਹਨ। ਸਰਦੀ ਰੁੱਤ ਤੋਂ ਕੁੱਝ ਰਾਹਤ ਮਿਲਦੀ ਹੈ ਤੇ ਗਰਮੀ ਆਪਣਾ ਅਹਿਸਾਸ ਕਰਾਉਣਾ ਸ਼ੁਰੂ ਕਰ ਦਿੰਦੀ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ 'ਆਈ ਬਸੰਤ ਤੇ ਪਾਲਾ ਉਡੰਤ'। ਪਰ ਕਦੀ-ਕਦੀ 'ਆਈ ਬਸੰਤ ਤੇ ਪਾਲਾ ਪੜੰਤ' ਵੀ ਹੋ ਜਾਂਦਾ ਹੈ। ਬਸੰਤ ਪੰਚਮੀ ਮਾਘ ਸੁਦੀ ਪੰਜ ਨੂੰ ਮਨਾਇਆ ਜਾਣ ਵਾਲਾ ਤਿਉਹਾਰ ਹੈ, ਇਸ ਲਈ ਇਸਨੂੰ 'ਬਸੰਤ ਪੰਚਮੀ' ਕਿਹਾ ਜਾਂਦਾ ਹੈ। ਬਸੰਤ ਵਾਲੇ ਦਿਨ ਲੋਕ ਜ਼ਿਆਦਾਤਰ ਮੁਟਿਆਰਾਂ, ਪੀਲੇ ਕੱਪੜੇ ਪਹਿਨਦੀਆਂ ਹਨ ਤੇ ਗੱਭਰੂ ਪੀਲੇ ਰੰਗ ਦੀ ਦਸਤਾਰਾਂ ਸਜਾਉਂਦੇ ਹਨ, ਘਰਾਂ ਵਿੱਚ ਪੀਲੇ ਰੰਗ ਦੇ ਚੋਲ, ਪੀਲੇ ਰੰਗ ਦੇ ਲੱਡੂ ਤੇ ਕੇਸਰ ਵਾਲੀ ਖੀਰ ਬਣਾਈ ਜਾਂਦੀ ਹੈ। ਪੀਲੀਆਂ ਪਤੰਗਾਂ ਅਸਮਾਨ ਵਿੱਚ ਅਠਖੇਲੀਆਂ ਕਰਦੀਆਂ ਨਜ਼ਰ ਆਉਂਦੀਆਂ ਹਨ। ਸਰੋਂ ਦੇ ਪੀਲੇ-ਪੀਲੇ ਖੇਤ ਮਹਿਕ ਉੱਠਦੇ ਹਨ। ਖੇਤ ਸੋਨੇ ਰੰਗੇ ਦਿਖਾਈ ਦੇਂਦੇ ਹਨ। ਕੋਇਲਾਂ ਤੇ ਘੁੱਗੀਆਂ ਮਸਤ ਹੋ ਕੇ ਮਿੱਠੇ-ਮਿੱਠੇ ਗੀਤ ਸਣਾਉਂਦੀਆਂ ਹਨ। ਗੱਲ ਕੀ ਬਸੰਤ ਰੁੱਤ ਆਉਂਦਿਆਂ ਹੀ ਕਣ-ਕਣ, ਜ਼ਰਾ-ਜ਼ਰਾ ਮਹਿਕ ਉੱਠਦਾ ਹੈ। ਮਨੁੱਖ, ਪਸ਼ੂ, ਪੰਛੀ ਸਭ ਉਤਸ਼ਾਹ ਨਾਲ ਭਰ ਜਾਂਦੇ ਹਨ। ਹਰ ਦਿਨ ਨਵੀ ਉਮੰਗ ਨਾਲ ਸੂਰਜ ਉਦੈ ਹੁੰਦਾ ਹੈ। ਇਸ ਦਿਨ ਸਰਸਵੱਤੀ ਦੀ ਪੂਜਾ ਕੀਤੀ ਜਾਂਦੀ ਹੈ। ਇਹ ਪੂਜਾ ਭਾਰਤ, ਬੰਗਲਾ ਦੇਸ਼, ਨੇਪਾਲ ਤੇ ਹੋਰ ਕਈ ਥਾਵਾਂ ਤੇ ਕੀਤੀ ਜਾਂਦੀ ਹੈ।

ਇਤਿਹਾਸਿਕ ਪਿਛੋਕੜ

ਬਸੰਤ ਪੰਚਮੀ ਦਾ ਇਤਿਹਾਸ ਹੈ ਤਾਂ ਨਿਰੋਲ ਲੌਕਿਕ, ਪਰ ਸਮੇਂ-ਸਮੇਂ ਤੇ ਇਸ ਨਾਲ ਧਾਰਮਿਕ ਗਤੀਵਿਧੀਆਂ ਜੁੜਦੀਆਂ ਗਈਆਂ। ਬ੍ਰਹਮਾ ਜੀ ਨੇ ਜੀਵਾਂ ਦੀ ਉੱਤਪਤੀ ਕੀਤੀ, ਪਰ ਆਪਣੀ ਇਸ ਉੱਤਪਤੀ ਤੋਂ ਬਹੁਤਾ ਖੁਸ਼ ਨਾ ਹੋਏ। ਬ੍ਰਹਮਾ ਨੇ ਵਿਸ਼ਨੂੰ ਤੋਂ ਆਗਿਆ ਲੈ ਕੇ ਆਪਣੇ ਕਮੰਡਲ ਵਿੱਚੋਂ ਪ੍ਰਿਥਵੀ ਤੇ ਜਲ ਛਿੜਕਿਆ ਤੇ ਇਸ ਨਾਲ ਧਰਤੀ ਤੇ ਸਰਸਰਾਹਟ ਪੈਦਾ ਹੋਈ। ਇਸ ਨਾਲ ਧਰਤੀ ਤੇ ਇੱਕ ਦੇਵੀ ਦਾ ਆਗਮਨ ਹੋਇਆ। ਇਸ ਦੇਵੀ ਦੇ ਚਾਰ ਹੱਥ ਸਨ। ਇੱਕ ਹੱਥ ਵਿੱਚ ਵੀਣਾ, ਦੂਜੇ ਹੱਥ ਵਿੱਚ ਕਮਲ, ਤੀਜੇ ਹੱਥ ਵਿੱਚ ਮਾਲਾ ਤੇ ਚੌਥੇ

ਹੱਥ ਵਿੱਚ ਕਿਤਾਬ ਸੀ। ਬ੍ਰਹਮਾ ਜੀ ਨੇ ਉਸ ਦੇਵੀ ਨੂੰ ਵਰਦਾਨ ਦਿੱਤਾ ਕਿ ਜਿਸ ਪ੍ਰਾਣੀ ਵਿੱਚ ਵੀ ਤੇਰਾ ਵਾਸ ਹੋਵੇਗਾ ਉਹ ਪੂਜਣਯੋਗ ਹੋਵੇਗਾ। ਇਹ ਦੇਵੀ ਮਾਤਾ ਸਰਸਵਤੀ ਸੀ। ਸਰਸਵਤੀ ਨੂੰ ਵਿੱਦਿਆ, ਬੁੱਧੀ, ਗਿਆਨ ਤੇ ਬਾਣੀ ਦੀ ਦੇਵੀ

ਕਿਹਾ ਜਾਂਦਾ ਹੈ। ਸੰਗੀਤ ਦੀ ਉੱਤਪਤੀ ਕਰਨ ਕਰਕੇ ਇਹ ਸੰਗੀਤ ਦੀ ਦੇਵੀ ਵੀ ਕਹਿਲਾਈ। ਬਸੰਤ ਪੰਚਮੀ ਦੇ ਦਿਨ ਨੂੰ ਮਾਤਾ ਸਰਸਵਤੀ ਦੇ ਜਨਮ ਦਿਨ ਵਜੋਂ ਮਨਾਇਆ ਜਾਂਦਾ ਹੈ। ਪੁਰਾਣਾਂ ਅਨੁਸਾਰ ਸ੍ਰੀ ਕ੍ਰਿਸ਼ਨ ਜੀ ਨੇ ਵੀ ਸਰਸਵਤੀ ਤੋਂ ਖੁਸ਼ ਹੋ ਕੇ ਵਰਦਾਨ ਦਿੱਤਾ ਸੀ ਕਿ ਬਸੰਤ ਪੰਚਮੀ ਵਾਲੇ ਦਿਨ ਆਪ ਦੀ ਅਰਾਧਨਾ ਕੀਤੀ ਜਾਵੇਗੀ ਜੋ ਨਿਰੰਤਰ ਜਾਰੀ ਹੈ। ਬਸੰਤ ਦੇ ਤਿਉਹਾਰ ਦੀ ਤਿਥੀ ਮਾਘ ਸੁਦੀ ਪੰਜ ਹੈ। ਇਸ ਰੁੱਤ ਨੂੰ 'ਰਿਤੂ-ਰਾਜ' ਕਰਕੇ ਵੀ ਜਾਣਿਆ ਜਾਂਦਾ ਹੈ। ਇਸ ਦਿਨ ਕਈ ਥਾਵਾਂ 'ਤੇ ਕਾਮ ਦੇਵ ਦੀ ਵੀ ਪੂਜਾ ਕੀਤੀ ਜਾਂਦੀ ਹੈ। ਇੱਕ ਹੋਰ ਪੁਰਾਤਨ ਗ੍ਰੰਥ ਅਨੁਸਾਰ ਆਉਂਦਾ ਹੈ ਕਿ ਜਿਸ ਦਿਨ ਸ੍ਰੀ ਰਾਮ ਜੀ ਨੇ ਪ੍ਰੇਮ ਵੱਸ ਹੋ ਕੇ ਭੀਲਣੀ ਦੇ ਜੂਠੇ ਬੇਰ ਖਾਏ ਸਨ। ਗੁਜਰਾਤ ਦੇ ਡਾਂਗ ਜਿਲ੍ਹੇ ਵਿੱਚ ਉਹ ਸਥਾਨ ਮੌਜੂਦ ਹੈ। ਉਸ ਦਿਨ ਵੀ ਬਸੰਤ ਪੰਚਮੀ ਸੀ।ਰਾਜਾ ਭੋਜ ਦਾ ਜਨਮ ਦਿਨ ਵੀ ਬਸੰਤ ਪੰਚਮੀ ਨੂੰ ਮਨਾਇਆ ਜਾਂਦਾ ਹੈ। ਰਾਜਾ ਭੋਜ ਬਸੰਤ ਵਾਲੇ ਦਿਨ ਬਹੁਤ ਵੱਡਾ ਉਤਸਵ ਕਰਦੇ ਸਨ। ਇਸ ਦਿਨ ਰਾਜਾ ਭੋਜ ਵੱਲੋਂ ਸਾਰੀ ਪਰਜਾ ਨੂੰ ਭੋਜਨ ਛਕਾਇਆ ਜਾਂਦਾ ਸੀ ਜੋ ਨਿਰੰਤਰ ਚਾਲੀ ਦਿਨਾਂ ਤੱਕ ਚੱਲਦਾ ਸੀ।

ਪ੍ਰਿਥਵੀ ਰਾਜ ਚੌਹਾਨ ਦੀ ਗਾਥਾ

ਬਸੰਤ ਪੰਚਮੀ ਦਾ ਇਤਹਾਸ ਸਾਨੂੰ ਪ੍ਰਿਥਵੀ ਰਾਜ ਚੌਹਾਨ ਦੀ ਵੀ ਯਾਦ ਤਾਜਾ ਕਰਾਉਂਦਾ ਹੈ। ਪ੍ਰਿਥਵੀ ਰਾਜ ਚੌਹਾਨ ਨੇ ਵਿਦੇਸ਼ੀ ਹਮਲਾਵਰ ਮੁਹੰਮਦ ਗੌਰੀ ਨੂੰ ਸੋਲ੍ਹਾਂ ਵਾਰ ਹਰਾਇਆ ਤੇ ਹਰ ਵਾਰ ਜਾਨ ਬਖਸ਼ੀ ਕਰਕੇ ਛੱਡ ਦਿੱਤਾ, ਪਰ ਜਦ ਸਤਾਰਵੀਂ ਵਾਰ ਪ੍ਰਿਥਵੀ ਰਾਜ ਚੌਹਾਨ ਮੁਹੰਮਦ ਗੌਰੀ ਹੱਥੋ ਹਾਰ ਗਿਆ ਤਾਂ ਮੁਹੰਮਦ ਗੌਰੀ ਨੇ ਪ੍ਰਿਥਵੀ ਰਾਜ ਚੌਹਾਨ ਨੂੰ ਕੈਦ ਕਰ ਲਿਆ ਤੇ ਆਪਣੇ ਨਾਲ ਲੈ ਗਿਆ। ਪ੍ਰਿਥਵੀ ਰਾਜ ਚੌਹਾਨ ਦੀਆਂ ਅੱਖਾਂ ਕੱਢ ਦਿੱਤੀਆਂ। ਜਦ ਮੁਹੰਮਦ ਗੌਰੀ ਮੌਤ ਦਾ ਫੁਰਮਾਣ ਜਾਰੀ ਕਰਨ ਲੱਗਾ ਤਾਂ ਪ੍ਰਿਥਵੀ ਰਾਜ ਚੌਹਾਨ ਦੇ ਸ਼ਬਦ ਭੇਦੀ ਬਾਣ ਦਾ ਕਮਾਲ ਦੇਖਨਾ ਚਾਹਿਆ ਤੇ ਉੱਚੇ ਥਾਂ ਤੇ ਖਲੋ ਕੇ ਪ੍ਰਿਥਵੀ ਰਾਜ ਚੌਹਾਨ ਦੇ ਸਾਥੀ ਕਵੀ ਚੰਦਬਰਦਾਈ ਨੂੰ ਤਵੇ ਤੇ ਚੋਟ ਮਾਰ ਕੇ ਸੰਕੇਤ ਦਿੱਤਾ ਤਾਂ ਅੱਗੋਂ ਕਵੀ ਚੰਦਬਰਦਾਈ ਨੇ ਪ੍ਰਿਥਵੀ ਰਾਜ ਚੌਹਾਨ ਨੂੰ ਸੰਦੇਸ਼ ਦਿੱਤਾ।

ਚਾਰ ਬਾਂਸ ਚੌਬੀਸ ਗਜ, ਅੰਗੁਲ ਅਸ਼ਟ ਪ੍ਰਮਾਣ
ਤਾ ਉਪਰ ਸੁਲਤਾਨ ਹੈ, ਮਤ ਚੁਕੋ ਚੌਹਾਨ

ਤਾਂ ਪ੍ਰਿਥਵੀ ਰਾਜ ਚੌਹਾਨ ਨੇ ਇਸ ਵਾਰ ਭੁੱਲ ਨਹੀ ਕੀਤੀ। ਪ੍ਰਿਥਵੀ ਰਾਜ ਨੇ ਤਵੇ 'ਤੇ ਹੋਈ ਚੋਟ ਅਤੇ ਚੰਦਬਰਦਾਈ ਦੇ ਸੰਕੇਤ ਤੋਂ ਅਨੁਮਾਨ ਲਗਾ ਕੇ ਬਾਣ ਮਾਰਿਆ, ਤੇ ਉਹ ਬਾਣ ਮੁਹੰਮਦ ਗੌਰੀ ਦੇ ਸੀਨੇ ਵਿੱਚ ਜਾ ਧੱਸਿਆ ਤੇ ਥਾਂਏ ਹੀ ਢੇਰੀ ਕਰ ਦਿੱਤਾ।ਉਸ ਤੋਂ ਬਾਦ ਚੰਦਬਰਦਾਈ ਤੇ ਪ੍ਰਿਥਵੀ ਰਾਜ ਚੌਹਾਨ ਨੇ ਇੱਕ ਦੂਜੇ ਦੇ ਪੇਟ ਵਿੱਚ ਛੁਰਾ ਮਾਰ ਕੇ ਆਤਮਬਲੀਦਾਨ ਦੇ ਦਿੱਤਾ। ਇਹ ਘਟਨਾ ਵੀ ਬਸੰਤ ਪੰਚਮੀ ਵਾਲੇ ਦਿਨ ਹੀ ਹੋਈ।

ਕਵੀਆਂ ਦੀ ਨਜ਼ਰ 'ਚ ਬਸੰਤ

ਬਸੰਤ ਪੰਚਮੀ ਖੁਸ਼ੀਆਂ ਤੇ ਉਮੰਗਾਂ ਦਾ ਤਿਉਹਾਰ ਹੈ। ਬਸੰਤ ਰੁੱਤ ਵਿੱਚ ਕੁਦਰਤ ਵੀ ਹਰ ਪਾਸੇ ਖਿੜੀ-ਖਿੜੀ ਨਜ਼ਰ ਆਉਂਦੀ ਹੈ। ਗੱਲ ਕੀ ਪੰਛੀ ਵੀ ਮਸਤ ਹੋ ਕੇ ਮਿੱਠੇ-ਮਿੱਠੇ ਗੀਤ ਸੁਣਾਉਂਦੇ ਹਨ।ਇਸ ਰੁੱਤ ਵਿੱਚ ਫਿਰ ਕਵੀ ਕਿਵੇਂ ਪਿੱਛੇ ਰਹਿ ਸਕਦੇ ਹਨ। ਸਮੇਂ-ਸਮੇਂ ਤੇ ਕਈ ਕਵੀਆਂ ਨੇ ਆਪਣੀ ਕਲਮ 'ਚੋਂ ਫੁੱਲਾਂ ਰੂਪੀ ਸ਼ਬਦ ਬਖੇਰੇ ਹਨ।

ਇੱਕ ਹੱਸ-ਹੱਸ ਗੱਲਾਂ ਕਰਦੀਆਂ,
ਇੱਕ ਰੋਦੀਆਂ ਧੋਦੀਆਂ ਮਰਦੀਆਂ।
ਕਹੋ ਫੁੱਲੀ ਬਸੰਤ ਬਹਾਰ ਨੂੰ,
ਦਿਲ ਲੋਚੇ ਮਾਹੀ ਯਾਰ ਨੂੰ। (ਬੁੱਲ੍ਹੇ ਸ਼ਾਹ)

-----()-----

ਮੇਰਾ ਰੰਗ ਦੇ ਬਸੰਤੀ ਚੋਲਾ
ਨੀ ਮਾਏਂ
ਮੇਰਾ ਰੰਗ ਦੇ ਬਸੰਤੀ ਚੋਲਾ

-----()-----

ਕੁਦਰਤ ਨੇ ਪਾਸਾ ਮੋੜਿਆ, ਤਸਵੀਰ ਦਾ
ਰੁਖ ਪਲਟਿਆ,
ਬਿਸਤਰ ਉਠਾਇਆ ਪਤਝੜੀ ਆ
ਗਈ ਬਹਾਰ ਬਸੰਤ ਦੀ।
ਸਜਰੇ ਸ਼ਿਗੂਫੇ ਪੁੰਗਰੇ, ਕਲੀਆਂ ਦੇ ਮੁਖੜੇ
ਧੁਲ ਗਏ,
ਨਿਕਲੀ ਬਸੰਤ ਵੇਸ ਕਰ, ਫੁੱਲਾਂ ਦੀ
ਖਾਰੀ ਸਿਰ ਤੇ ਧਰ।
ਖਿੜਦੀ ਤੇ ਹੱਸ ਹਸ ਗਾਉਂਦੀ, ਨਚਦੀ
ਤੇ ਪੈਲਾਂ ਪਾਉਂਦੀ। (ਧਨੀ ਰਾਮ ਚਾਤ੍ਰਿਕ, ਬਸੰਤ)

-----()-----

ਸਈਓ ਸੱਲ ਬਿਰਹੋਂ ਦਾ ਸੀਨਾ ਭੁੰਨ ਭੁੰਨ
ਖਾਵੇ,
ਸਾਨੂੰ ਸੱਜਣਾ ਦੇ ਬਾਝੋਂ ਏ ਬਹਾਰ ਕੀ
ਭਾਵੇਂ?
ਆਈ ਰੁੱਤ ਬਸੰਤੀ, ਪੁੰਗਰ ਡਾਲੀਆਂ
ਰਹੀਆਂ,
ਸਾਂਵੇਂ ਪਤਰਾਂ ਦੇ ਵਿੱਚੋਂ ਕਲੀਆਂ ਝਾਕਣ
ਪਈਆਂ। (ਧਨੀ ਰਾਮ ਚਾਤ੍ਰਿਕ, ਬਹਾਰ ਦਾ ਗੀਤ)

-----()-----

ਰੁੱਤ ਫਿਰ ਪਈ ਸੁਹਾਵੀ,
ਪਹੁੰਚ ਬਸੰਤ ਪਿਆ ਵੇ
ਆ ਗਿਆ ਫੱਗਣ ਮਹੀਨਾ
ਪੀਲੀ ਹੋਈ ਮੈਂ ਪਈਆਂ। (ਭਾਈ ਵੀਰ ਸਿੰਘ ਜੀ)

-----()-----

ਵੀਰ ਹਕੀਕਤ ਰਾਏ ਦੀ ਸ਼ਹਾਦਤ

ਮਹਾਨ ਕੋਸ਼ ਅਨੁਸਾਰ ਵੀਰ ਹਕੀਕਤ ਰਾਏ ਦਾ ਜਨਮ ਸਿਆਲਕੋਟ ਨਿਵਾਸੀ ਬਾਘ ਮੱਲ ਪੁਰੀ ਖੱਤਰੀ ਦੇ ਘਰ ਮਾਤਾ ਗੌਰਾਂ ਦੇ ਉੱਦਰ ਤੋਂ ਸੰਮਤ 1781 ਵਿੱਚ ਹੋਇਆ। ਹਕੀਕਤ ਰਾਏ ਆਪਣੇ ਮਾਪਿਆਂ ਦੀ ਇਕਲੋਤੀ ਔਲਾਦ ਸੀ। ਵਟਾਲਾ ਨਿਵਾਸੀ ਕਿਸ਼ਨ ਚੰਦ ਉੱਪਲ ਖੱਤਰੀ ਦੀ ਸਪੁੱਤਰੀ ਦੁਰਗਾ ਦੇਵੀ (ਕਈ ਇਤਿਹਾਸਕਾਰਾਂ ਨੇ ਲੱਛਮੀ ਦੇਵੀ ਵੀ ਲਿਖਿਆ ਹੈ), ਨਾਲ 12 ਸਾਲ ਦੀ ਉਮਰ ਵਿੱਚ ਹੋਇਆ ਤੇ ਭਾਈ ਬੁੱਧ ਸਿੰਘ ਵਟਾਲੀਏ ਦੀ ਸੰਗਤ ਤੋਂ ਸਿੱਖ ਧਰਮ ਦੇ ਨਿਯਮਾਂ ਦਾ ਵਿਸ਼ਵਾਸ਼ੀ ਹੋਇਆ। ਉਸ ਵੇਲੇ ਮੁਸਲਮਾਨਾਂ ਦਾ ਰਾਜ ਸੀ ਤੇ ਰਾਜ ਭਾਸ਼ਾ ਫਾਰਸੀ ਸੀ। ਪਿਤਾ ਬਾਘ ਮੱਲ ਨੇ ਆਪਣੇ ਪੁੱਤਰ ਹਕੀਕਤ ਰਾਏ ਨੂੰ ਉਸ ਸਮੇਂ ਦੀ ਰਾਜ ਭਾਸ਼ਾ ਪੜ੍ਹਾਉਣ ਲਈ ਸ਼ਹਿਰ ਦੇ ਮੌਲਵੀ ਕੋਲ ਮਦਰੱਸੇ ਵਿੱਚ ਬੈਠਾਇਆ। ਹਕੀਕਤ ਰਾਏ ਬਹੁਤ ਹੁਸ਼ਿਆਰ ਬਾਲਕ ਸੀ। ਮੁਸਲਮਾਨ ਮੁੰਡੇ ਵੀ ਨਾਲ ਪੜ੍ਹਦੇ ਸਨ।ਇੱਕ ਦਿਨ ਕਲਾਸ ਦੇ ਕੁੱਝ ਮੁੰਡਿਆਂ ਨਾਲ ਹਕੀਕਤ ਰਾਏ ਦੀ ਧਰਮ ਚਰਚਾ ਛਿੜ ਪਈ, ਮੁਸਲਮਾਨ ਮੁੰਡਿਆਂ ਨੇ ਦੁਰਗਾ ਦੇਵੀ ਨੂੰ ਨਾ ਸੁਣੇ ਜਾਣ ਵਾਲੇ ਕੁੱਝ ਆਯੋਗ ਸ਼ਬਦ ਕਹੇ। ਇਹ ਸੁਣ ਕੇ ਹਕੀਕਤ ਰਾਏ ਨੇ ਉਹਨਾਂ ਮੁੰਡਿਆਂ ਨੂੰ ਸਮਝਾਇਆ ਕਿ ਜੇ ਮੈਂ ਵੀ ਤੁਹਾਡੇ ਵਾਂਗ ਮੁਹੰਮਦ ਸਾਹਬ ਦੀ ਪੁੱਤਰੀ ਬੀਬੀ ਫਾਤਿਮਾ ਦੀ ਸ਼ਾਨ ਦੇ ਖਿਲਾਫ ਅਜਿਹੇ ਸ਼ਬਦ ਵਰਤਾਂ ਤਾਂ ਤੁਹਾਨੂੰ ਕਿੰਨਾਂ ਬੁਰਾ ਲੱਗੇਗਾ, ਤੁਹਾਨੂੰ ਕਿੰਨਾਂ ਦੁੱਖ ਆਵੇਗਾ।

ਇਸ ਲਈ ਸਦਾ ਹਰ ਧਰਮ ਦਾ ਸਾਨੂੰ ਸਤਿਕਾਰ ਕਰਨਾ ਚਾਹੀਦਾ ਹੈ।ਹਕੀਕਤ ਰਾਏ ਵੱਲੋਂ ਸਮਝਾਈ ਹੋਈ ਇਹ ਗੱਲ ਨੂੰ ਗਲਤ ਤਰੀਕੇ ਨਾਲ ਪੇਸ਼ ਕਰਕੇ ਮੁਸਲਮਾਨ ਮੁੰਡਿਆਂ ਨੇ ਮੌਲਵੀ ਦੇ ਕੰਨ ਭਰੇ।ਮੌਲਵੀ ਨੂੰ ਉਸ ਮੁਸਲਮਾਨ ਮੁੰਡਿਆਂ ਨੇ ਖੂਬ ਭੜਕਾਇਆ ਕਿ ਹਕੀਕਤ ਰਾਏ ਨੇ ਬੀਬੀ ਫਾਤਿਮਾ ਦੀ ਸ਼ਾਨ ਦੇ ਖਿਲਾਫ ਬਹੁਤ ਮਾੜੇ ਸ਼ਬਦ ਕਹੇ ਹਨ। ਇਹ ਸੁਣ ਕੇ ਮੌਲਵੀ ਅੱਗ ਬਬੂਲਾ ਹੋ ਉੱਠਿਆ। ਉਸ ਵਕਤ ਸਿਆਲਕੋਟ ਦਾ ਹਾਕਮ ਅਮੀਰ ਬੇਗ ਸੀ। ਮੌਲਵੀ, ਹਕੀਕਤ ਰਾਏ ਦੇ ਖਿਲਾਫ ਸ਼ਿਕਾਇਤ ਲੈ ਕੇ ਅਮੀਰ ਬੇਗ ਪਾਸ ਜਾ ਪਹੁੰਚਿਆ। ਉੱਥੋ ਦੇ ਮੌਲਵੀ, ਕਾਜ਼ੀ, ਮੁਸਲਿਮ ਆਗੂ ਤੇ ਹੋਰ ਮੁਸਲਿਮ ਲੋਕ ਹਕੀਕਤ ਰਾਏ ਨੂੰ ਕਤਲ ਕਰਨ ਦੀ ਮੰਗ ਕਰਨ ਲੱਗੇ। ਹਕੀਕਤ ਰਾਏ ਦੇ ਮਾਤਾ ਪਿਤਾ ਦੇ ਮਿੰਨਤਾਂ ਕਰਨ ਤੇ ਇਹ ਸਾਰਾ ਕੇਸ ਅਮੀਰ ਬੇਗ ਨ

ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੇ ਵਿਕਾਸ ਦੀ ਰਫ਼ਤਾਰ ਲਗਾਤਾਰ ਹੋ ਰਹੀ ਹੈ ਤੇਜ਼ : ਕੁਲਵੰਤ ਸਿੰਘ

ਮੋਹਾਲੀ, 22 ਜਨਵਰੀ (ਅੰਮ੍ਰਿਤਪਾਲ ਸਿੰਘ): ਵਿਧਾਨ ਸਭਾ ਹਲਕਾ ਮੋਹਾਲੀ ਦੇ ਵਿੱਚ ਵਿਕਾਸ ਕਾਰਜਾਂ ਦੀ ਰਫਤਾਰ ਇਸੇ ਤਰ੍ਹਾਂ ਆਉਣ ਵਾਲੇ ਸਮੇਂ ਵਿੱਚ ਵੀ ਬਰਕਰਾਰ ਰਹੇਗੀ ਹਲਕੇ ਵਿੱਚ 60 ਪਿੰਡ ਹਨ, ਅਤੇ ਇਹਨਾਂ ਵਿੱਚੋਂ ਲਗਭਗ 30 ਸੜਕਾਂ ਦੇ ਬਣਨ ਦਾ ਕੰਮ ਸ਼ੁਰੂ ਹੋ ਚੁੱਕਾ ਅਤੇ ਅੱਜ ਵਿਧਾਨ ਸਭਾ ਹਲਕਾ ਮੋਹਾਲੀ ਵਿੱਚ ਪੈਂਦੀਆਂ 5 ਸੜਕਾਂ ਦਾ ਨੀਂਹ ਪੱਥਰ ਰੱਖਿਆ ਗਿਆ ਹੈ। ਇਹ ਗੱਲ ਵਿਧਾਨ ਸਭਾ ਹਲਕਾ ਮੋਹਾਲੀ ਤੋਂ ਵਿਧਾਇਕ ਕੁਲਵੰਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਹੀ, ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਪਿੰਡ ਬਲਿਆਲੀ ਦੀ ਫਿਰਨੀ, ਬੱਲੋ ਮਾਜਰੇ ਦੀ ਫਿਰਨੀ- ਜੋ ਕਿ ਮੇਨ ਸੜਕ ਤੋਂ ਪਹੁੰਚ ਮਾਰਗ ਵੀ ਬਣ ਰਹੀ ਅਤੇ ਮੇਨ ਰੋਡ ਤੋਂ ਨਾਲ ਹੀ ਮੇਨ ਰੋਡ ਤੋਂ ਗੁਰਦੁਆਰਾ ਸਾਹਿਬ ਵਾਲੇ ਪਾਸੇ, ਖਰੜ ਚੰਡੀਗੜ੍ਹ ਰੋਡ ਤੇ ਪੈਂਦੇ ਪਿੰਡ ਰਾਏਪੁਰ ਅਤੇ ਪਿੰਡ ਤੜੌਲੀ ਜਿਹੜੀ ਅੱਜ ਬਣ ਰਹੀ ਇਹ ਕੰਮ ਕਰੀਬ ਸਵਾ ਕਰੋੜ ਰੁਪਏ ਦੀ ਲਾਗਤ ਦੇ ਨਾਲ ਪੂਰੇ ਹੋਣਗੇ , ਅਤੇ ਇਹ ਸਭ ਕੰਮ ਛੇ ਮਹੀਨਿਆਂ ਦੀ ਸਮਾਂਬੱਧ ਸਮੇਂ ਦੇ ਵਿੱਚ ਪੂਰੇ ਹੋ ਜਾਣਗੇ, ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਵੱਲੋਂ ਲੋਕ ਮਸਲਿਆਂ ਦਾ ਸਥਾਈ ਹੱਲ ਕੀਤਾ

ਜਾ ਰਿਹਾ ਹੈ। ਉਹਨਾਂ ਕਿਹਾ ਕਿ ਬਲੌਂਗੀ ਦੇ ਵਿੱਚ ਜੋ ਸੜਕ ਪਿਛਲੇ ਲਗਭਗ 20 ਵਰ੍ਹਿਆਂ ਤੋਂ ਵੀ ਵੱਧ ਸਮੇਂ ਤੋਂ ਨਹੀਂ ਬਣ ਸਕੀ ਸੀ ਉਸ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਉਂਦੇ ਸਾਰ ਹੀ ਬਣਵਾ ਦਿੱਤਾ, ਵਿਧਾਇਕ ਕੁਲਵੰਤ ਸਿੰਘ ਹੋਰਾਂ ਕਿਹਾ ਕਿ ਅੱਜ ਤੋਂ ਹੀ ਪੰਜਾਬ ਦੇ ਲੋਕਾਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ 10 ਲੱਖ ਰੁਪਏ ਦੀ ਬੀਮਾ ਯੋਜਨਾ ਸਕੀਮ ਸ਼ੁਰੂ ਹੋਣ ਜਾ ਰਹੀ ਹੈ। ਇਸ ਸਕੀਮ ਨਾਲ ਸੰਬੰਧਤ ਸਭਨਾਂ ਦੇ ਕਾਰਡ ਮੁਫਤ ਬਣਨਗੇ ਅਤੇ 10 ਲੱਖ ਤੱਕ ਦਾ ਇਲਾਜ ਮੁਫਤ ਹੋਵੇਗਾ। ਉਹਨਾਂ ਕਿਹਾ ਕਿ ਅਪ੍ਰੈਲ ਦੇ ਮਹੀਨੇ ਤੋਂ ਹੀ ਪੰਜਾਬ ਦੀਆਂ ਮਹਿਲਾਵਾਂ ਦੇ ਖਾਤਿਆਂ ਵਿੱਚ 1100 ਪ੍ਰਤੀ ਮਹੀਨਾ ਆਉਣੇ ਸ਼ੁਰੂ ਹੋ ਜਾਣਗੇ, ਉਹਨਾਂ ਕਿਹਾ ਕਿ ਬਲੌਂਗੀ ਦੇ ਵਿੱਚ ਟਰੈਫਿਕ ਦੀ ਸਮੱਸਿਆ ਨੂੰ ਮੁੱਖ ਰੱਖਦੇ ਹੋਏ ਇਸ ਦੇ ਨਾਲ ਹੀ ਇੱਕ ਹੋਰ ਪੁਲ ਜਲਦੀ ਹੀ ਬਣਾ ਦਿੱਤਾ ਜਾਵੇਗਾ ਤਾਂ ਕਿ ਰਾਹਗੀਰਾਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।

ਇਸ ਮੌਕੇ ਤੇ ਰਣਜੀਤ ਸਿੰਘ ਐਕਸੀਅਨ ਪੀ.ਡਬਲਿਊ.ਡੀ., ਭਰਤ ਐਸ.ਡੀ.ਓ. ਪੀ.ਡਬਲਿਊ.ਡੀ., ਕੁਲਦੀਪ ਸਿੰਘ ਸਮਾਣਾ, ਕੁਲਬੀਰ ਸਿੰਘ ਬਲਿਆਲੀ ਸਰਪੰਚ, ਗੁਰਪ੍ਰੀਤ ਸਿੰਘ ਚਾਹਲ, ਮਲਕੀਤ ਸਿੰਘ ਬਲਾਕ ਪ੍ਰਧਾਨ, ਗੁਰਜਿੰਦਰ ਸਿੰਘ ਸਰਪੰਚ ਬੱਲੋ ਮਾਜਰਾ, ਬਲਜੀਤ ਸਿੰਘ ਵਿੱਕੀ ਬਲਾਕ ਪ੍ਰਧਾਨ, ਸਤਨਾਮ ਸਿੰਘ ਸਰਪੰਚ ਬਲੌਂਗੀ, ਮੱਖਣ ਸਿੰਘ ਸਰਪੰਚ ਬਲੌਂਗੀ, ਰੀਟਾ ਬਲੌਂਗੀ, ਮਗਨ ਲਾਲ, ਮਮਤਾ ਜੈਨ,ਰਣਜੀਤ ਸੈਣੀ, ਗਿਰੀ ਨਾਥ ਝਾਅ, ਰਜਿੰਦਰ ਸਿੰਘ ਰਾਜੂ ਸਰਪੰਚ ਬੜਮਾਜਰਾ, ਗੁਰਨਾਮ ਸਿੰਘ ਸਰਪੰਚ ਬੜਮਾਜਰਾ ਕਲੋਨੀ, ਮਨਪ੍ਰੀਤ ਸਿੰਘ ਮਨੀ, ਗੁਰਵਿੰਦਰ ਸਿੰਘ ਪਿੰਕੀ, ਗੋਗਾ ਦੇਵੀ ਪੰਚ, ਭੁਪਿੰਦਰ ਸਿੰਘ ਜੋਗੀ ਪੰਚ, ਹਰਪਾਲ ਸਿੰਘ ਸਰਪੰਚ ਤੜੌਲੀ,ਸਰਬਜੀਤ ਸਿੰਘ ਰੋਕੀ ਬਲੌਂਗੀ, ਮਨਪ੍ਰੀਤ ਸਿੰਘ ਮਨੀ ਰਾਏਪੁਰ, ਇਕਬਾਲ ਸਿੰਘ ਚਿੱਟਾ ਸਰਪੰਚ, ਆਰਤੀ ਜੁਝਾਰਨਗਰ, ਗੁਰਨਾਮ ਸਿੰਘ ਬੜਮਾਜਰਾ ਵੀ ਹਾਜ਼ਰ ਸਨ।

ਭਾਰਤ ਦੇ ਚੋਣ ਕਮਿਸ਼ਨ ਵੱਲੋਂ 32 ਚੋਣ ਪ੍ਰਬੰਧਨ ਸੰਸਥਾਵਾਂ ਦੇ ਮੁਖੀਆਂ ਨਾਲ ਦੁਵੱਲੀਆਂ ਮੀਟਿੰਗਾਂ

ਚੰਡੀਗੜ੍ਹ, 22 ਜਨਵਰੀ (ਚ.ਨ.ਸ.): ਭਾਰਤ ਦੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ, ਜਿਨ੍ਹਾਂ ਨਾਲ ਚੋਣ ਕਮਿਸ਼ਨਰ ਡਾ. ਸੁਖਬੀਰ ਸਿੰਘ ਸੰਧੂ ਅਤੇ ਡਾ. ਵਿਵੇਕ ਜੋਸ਼ੀ ਵੀ ਮੌਜੂਦ ਸਨ, ਨੇ ਅੱਜ ਇਥੇ ਲੋਕਤੰਤਰ ਅਤੇ ਚੋਣ ਪ੍ਰਬੰਧਨ 'ਤੇ ਇੰਡੀਆ ਇੰਟਰਨੈਸ਼ਨਲ ਕਾਨਫਰੰਸ (ਆਈਆਈਸੀਡੀਈਐਮ) 2026 ਮੌਕੇ 32 ਚੋਣ ਪ੍ਰਬੰਧਨ ਸੰਸਥਾਵਾਂ (ਈਐਮਬੀਜ਼) ਦੇ ਮੁਖੀਆਂ ਨਾਲ ਦੁਵੱਲੀਆਂ ਮੀਟਿੰਗਾਂ ਕੀਤੀਆਂ। ਇਹਨਾਂ ਦੁਵੱਲੀਆਂ ਮੀਟਿੰਗਾਂ ਦੌਰਾਨ ਵਿਸ਼ਵ ਪੱਧਰ 'ਤੇ ਚੋਣ ਅਨੁਭਵਾਂ, ਬਿਹਤਰ ਅਭਿਆਸਾਂ ਤੇ ਨਵੀਨ ਪਹਿਲਕਦਮੀਆਂ ਬਾਰੇ ਖੁੱਲ੍ਹੀ ਚਰਚਾ ਕੀਤੀ ਗਈ। ਇਹਨਾਂ ਮੁਲਾਕਾਤਾਂ ਦਾ ਉਦੇਸ਼ ਚੋਣ ਪ੍ਰਬੰਧਨ ਵਿੱਚ ਭਾਰਤ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨਾ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਲੋਕਤੰਤਰੀ ਸਹਿਯੋਗ ਨੂੰ ਉਤਸ਼ਾਹਿਤ ਕਰਨਾ ਸੀ। ਵਿਚਾਰ-ਵਟਾਂਦਰੇ ਦੌਰਾਨ ਭਾਰਤ ਵੱਲੋਂ ਈਐਮਬੀਜ਼ ਨੂੰ ਉਨ੍ਹਾਂ ਦੇ ਘਰੇਲੂ ਕਾਨੂੰਨੀ ਢਾਂਚੇ ਅਨੁਸਾਰ ਆਪਣੇ ਸਬੰਧਤ ਦੇਸ਼ਾਂ ਵਿੱਚ ਈਸੀਆਈ-ਨੈੱਟ ਵਰਗਾ ਤਕਨਾਲੋਜੀ ਪਲੇਟਫਾਰਮ ਵਿਕਸਤ ਕਰਨ ਵਿੱਚ ਸਹਿਯੋਗ ਦੀ ਪੇਸ਼ਕਸ਼ ਕੀਤੀ ਗਈ। ਭਾਰਤ ਨੇ ਇੰਡੀਆ ਇੰਟਰਨੈਸ਼ਨਲ ਇੰਸਟੀਚਿਊਟ ਆਫ਼ ਡੈਮੋਕਰੇਸੀ ਐਂਡ ਇਲੈਕਸ਼ਨ ਮੈਨੇਜਮੈਂਟ (ਆਈਆਈਆਈਡੀਈਐਮ) ਰਾਹੀਂ ਈਐਮਬੀਜ਼ ਦੇ ਚੋਣ ਅਧਿਕਾਰੀਆਂ ਨੂੰ ਸਿਖਲਾਈ ਸਹਾਇਤਾ ਦੇਣ ਦੀ ਪੇਸ਼ਕਸ਼ ਵੀ ਕੀਤੀ।

ਈਸੀਆਈ-ਨੈੱਟ ਡਿਜੀਟਲ ਪਲੇਟਫਾਰਮ ਦੀ ਸ਼ਲਾਘਾ ਕਰਦਿਆਂ ਕਈ ਈਐਬੀਜ਼ ਨੇ ਆਪਣੇ ਦੇਸ਼ਾਂ ਵਿੱਚ ਚੋਣ ਪ੍ਰਕਿਰਿਆਵਾਂ ਦੀ ਕੁਸ਼ਲਤਾ, ਪਾਰਦਰਸ਼ਤਾ ਤੇ ਭਰੋਸੇਯੋਗਤਾ ਨੂੰ ਵਧਾਉਣ ਲਈ ਸਮਾਨ ਤਕਨੀਕੀ ਹੱਲ ਅਪਣਾਉਣ ਲਈ ਭਾਰਤ ਨਾਲ ਸਹਿਯੋਗ ਵਿੱਚ ਡੂੰਘੀ ਦਿਲਚਸਪੀ ਦਿਖਾਈ। ਇਨ੍ਹਾਂ ਦੁਵੱਲੀਆਂ ਮੀਟਿੰਗਾਂ ਨੇ ਲੋਕਤੰਤਰ ਅਤੇ ਚੋਣ ਸ਼ਾਸਨ ਦੇ ਭਵਿੱਖ 'ਤੇ ਉੱਚ-ਪੱਧਰੀ ਆਲਮੀ ਸੰਵਾਦ ਲਈ ਢੁਕਵਾਂ ਮਾਹੌਲ ਸਥਾਪਤ ਕੀਤਾ। ਇਹ ਮੀਟਿੰਗ ਅੰਤਰਰਾਸ਼ਟਰੀ ਆਈਡੀਈਏ ਦੀ ਪ੍ਰਧਾਨਗੀ ਲਈ ਭਾਰਤ ਦੇ ਮੁੱਖ ਥੀਮ - "ਸਮੂਹਿਕ, ਸ਼ਾਂਤੀਪੂਰਨ ਤੇ ਟਿਕਾਊ ਸਮਾਜ ਲਈ ਲੋਕਤੰਤਰ" ਨੂੰ ਹੋਰ ਮਜ਼ਬੂਤੀ ਨਾਲ ਅੱਗੇ ਵਧਾਉਣਗੀਆਂ।

ਇਹ ਦੁਵੱਲੀਆਂ ਮੀਟਿੰਗ ਮਾਰੀਸ਼ਸ, ਮੈਕਸੀਕੋ, ਇੰਡੋਨੇਸ਼ੀਆ, ਪੁਰਤਗਾਲ, ਪੇਰੂ, ਫਿਲੀਪੀਨਜ਼, ਦੱਖਣੀ ਅਫਰੀਕਾ, ਟਿਊਨੀਸ਼ੀਆ, ਨਾਮੀਬੀਆ, ਮੰਗੋਲੀਆ, ਉਰੂਗਵੇ, ਐਸਟੋਨੀਆ, ਬੋਤਸਵਾਨਾ, ਕੈਮਰੂਨ, ਭੂਟਾਨ, ਯੂਨਾਈਟਿਡ ਕਿੰਗਡਮ, ਚੈੱਕ ਗਣਰਾਜ, ਅਲਬਾਨੀਆ, ਗੁਆਨਾ, ਉਜ਼ਬੇਕਿਸਤਾਨ, ਫਿਜੀ, ਮਾਲਦੀਵਜ਼, ਸੰਯੁਕਤ ਰਾਜ ਅਮਰੀਕਾ, ਜ਼ੈਂਬੀਆ, ਜਾਰਜੀਆ, ਕਿਰਗਿਸਤਾਨ, ਸੂਰੀਨੇਮ, ਸੇਸ਼ੇਲਸ, ਸ਼੍ਰੀਲੰਕਾ, ਕਜ਼ਾਕਿਸਤਾਨ, ਨਾਈਜੀਰੀਆ ਅਤੇ ਆਇਰਲੈਂਡ ਦੀਆਂ ਚੋਣ ਪ੍ਰਬੰਧਨ ਸੰਸਥਾਵਾਂ ਨਾਲ ਕੀਤੀਆਂ ਗਈਆਂ। ਚੋਣ ਪ੍ਰਬੰਧਨ ਸੰਸਥਾਵਾਂ ਦੇ ਬਾਕੀ ਮੁਖੀਆਂ ਨਾਲ ਮੀਟਿੰਗਾਂ ਕੱਲ੍ਹ 23 ਜਨਵਰੀ ਨੂੰ ਹੋਣਗੀਆਂ।

ਪੰਜਾਬ ਰਾਜ ਐਸ.ਸੀ. ਕਮਿਸ਼ਨ ਵੱਲੋਂ ਅੰਮ੍ਰਿਤਸਰ ਦੀ ਪ੍ਰਿੰਸੀਪਲ ਰੇਖਾ ਮਹਾਜਨ ਨੂੰ ਮੁਅੱਤਲ ਕਰਨ ਦੇ ਹੁਕਮ

ਚੰਡੀਗੜ੍ਹ, 22 ਜਨਵਰੀ (ਚ.ਨ.ਸ.): ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵੱਲੋਂ ਪੰਜਾਬ ਸਕੂਲ ਸਿੱਖਿਆ ਵਿਭਾਗ ਦੇ ਸਕੱਤਰ ਨੂੰ ਪੱਤਰ ਜਾਰੀ ਕਰਦਿਆਂ ਸੀਨੀਅਰ ਸੈਕੰਡਰੀ ਸਕੂਲ ਮੁਰਾਦਪੁਰਾ ਜ਼ਿਲ੍ਹਾ ਅੰਮ੍ਰਿਤਸਰ ਦੀ ਪ੍ਰਿੰਸੀਪਲ ਰੇਖਾ ਮਹਾਜਨ ਨੂੰ ਸਸਪੈਂਡ ਕਰਨ ਦੇ ਨਿਰਦੇਸ਼ ਦਿੱਤੇ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਪ੍ਰਿੰਸੀਪਲ ਰੇਖਾ ਮਹਾਜਨ ਵੱਲੋਂ ਡੀ.ਪੀ.ਈ. ਅਧਿਆਪਕ ਜੋਰਇੰਦਰ ਸਿੰਘ ਲਈ ਜਾਤੀ ਸੂਚਕ ਸ਼ਬਦਾਵਲੀ ਵਰਤੀ ਸੀ। ਉਨ੍ਹਾਂ ਦੱਸਿਆ ਕਿ ਸਿੱਖਿਆ ਵਿਭਾਗ ਵੱਲੋਂ ਗਠਿਤ ਦੋ ਮੈਂਬਰੀ ਕਮੇਟੀ ਵਲੋਂ ਵੀ ਰੇਖਾ ਮਹਾਜਨ ਖਿਲਾਫ਼ ਸਿਕਾਇਤ ਨੂੰ ਦਰੁਸਤ ਪਾਇਆ ਗਿਆ ਸੀ। ਉਨ੍ਹਾਂ ਦੱਸਿਆ ਕਿ ਸਿੱਖਿਆ ਵਿਭਾਗ ਦੇ ਸਕੱਤਰ ਨੂੰ ਇਸ ਮਾਮਲੇ ਵਿਚ ਤੁਰੰਤ ਕਾਰਵਾਈ ਕਰਨ ਦੇ ਦਿੱਤੇ ਨਿਰਦੇਸ਼ ਗਏ ਹਨ ਤੇ 29 ਜਨਵਰੀ ਨੂੰ ਕੇਸ ਸਬੰਧੀ ਡਾਇਰੈਕਟਰ ਸੈਕੰਡਰੀ ਸਿੱਖਿਆ ਵਿਭਾਗ ਤੋਂ ਤੋਂ ਨਿੱਜੀ ਪੇਸ਼ੀ ਦੌਰਾਨ ਮੰਗੀ ਰਿਪੋਰਟ ਗਈ ਹੈ।

ਰੋਡ ਸੇਫਟੀ ਮਹੀਨੇ ਤਹਿਤ ਟਰੱਕ ਚਾਲਕਾਂ ਤੇ ਮਾਲਕਾਂ ਨੂੰ ਆਵਾਜਾਈ ਦੇ ਨਿਯਮਾਂ ਸਬੰਧੀ ਦਿੱਤੀ ਜਾਣਕਾਰੀ

ਗੁਰਦਾਸਪੁਰ, 22 ਜਨਵਰੀ (ਜਗੀਰ ਸਿੰਘ ਮੰਡ): ਜਿਲ੍ਹੇ ਅੰਦਰ ਰੋਡ ਸੇਫਟੀ

ਮਹੀਨੇ ਦੇ ਸਬੰਧ ਵਿੱਚ ਵੱਖ ਵੱਖ ਸਥਾਨਾਂ ਤੇ ਆਵਾਜਾਈ ਦੇ ਨਿਯਮਾਂ ਦੀ ਪਾਲਣਾ ਕਰਨ ਲਈ ਜਾਗਰੂਕਤਾ ਸੈਮੀਨਾਰ ਲਗਾਏ ਜਾ ਰਹੇ ਹਨ। ਟਰੈਫਿਕ ਪੁਲਿਸ ਵੱਲੋਂ ਰੋਡ ਸੇਫਟੀ ਮਹੀਨੇ ਸਬੰਧੀ ਵੱਖ-ਵੱਖ ਥਾਵਾਂ ਤੇ ਸੈਮੀਨਾਰ ਲਗਾ ਕੇ ਟਰੱਕ ਚਾਲਕਾਂ ਅਤੇ ਮਾਲਕਾਂ ਨੂੰ ਰੋਡ ਸੇਫਟੀ ਸਬੰਧੀ ਜਾਗਰੂਕ ਕੀਤਾ ਗਿਆ ਤੇ ਸੜਕਾਂ ਤੇ ਪੈਂਦੇ ਢਾਬਿਆਂ ਪੈਟਰੋਲ ਪੰਪਾਂ ਜਿੱਥੇ ਜਿੱਥੇ ਗੱਡੀਆਂ ਖੜ੍ਹੀਆਂ ਹੁੰਦੀਆਂ ਹਨ ਨੂੰ ਸਹੀ ਪਾਰਕਿੰਗ ਕਰਨ ਬਾਰੇ ਦੱਸਿਆ ਗਿਆ।

ਏ.ਐਸ.ਆਈ ਅਮਨਦੀਪ ਸਿੰਘ ਨੇ ਦੱਸਿਆ ਕਿ ਜਾਗਰੂਕਤਾ ਸੈਮੀਨਾਰ ਦੌਰਾਨ ਟਰੱਕ ਡਰਾਈਵਰਾਂ ਦੀਆਂ ਅੱਖਾਂ ਚੈੱਕ ਕਰਵਾਈਆਂ ਗਈਆਂ, ਜਿਸ ਦੌਰਾਨ ਡਾਕਟਰ ਸਾਹਿਬ ਵੱਲੋਂ ਉਹਨਾਂ ਨੂੰ ਆਪਣੀਆਂ ਅੱਖਾਂ ਦਾ ਸਹੀ ਸਹੀ ਸਮੇਂ ਤੇ ਜਾਂਚ ਕਰਵਾਉਣ ਲਈ ਆਖਿਆ ਗਿਆ ਤੇ ਟਰੈਫਿਕ ਨਿਯਮਾਂ ਦੀ ਪਾਲਣਾ ਕਰਨ, ਐਕਸੀਡੈਂਟ ਪੀੜਤ ਦੀ ਮਦਦ ਕਰਨ ਲਈ ਅੱਗੇ ਆਉਣ ਸਬੰਧੀ ਫਰਿਸ਼ਤੇ ਸਕੀਮ ਤੋਂ ਜਾਣੂ ਕਰਵਾਇਆ ਗਿਆ। ਧੁੰਦ ਦੇ ਮੌਸਮ ਵਿੱਚ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਬਾਰੇ ਜਾਗਰੂਕ ਕੀਤਾ ਗਿਆ, ਹੈਲਪ ਲਾਈਨ ਨੰਬਰ 112 ਅਤੇ 1033 ਬਾਰੇ ਜਾਗਰੂਕ ਕੀਤਾ ਗਿਆ। ਇਸ ਮੌਕੇ ਨਸ਼ੇ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਗਿਆ। ਸੈਮੀਨਾਰ ਵਿੱਚ ਪਵਨ ਕੁਮਾਰ ਰਮੇਸ਼ ਕੁਮਾਰ, ਸਤਨਾਮ ਸਿੰਘ ਅਤੇ ਸੰਤ ਸਿੰਘ ਆਦਿ ਨੇ ਹਿੱਸਾ ਲਿਆ।

ਮੋਹਾਲੀ ਵਿੱਚ ਅੰਡਰ-19 ਲੜਕਿਆਂ ਦੀ ਕ੍ਰਿਕਟ ਟੀਮ ਲਈ ਟ੍ਰਾਇਲ 27 ਨੂੰ

ਮੋਹਾਲੀ, 22 ਜਨਵਰੀ (ਹਰਦੀਪ ਕੌਰ): ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ (ਡੀਸੀਏ) ਮੋਹਾਲੀ ਵੱਲੋਂ ਅੰਡਰ-19 ਲੜਕਿਆਂ ਦੀ ਕ੍ਰਿਕਟ ਟੀਮ ਦੀ ਚੋਣ ਲਈ 27 ਜਨਵਰੀ 2026 ਨੂੰ ਟ੍ਰਾਇਲ ਕਰਵਾਏ ਜਾਣਗੇ। ਇਹ ਟ੍ਰਾਇਲ ਸਵੇਰੇ 10 ਵਜੇ ਡੀਸੀਏ ਮੋਹਾਲੀ ਗ੍ਰਾਊਂਡ, ਪੀਸੀਏ ਸਟੇਡਿਯਮ ਦੇ ਪਿੱਛੇ, ਮੋਹਾਲੀ ਵਿੱਚ ਹੋਣਗੇ।ਇਨ੍ਹਾਂ ਟ੍ਰਾਇਲਾਂ ਵਿੱਚ ਹਿੱਸਾ ਲੈਣ ਲਈ ਯੋਗ ਅਤੇ ਉਤਸ਼ਾਹੀ ਖਿਡਾਰੀਆਂ ਨੂੰ ਆਪਣੇ ਨਾਲ ਅਸਲੀ ਜਨਮ ਸਰਟੀਫਿਕੇਟ (ਡਿਜ਼ੀਟਲ ਫਾਰਮੈਟ), ਆਧਾਰ ਕਾਰਡ ਅਤੇ ਹੋਰ ਜ਼ਰੂਰੀ ਦਸਤਾਵੇਜ਼ ਲਿਆਂਦੇ ਜਾਣ ਲਾਜ਼ਮੀ ਹਨ। ਨਾਲ ਹੀ, ਸਾਰੇ ਦਸਤਾਵੇਜ਼ਾਂ ਦੀ ਇੱਕ-ਇੱਕ ਫੋਟੋਕਾਪੀ ਵੀ ਲਿਆਉਣੀ ਹੋਵੇਗੀ। ਅਧੂਰੇ ਜਾਂ ਗਲਤ ਦਸਤਾਵੇਜ਼ਾਂ ਵਾਲੇ ਖਿਡਾਰੀਆਂ ਨੂੰ ਟ੍ਰਾਇਲ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਡੀਸੀਏ ਮੋਹਾਲੀ ਨੇ ਖਿਡਾਰੀਆਂ ਨੂੰ ਸਮੇਂ 'ਤੇ ਪਹੁੰਚਣ ਅਤੇ ਸਾਰੇ ਨਿਯਮਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਹੈ। ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਅਪਡੇਟ ਲਈ ਖਿਡਾਰੀ ਡੀਸੀਏ ਮੋਹਾਲੀ ਦੇ ਅਧਿਕਾਰੀਆਂ ਨਾਲ ਸੰਪਰਕ ਵਿੱਚ ਰਹਿਣ।

ਮੋਹਾਲੀ 'ਚ 1000 ਕਰੋੜ ਤੋਂ ਵੱਧ ਦੇ ਸਾਂਝੇ ਟੈਂਡਰ 'ਤੇ ਰੋਲੇ-ਰੱਪੇ ਦੀ ਡਿਪਟੀ ਮੇਅਰ ਬੇਦੀ ਵੱਲੋਂ ਸਖ਼ਤ ਨਿੰਦਾ

ਐੱਸ.ਏ.ਐੱਸ. ਨਗਰ, 22 ਜਨਵਰੀ (ਹਰਦੀਪ ਕੌਰ): ਮੋਹਾਲੀ ਵਿੱਚ ਸੜਕਾਂ, ਹਾਰਟੀਕਲਚਰ, ਸਫਾਈ ਤੇ ਪਬਲਿਕ ਹੈਲਥ ਦੇ ਕੰਮ ਇਕੱਠੇ ਕਰਕੇ 1000 ਕਰੋੜ ਰੁਪਏ ਤੋਂ ਵੱਧ ਦਾ ਵੱਡਾ ਟੈਂਡਰ ਜਾਰੀ ਕਰਨ ਦੇ ਮਾਮਲੇ ਨੇ ਤਿੱਖਾ ਰੂਪ ਧਾਰ ਲਿਆ ਹੈ। ਮੋਹਾਲੀ ਦੇ ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ ਨੇ ਇਸ ਟੈਂਡਰ ਪ੍ਰਕਿਰਿਆ ਨੂੰ ਪੰਜਾਬ ਅਤੇ ਮੋਹਾਲੀ ਦੇ ਹਿੱਤਾਂ ਦੇ ਖ਼ਿਲਾਫ਼ ਕਰਾਰ ਦਿੰਦਿਆਂ ਇਸਦੀ ਸਖ਼ਤ ਨਿੰਦਾ ਕੀਤੀ ਹੈ। ਡਿਪਟੀ ਮੇਅਰ ਨੇ ਕਿਹਾ ਕਿ ਇਸ ਤਰ੍ਹਾਂ ਦੇ ਵੱਡੇ ਅਤੇ ਸਾਂਝੇ ਟੈਂਡਰ ਨਾਲ ਪੰਜਾਬ ਦੇ ਸਥਾਨਕ ਠੇਕੇਦਾਰਾਂ ਅਤੇ ਮਜ਼ਦੂਰਾਂ ਨੂੰ ਰੁਜ਼ਗਾਰ ਤੋਂ ਵਾਂਝਾ ਕੀਤਾ ਜਾ ਰਿਹਾ ਹੈ, ਜੋ ਕਿ ਸਿੱਧਾ-ਸਿੱਧਾ ਪੰਜਾਬ ਦੇ ਆਰਥਿਕ ਹਿੱਤਾਂ ਨਾਲ ਧੱਕਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਪਹਿਲਾਂ 1004 ਕਰੋੜ ਦਾ ਟੈਂਡਰ ਕੱਢਿਆ ਗਿਆ ਸੀ, ਜਿਸ ਵਿੱਚ ਸਥਾਨਕ ਠੇਕੇਦਾਰ ਜੋਇੰਟ ਵੈਂਚਰ ਰਾਹੀਂ ਕੰਮ ਲੈ ਸਕਦੇ ਸਨ, ਪਰ ਜਦੋਂ ਇਹ ਅਹਿਸਾਸ ਹੋਇਆ ਕਿ ਕੰਮ ਪੰਜਾਬ ਦੇ ਠੇਕੇਦਾਰਾਂ ਕੋਲ ਜਾ ਸਕਦਾ ਹੈ, ਤਾਂ ਉਸ ਟੈਂਡਰ ਨੂੰ ਬਿਨਾਂ ਵਾਜਬ ਕਾਰਨ ਰੱਦ ਕਰ ਦਿੱਤਾ ਗਿਆ।

ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਟੈਂਡਰ ਦੀ ਰਕਮ ਪਹਿਲਾਂ 786 ਕਰੋੜ ਅਤੇ ਹੁਣ ਲਗਭਗ 792 ਕਰੋੜ ਰੁਪਏ ਕਰ ਦਿੱਤੀ ਗਈ ਹੈ, ਜੋ 31 ਜਨਵਰੀ ਨੂੰ ਖੁੱਲਣੀ ਹੈ। ਇਸ ਟੈਂਡਰ ਵਿੱਚ ਅਜਿਹੀਆਂ ਸ਼ਰਤਾਂ ਰੱਖੀਆਂ ਗਈਆਂ ਹਨ ਕਿ ਕੋਈ ਵੀ ਮੋਹਾਲੀ ਜਾਂ ਪੰਜਾ

ਰੋਜ਼ਾਨਾ ਚੜ੍ਹਦੀਕਲਾ
ਸਿਹਤ ਖ਼ਬਰਨਾਮਾ

ਗਠੀਏ ਦੀ ਬਿਮਾਰੀ ਤੋਂ ਛੁਟਕਾਰਾ ਦਿਵਾਉਣ ਲਈ ਰਾਮਬਾਣ ਚਿਲਗੋਜ਼ਾ

ਕੀ ਤੁਸੀਂ ਕਦੇ ਚਿਲਗੋਜ਼ਾ ਦਾ ਨਾਲ ਸੁਣਿਆ ਹੈ। ਸ਼ਾਇਦ ਬਹੁਤ ਹੀ ਘੱਟ ਲੋਕ ਇਸ ਬਾਰੇ ਜਾਣਦੇ ਹੋਣਗੇ। ਚਿਲਗੋਜ਼ਾ ਇਕ ਡ੍ਰਾਈ ਫਰੂਟ ਹੈ ਜੋ ਬਾਦਾਮ ਦੀ ਤਰ੍ਹਾਂ ਦਿਖਦਾ ਹੈ। ਦਰਅਸਲ ਇਸ ਡ੍ਰਾਈ ਫਰੂਟ ਨੂੰ ਆਯੁਰਵੇਦ 'ਚ ਪੁਰਾਣੇ ਗਠੀਏ ਦੀ ਬਿਮਾਰੀ

ਤੋਂ ਛੁਟਕਾਰਾ ਦਿਵਾਉਣ ਲਈ ਰਾਮਬਾਣ ਮੰਨਿਆ ਗਿਆ ਹੈ। ਇਹ ਖਾਣ 'ਚ ਮਿੱਠਾ ਹੁੰਦਾ ਹੈ ਅਤੇ ਜਲਦੀ ਪਚ ਜਾਂਦਾ ਹੈ। ਚਿਲਗੋਜ਼ਾ ਖਾਣ ਨਾਲ ਸਰੀਰ ਨੂੰ ਅਨੇਕਾਂ ਫਾਇਦੇ ਹੁੰਦੇ ਹਨ।

ਪੌਸ਼ਟਿਕ ਤੱਤਾਂ ਨਾਲ ਭਰਪੂਰ ; ਚਿਲਗੋਜ਼ਾ 'ਚ ਹੈਲਦੀ ਫੈਟ, ਓਮੇਗਾ-3, ਆਇਰਨ, ਜ਼ਿੰਕ, ਮੈਗਨੀਸ਼ੀਅਮ ਅਤੇ ਫਾਈਬਰ ਵਰਗੇ ਪੌਸ਼ਟਿਕ ਤੱਤ ਭਰਪੂਰ ਮਾਤਰਾ 'ਚ ਹੁੰਦੇ ਹਨ। ਇਸਨੂੰ ਖਾਣ ਨਾਲ ਸਰੀਰ ਨੂੰ ਊਰਜਾ ਮਿਲਦੀ ਹੈ ਅਤੇ ਇਹ ਸਰੀਰ ਨੂੰ ਗਰਮਾਹਟ ਦਿੰਦਾ ਹੈ।

ਗਠੀਏ ਦੇ ਪੁਰਾਣੇ ਰੋਗ ਨੂੰ ਕਰੇ ਠੀਕ ; ਚਿਲਗੋਜ਼ਾ ਖਾਣ ਨਾਲ ਗਠੀਏ ਦੇ ਰੋਗ ਤੋਂ ਛੁਟਕਾਰਾ ਮਿਲਦਾ ਹੈ। ਆਯੁਰਵੈਦ ਅਨੁਸਾਰ ਚਿਲਗੋਜ਼ਾ ਪਾਊਡਰ ਬਣਾ ਕੇ ਦੁੱਧ ਨਾਲ ਵੀ ਲਿਆ ਜਾ ਸਕਦਾ ਹੈ ਜਾਂ ਇਸਨੂੰ ਹਲਕਾ ਤਵੇ 'ਤੇ ਗਰਮ ਕਰਕੇ ਵੀ ਖਾਧਾ ਜਾ ਸਕਦਾ ਹੈ। ਜੇਕਰ ਚਿਲਗੋਜ਼ਾ ਸਹੀ ਮਾਤਰਾ 'ਚ ਸਹੀ ਸਮੇਂ 'ਤੇ ਖਾਧਾ ਜਾਵੇ ਤਾਂ ਪੁਰਾਣੇ ਤੋਂ ਪੁਰਾਣਾ ਗਠੀਆ ਵੀ ਠੀਕ ਹੋ ਜਾਂਦਾ ਹੈ।

ਨਪੁੰਸਕਤਾ ਦੀ ਸਮੱਸਿਆ 'ਚ ਚਿਲਗੋਜ਼ਾ ਦੇ ਲਾਭ ; ਵਰਤਮਾਨ ਸਮੇਂ 'ਚ ਕਈ ਲੋਕ ਨਪੁੰਸਕਤਾ ਅਤੇ ਸੈਕਸ ਸੰਬੰਧੀ ਵਿਕਾਰਾਂ ਤੋਂ ਪੀੜਤ ਹਨ। ਚਿਲਗੋਜਾ ਖਾਣ ਨਾਲ ਸਰੀਰ ਦੀ ਕਮਜ਼ੋਰੀ ਦੂਰ ਹੁੰਦੀ ਹੈ। ਚਿਲਗੋਜ਼ਾ ਗਿਰੀ ਦਾ ਚੂਰਨ ਬਣਾ ਕੇ ਮਿਸ਼ਰੀ 'ਚ ਮਿਲਾ ਕੇ ਖਾਣ ਨਾਲ ਇਹ ਸਮੱਸਿਆ ਵੀ ਠੀਕ ਹੁੰਦੀ ਹੈ।

ਹੱਡੀਆਂ ਨੂੰ ਬਣਾਏ ਮਜ਼ਬੂਤ ; ਇਹ ਹੱਡੀਆਂ ਨੂੰ ਮਜ਼ਬੂਤ ਬਣਾਉਂਦਾ ਹੈ। ਰੋਜ਼ਾਨਾ ਚਿਲਗੋਜ਼ਾ ਖਾਣ ਸਰੀਰ ਦਾ ਵਜ਼ਨ ਕੰਟਰੋਲ 'ਚ ਰਹਿੰਦਾ ਹੈ। ਇਸ ਤੋਂ ਇਲਾਵਾ ਯਾਦਾਸ਼ਤ ਵਧਾਉਣ ਅਤੇ ਹਾਰਟ ਨੂੰ ਹੈਲਥੀ ਰੱਖਣ 'ਚ ਚਿਲਗੋਜ਼ਾ ਬੇਹੱਦ ਫਾਇਦੇਮੰਦ ਹੁੰਦਾ ਹੈ।

ਕੀ ਹੈ ਖਾਣ ਦਾ ਤਰੀਕਾ ? ਚਿਲਗੋਜ਼ਾ ਪਾਊਡਰ ਬਣਾ ਕੇ ਦੁੱਧ ਨਾਲ ਲਿਆ ਜਾ ਸਕਦਾ ਹੈ ਜਾਂ ਫਿਰ ਇਸਨੂੰ ਹਲਕਾ ਤਵੇ 'ਤੇ ਭੂੰਨ ਕੇ ਵੀ ਖਾਧਾ ਜਾ ਸਕਦਾ ਹੈ। ਪਰ ਇਕ ਦਿਨ 'ਚ ਕੇਵਲ 4 ਤੋਂ 5 ਚਿਲਗੋਜ਼ੇ ਹੀ ਖਾਣੇ ਚਾਹੀਦੇ ਹਨ।

ਪਤੰਜਲੀ ਨਾਲ ਅੱਜ ਏਕੀਕ੍ਰਿਤ ਸੰਪੂਰਨ ਇਲਾਜ ਦਾ ਇੱਕ ਨਵਾਂ ਯੁੱਗ ਸ਼ੁਰੂ ਹੋਇਆ

ਕੇਂਦਰੀ ਗ੍ਰਹਿ ਮੰਤਰੀ ਵੱਲੋਂ ਪਤੰਜਲੀ ਐਮਰਜੈਂਸੀ ਤੇ ਕ੍ਰਿਟੀਕਲ ਕੇਅਰ ਹਸਪਤਾਲ ਦਾ ਉਦਘਾਟਨ

ਹਰਿਦੁਆਰ, 22 ਜਨਵਰੀ (ਚ.ਨ.ਸ.) : ਪਤੰਜਲੀ ਐਮਰਜੈਂਸੀ ਅਤੇ ਕ੍ਰਿਟੀਕਲ ਕੇਅਰ ਹਸਪਤਾਲ, ਦੁਨੀਆ ਦਾ ਪਹਿਲਾ ਏਕੀਕ੍ਰਿਤ ਦਵਾਈ ਪ੍ਰਣਾਲੀ ਅਤੇ ਯੋਗ, ਆਯੁਰਵੇਦ ਅਤੇ ਆਧੁਨਿਕ ਦਵਾਈ ਦੇ ਏਕੀਕਰਨ ਲਈ ਇੱਕ ਗਲੋਬਲ ਕੇਂਦਰ, ਪਤੰਜਲੀ ਯੋਗਪੀਠ ਦੁਆਰਾ ਸੰਚਾਲਿਤ, ਭਾਰਤ ਭਰ ਦੇ ਨਾਗਰਿਕਾਂ ਨੂੰ ਵਿਸ਼ਵ ਪੱਧਰੀ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰੇਗਾ। ਅੱਜ, ਮਾਨਯੋਗ ਗ੍ਰਹਿ ਅਤੇ ਸਹਿਕਾਰਤਾ ਮੰਤਰੀ, ਸ਼੍ਰੀ ਅਮਿਤ ਸ਼ਾਹ ਨੇ ਹਸਪਤਾਲ ਦਾ ਉਦਘਾਟਨ ਕੀਤਾ। ਦੌਰੇ ਦੌਰਾਨ, ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਮਰਜੈਂਸੀ ਅਤੇ ਕ੍ਰਿਟੀਕਲ ਕੇਅਰ ਹਸਪਤਾਲ ਦਾ ਵੀ ਨਿਰੀਖਣ ਕੀਤਾ ਅਤੇ ਏਕੀਕ੍ਰਿਤ ਦਵਾਈ ਪ੍ਰਣਾਲੀ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਹਸਪਤਾਲ ਦੁਨੀਆ ਦਾ ਪਹਿਲਾ ਹਾਈਬ੍ਰਿਡ ਹਸਪਤਾਲ ਬਣ ਗਿਆ ਹੈ। ਇਹ ਧਿਆਨ ਦੇਣ ਯੋਗ ਹੈ ਕਿ ਮਾਨਯੋਗ ਗ੍ਰਹਿ ਮੰਤਰੀ ਪਤੰਜਲੀ ਦੇ ਦੋ ਦਿਨਾਂ ਦੌਰੇ 'ਤੇ ਸਨ। ਇਸ ਦੌਰਾਨ, ਉਨ੍ਹਾਂ ਨੇ ਪੂਜਯ ਸਵਾਮੀ ਜੀ ਨਾਲ ਵਿਸ਼ਵ ਪੱਧਰ 'ਤੇ ਯੋਗ, ਆਯੁਰਵੇਦ ਅਤੇ ਸਨਾਤਨ ਜੀਵਨ ਸ਼ੈਲੀ ਸਥਾਪਤ ਕਰਕੇ ਇੱਕ ਰੋਗ-ਮੁਕਤ ਦੁਨੀਆ ਕਿਵੇਂ ਬਣਾਈ ਜਾਵੇ, ਇਸ ਬਾਰੇ

ਡੂੰਘਾਈ ਨਾਲ ਵਿਚਾਰ-ਵਟਾਂਦਰਾ ਅਤੇ ਵਿਚਾਰ-ਵਟਾਂਦਰਾ ਕੀਤਾ। ਬੀਤੀ ਰਾਤ, ਗ੍ਰਹਿ ਮੰਤਰੀ ਨੇ ਪਤੰਜਲੀ ਯੋਗਪੀਠ ਕੈਂਪਸ ਵਿੱਚ ਇੱਕ ਸੁਹਾਵਣਾ ਰਾਤ ਦਾ ਆਰਾਮ ਕੀਤਾ ਅਤੇ ਪੂਜਯ ਸਵਾਮੀ ਰਾਮਦੇਵ ਜੀ ਅਤੇ ਆਚਾਰੀਆ ਬਾਲਕ੍ਰਿਸ਼ਨ ਮਹਾਰਾਜ ਨਾਲ ਦਵਾਈ, ਸਿੱਖਿਆ, ਸਨਾਤਨ ਜੀਵਨ ਸ਼ੈਲੀ ਅਤੇ ਵਿਸ਼ਵ ਪੱਧਰ 'ਤੇ ਗਿਸ਼ੀ-ਮੁਨੀ ਗਿਆਨ ਦੀ ਵਿਰਾਸਤ ਨੂੰ ਮਾਣ ਦੇਣ ਲਈ ਵਿਚਾਰ-ਵਟਾਂਦਰਾ ਕੀਤਾ ਅਤੇ ਭਵਿੱਖ ਵਿੱਚ ਪਤੰਜਲੀ ਦੁਆਰਾ ਇਸ ਦਿਸ਼ਾ ਵਿੱਚ ਮੋਹਰੀ ਭੂਮਿਕਾ ਨਿਭਾਉਣ ਬਾਰੇ ਪੁੱਛਗਿੱਛ ਕੀਤੀ। ਉਨ੍ਹਾਂ ਦੇ ਸੁਹਾਵਣੇ ਆਗਮਨ ਨੇ ਪਤੰਜਲੀ ਪਰਿਵਾਰ ਵਿੱਚ ਮਾਣ, ਪ੍ਰੇਰਨਾ ਅਤੇ ਊਰਜਾ ਭਰ ਦਿੱਤੀ ਅਤੇ ਪਤੰਜਲੀ ਯੋਗਪੀਠ ਪਰਿਵਾਰ ਵੱਲੋਂ ਪੂਜਯ ਸਵਾਮੀ ਰਾਮਦੇਵ ਜੀ ਮਹਾਰਾਜ ਅਤੇ ਸਤਿਕਾਰਯੋਗ ਆਚਾਰੀਆ ਬਾਲਕ੍ਰਿਸ਼ਨ ਮਹਾਰਾਜ ਦੇ ਨਾਲ-ਨਾਲ ਪਤੰਜਲੀ ਗੁਰੂਕੁਲਮ ਅਤੇ ਆਚਾਰੀਆਕੁਲਮ ਦੇ ਕਈ ਸੰਤਾਂ, ਭਗਤਾਂ, ਚੇਲਿਆਂ, ਵਿਦਿਆਰਥੀਆਂ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਵਧਾਈ ਦਿੱਤੀ।

ਇਸ ਮੌਕੇ 'ਤੇ, ਪਤੰਜਲੀ ਯੋਗਪੀਠ ਦੇ ਸੰਸਥਾਪਕ ਪ੍ਰਧਾਨ ਸਵਾਮੀ ਰਾਮਦੇਵ ਨੇ ਕਿਹਾ ਕਿ ਇਹ ਪੂਰੇ ਪਤੰਜਲੀ ਪਰਿਵਾਰ ਲਈ ਮਾਣ ਦੀ ਗੱਲ ਹੈ ਕਿ ਅੱਜ ਦੁਨੀਆ ਦੇ ਇਤਿਹਾਸ ਦੇ ਪਹਿਲੇ ਏਕੀਕ੍ਰਿਤ ਹਸਪਤਾਲ ਦਾ ਉਦਘਾਟਨ ਦੇਸ਼ ਦੇ ਗ੍ਰਹਿ ਅਤੇ ਸਹਿਕਾਰਤਾ ਮੰਤਰੀ, ਸ਼੍ਰੀ ਅਮਿਤ ਭਾਈ ਸ਼ਾਹ ਦੁਆਰਾ ਕੀਤਾ ਗਿਆ, ਜੋ ਸਨਾਤਨ ਧਰਮ ਨੂੰ ਸਭ ਤੋਂ ਉੱਪਰ ਰੱਖਦੇ ਹਨ, ਆਪਣੇ ਰਾਸ਼ਟਰੀ ਫਰਜ਼ ਦੇ ਨਾਲ-ਨਾਲ ਯੋਗ ਅਤੇ ਆਯੁਰਵੇਦ ਨੂੰ ਸਰਵਉੱਚ ਮੰਨਦੇ ਹਨ।

ਪਤੰਜਲੀ ਕੋਲ ਜਾਨਵਰਾਂ ਦੇ ਅਜ਼ਮਾਇਸ਼ਾਂ, ਮਨੁੱਖੀ ਅਜ਼ਮਾਇਸ਼ਾਂ ਅਤੇ ਦਵਾਈਆਂ ਦੀ ਖੋਜ ਲਈ ਪੂਰੀ ਵਿਗਿਆਨਕ ਵਿਧੀ ਹੈ। ਇਸ ਦੇਸ਼ ਵਿੱਚ 1 ਅਰਬ ਤੋਂ ਵੱਧ ਲੋਕ ਯੋਗ ਅਤੇ ਆਯੁਰਵੇਦ ਦੀ ਪਾਲਣਾ ਕਰਦੇ ਹਨ, ਜਿਸਦੇ ਸਾਡੇ ਕੋਲ ਅਸਲ-ਸੰਸਾਰ ਦੇ ਸਬੂਤ ਹਨ। ਇਸ ਤੋਂ ਇਲਾਵਾ, ਸਾਡੇ ਕੋਲ EMR ਡੇਟਾ ਦੇ ਰੂਪ ਵਿੱਚ 13.8 ਮਿਲੀਅਨ ਲੋਕਾਂ ਲਈ ਕਲੀਨਿਕਲ ਸਬੂਤ ਹਨ। ਸਵਾਮੀ ਜੀ ਨੇ ਕਿਹਾ ਕਿ ਅਸੀਂ ਇਸ ਹਸਪਤਾਲ ਦੇ ਕਾਰਡੀਓਲੋਜੀ ਵਿਭਾਗ ਵਿੱਚ ਦਿਲ ਦੇ ਮਰੀਜ਼ਾਂ ਲਈ ਐਂਜੀਓਪਲਾਸਟੀ, ਬਾਈਪਾਸ ਸਰਜਰੀ ਅਤੇ ਪੇਸਮੇਕਰ ਪ੍ਰਦਾਨ ਕੀਤੇ ਹਨ, ਪਰ ਸਾਡਾ ਟੀਚਾ ਇਹ ਯਕੀਨੀ ਬਣਾਉਣਾ ਹੈ ਕਿ 90 ਤੋਂ 99% ਮਰੀਜ਼ਾਂ ਨੂੰ ਇਨ੍ਹਾਂ ਦੀ ਲੋੜ ਨਾ ਪਵੇ। ਇੱਥੇ, ਅਸੀਂ ਸਿਰਫ਼ ਸਰਜਰੀ ਕਰਾਂਗੇ ਅਤੇ ਉਨ੍ਹਾਂ ਲਈ ਪੇਸਮੇਕਰ ਅਤੇ ਸਟੈਂਟ ਲਗਾਵਾਂਗੇ ਜੋ ਠੀਕ ਨਹੀਂ ਹੋ ਸਕਦੇ। ਅਸੀਂ ਦਿਲ ਅੰਮ੍ਰਿਤ, ਕਾਰਡੀਓਗ੍ਰਿਟ, ਅਰਜੁਨ ਸੱਕ, ਦਾਲਚੀਨੀ ਅਤੇ ਕੋਲੋਕੇਸੀਆ ਜੂਸ ਦੀ ਵਰਤੋਂ ਕਰਕੇ ਕੁਦਰਤੀ ਤਰੀਕਿਆਂ ਦੀ ਵਰਤੋਂ ਕਰਕੇ ਇਜੈਕਸ਼ਨ ਫਰੈਕਸ਼ਨ ਨੂੰ ਵਧਾਉਣ ਅਤੇ ਦਿਲ ਦੀਆਂ ਰੁਕਾਵਟਾਂ ਨੂੰ ਉਲਟਾਉਣ ਦੀ ਕੋਸ਼ਿਸ਼ ਕਰਦੇ ਹਾਂ। ਸਵਾਮੀ ਜੀ ਨੇ ਕਿਹਾ ਕਿ ਆਰਥਿਕ ਤੌਰ 'ਤੇ ਕਮਜ਼ੋਰ ਮਰੀਜ਼ਾਂ ਦਾ ਇਲਾਜ ਪਤੰਜਲੀ ਤੋਂ ਮਿਲੇਗਾ।

ਸਮਾਗਮ ਦੇ ਚੱਲ ਰਹੇ ਕੰਮਾਂ ਦਾ ਜਾਇਜ਼ਾ ਲੈਂਦੇ ਹੋਏ ਸੰਤ ਬਾਬਾ ਕੁਲਵੰਤ ਸਿੰਘ, ਸੰਤ ਬਾਬਾ ਰਾਮ ਸਿੰਘ, ਸੰਤ ਬਾਬਾ ਬਲਵਿੰਦਰ ਸਿੰਘ, ਵਿਜੈ ਸਤਬੀਰ ਸਿੰਘ, ਰਾਮੇਸ਼ਵਰ ਨਾਇਕ।

ਕੇਂਦਰ ਸਰਕਾਰ ਨੇ 10,000 ਕਿਲੋਮੀਟਰ ਤੋਂ ਵੱਧ ਸੜਕ ਪ੍ਰੋਜੈਕਟਾਂ ਨੂੰ ਦਿੱਤੀ ਮਨਜ਼ੂਰੀ

ਨਵੀਂ ਦਿੱਲੀ, 22 ਜਨਵਰੀ (ਚ.ਨ.ਸ.) : ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ-IV ਅਧੀਨ ਇੱਕ ਸ਼ਾਨਦਾਰ ਪ੍ਰਾਪਤੀ ਪ੍ਰਾਪਤ ਕੀਤੀ ਗਈ ਹੈ। ਜੰਮੂ-ਕਸ਼ਮੀਰ, ਛੱਤੀਸਗੜ੍ਹ, ਉਤਰਾਖੰਡ, ਰਾਜਸਥਾਨ, ਹਿਮਾਚਲ ਪ੍ਰਦੇਸ਼ ਅਤੇ ਸਿੱਕਮ ਦੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਲਈ 10,000 ਕਿਲੋਮੀਟਰ ਤੋਂ ਵੱਧ ਸੜਕ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜੋ ਪੇਂਡੂ ਵਿਕਾਸ ਵਿਭਾਗ ਦੀ ਵਿਕਸਤ ਭਾਰਤ ਪ੍ਰਤੀ ਵਚਨਬੱਧਤਾ ਨੂੰ ਹੋਰ ਮਜ਼ਬੂਤ ? ?ਕਰਦੀ ਹੈ। ਦੂਰ-ਦੁਰਾਡੇ ਪਹਾੜੀਆਂ ਤੋਂ ਪੇਂਡੂ ਭਾਈਚਾਰਿਆਂ ਦੇ ਦਿਲ ਤੱਕ ਫੈਲੀਆਂ ਇਹ ਸੜਕਾਂ ਸਿਰਫ਼ ਸੁਧਰੇ ਹੋਏ ਬੁਨਿਆਦੀ ਢਾਂਚੇ ਦਾ ਪ੍ਰਤੀਕ ਨਹੀਂ ਹਨ; ਇਹ ਤਰੱਕੀ ਦੇ ਮਹੱਤਵਪੂਰਨ ਰਸਤੇ ਹਨ, ਕਈ ਮੌਕੇ ਖੋਲ੍ਹਦੀਆਂ ਹਨ ਅਤੇ ਸਮਾਵੇਸ਼ੀ ਵਿਕਾਸ ਨੂੰ ਉਤਸ਼ਾਹਿਤ ਕਰਦੀਆਂ ਹਨ। ਇਨ੍ਹਾਂ ਸੜਕਾਂ ਦਾ ਨਿਰਮਾਣ ਲਗਭਗ 3,270 ਪਹਿਲਾਂ ਤੋਂ ਅਲੱਗ-ਥਲੱਗ ਖੇਤਰਾਂ ਨੂੰ ਸੰਪਰਕ ਅਤੇ ਜ਼ਰੂਰੀ ਸੇਵਾਵਾਂ ਤੱਕ ਪਹੁੰਚ ਪ੍ਰਦਾਨ ਕਰੇਗਾ। ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਇਹ ਸੜਕਾਂ ਸਿਹਤ ਸੰਭਾਲ, ਸਿੱਖਿਆ ਅਤੇ ਬਿਹਤਰ ਜੀਵਨ ਪੱਧਰ ਤੱਕ ਪਹੁੰਚ ਪ੍ਰਦਾਨ ਕਰਕੇ ਪੇਂਡੂ ਜੀਵਨ ਨੂੰ ਡੂੰਘਾਈ ਨਾਲ ਬਦਲ ਦੇਣਗੀਆਂ, ਇੱਕ ਵਿਕਸਤ ਭਾਰਤ ਦੀ ਨੀਂਹ ਨੂੰ ਮਜ਼ਬੂਤ ਕਰਨਗੀਆਂ। ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ-IV ਦੇ ਤਹਿਤ, 2011 ਦੀ ਮਰਦਮਸ਼ੁਮਾਰੀ ਦੇ ਅਨੁਸਾਰ ਮੈਦਾਨੀ ਇਲਾਕਿਆਂ ਵਿੱਚ 500 ਤੋਂ ਵੱਧ ਗੈਰ-ਜੁੜੇ ਬਸਤੀਆਂ, ਉੱਤਰ-ਪੂਰਬੀ ਅਤੇ ਪਹਾੜੀ ਰਾਜਾਂ/ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ 250 ਤੋਂ ਵੱਧ, ਵਿਸ਼ੇਸ਼ ਸ਼੍ਰੇਣੀ ਦੇ ਖੇਤਰਾਂ (ਅਨੁਸੂਚੀ ੦ ਕਬਾਇਲੀ ਖੇਤਰ, ਇੱਛਾਵਾਨ ਜ਼ਿਲ੍ਹੇ/ਬਲਾਕ, ਮਾਰੂਥਲ ਖੇਤਰ) ਵਿੱਚ 25,000 ਗੈਰ-ਜੁੜੇ ਬਸਤੀਆਂ ਅਤੇ ਖੱਬੇ ਪੱਖੀ ਅਤਿਵਾਦ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ 100 ਤੋਂ ਵੱਧ ਆਬਾਦੀ ਵਾਲੀਆਂ ਬਸਤੀਆਂ ਨੂੰ ਸੰਪਰਕ ਪ੍ਰਦਾਨ ਕੀਤਾ ਜਾਣਾ ਹੈ। ਇਸ ਯੋਜਨਾ ਦਾ ਉਦੇਸ਼ ਗੈਰ-ਜੁੜੇ ਬਸਤੀਆਂ ਨੂੰ 62,500 ਕਿਲੋਮੀਟਰ ਹਰ ਮੌਸਮ ਵਿੱਚ ਚੱਲਣ ਵਾਲੀਆਂ ਸੜਕਾਂ ਪ੍ਰਦਾਨ ਕਰਨਾ ਹੈ। ਇਨ੍ਹਾਂ ਸੜਕਾਂ ਦੇ ਨਾਲ-ਨਾਲ ਲੋੜੀਂਦੇ ਪੁਲ ਵੀ ਬਣਾਏ ਜਾਣਗੇ।

ਸ਼੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਗੁਰਮਤਿ ਮੁਕਾਬਲਿਆਂ ਵਿੱਚ ਜਿੱਤੇ ਇਨਾਮ

ਪਟਿਆਲਾ, 22 ਜਨਵਰੀ (ਚ.ਨ.ਸ.) : ਬੀਤੇ ਕੁਝ ਦਿਨ ਪਹਿਲਾਂ ਗੁਰਦੁਆਰਾ ਸਾਹਿਬ ਭਾਈ ਹਿੰਮਤ ਸਿੰਘ ਜੀ ਬਿਸ਼ਨ ਨਗਰ ਪਟਿਆਲਾ ਵਿਖੇ ਮਿਤੀ 29 ਦਸੰਬਰ ਅਤੇ ਗੁਰਦੁਆਰਾ ਸ੍ਰੀ ਮੋਤੀ ਬਾਗ ਸਾਹਿਬ ਪਟਿਆਲਾ ਵਿਖੇ ਮਿਤੀ 14 ਜਨਵਰੀ ਨੂੰ ਗੁਰਮਤਿ ਮੁਕਾਬਲੇ ਕਰਵਾਏ ਗਏ ਜਿਨ੍ਹਾਂ ਵਿੱਚ ਸ਼੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਵੀ ਭਾਗ ਲਿਆ। ਇਹਨਾਂ ਮੁਕਾਬਲਿਆਂ ਵਿੱਚ ਗੁਰਮਤਿ ਪੇਪਰ ਲਏ ਗਏ ਜਿਸ ਵਿੱਚ ਚੌਥੀ ਜਮਾਤ ਦੀ ਮਨਮੀਤ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਸੰਸਥਾ ਵੱਲੋਂ 1100 ਰੁਪਏ ਨਕਦ, ਸਰਟੀਫਿਕੇਟ ਅਤੇ ਟਰਾਫ਼ੀ ਹਾਸਿਲ ਕੀਤੀ ਇਸ ਤੋਂ ਇਲਾਵਾ ਚੌਥੀ ਜਮਾਤ ਦੇ ਹੀ ਸਹਿਜਪ੍ਰੀਤ ਸਿੰਘ,ਅਵਲੀਨ ਕੌਰ1, ਜਸਲੀਨ ਕੌਰ, ਅਵਲੀਨ ਕੌਰ ਅਤੇ ਤੀਜੀ ਜਮਾਤ ਦੀ ਪ੍ਰਭਲੀਨ ਕੌਰ ਨੇ ਹੌਸਲਾ ਵਧਾਓ ਇਨਾਮ ਹਾਸਿਲ ਕੀਤੇ। ਇਸੇ ਤਰ੍ਹਾਂ ਹੀ ਗੁਰਦੁਆਰਾ ਸ੍ਰੀ ਮੋਤੀ ਬਾਗ ਸਾਹਿਬ ਵਿਖੇ ਹੋਏ ਗੁਰਮਤਿ ਕਵਿਤਾ ਮੁਕਾਬਲਿਆਂ ਵਿੱਚ

ਚੌਥੀ ਜਮਾਤ ਦੀ ਮਨਮੀਤ ਕੌਰ, ਸਹਿਜਪ੍ਰੀਤ ਸਿੰਘ ਅਤੇ ਤੀਜੀ ਜਮਾਤ ਦੀ ਦਮਨਜੀਤ ਕੌਰ ਨੇ ਧਾਰਮਿਕ ਕਵਿਤਾਵਾਂ ਸੁਣਾ ਕੇ ਸੰਸਥਾ ਵੱਲੋਂ ਇਨਾਮ ਪ੍ਰਾਪਤ ਕੀਤੇ। ਸਕੂਲ ਦੇ ਡਾਇਰੈਕਟਰ ਸ਼੍ਰੀਮਤੀ ਜਸਵਿੰਦਰ ਕੌਰ ਜੀ ਦਰਦੀ ਅਤੇ ਸਕੂਲ ਦੇ ਪ੍ਰਿੰਸੀਪਲ ਡਾ: ਕੰਵਲਜੀਤ ਕੌਰ ਜੀ ਵੱਲੋਂ ਜੇਤੂ ਬੱਚਿਆਂ ਨੂੰ ਅਤੇ ਉਹਨਾਂ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ ਗਈ। ਇਥੇ ਜ਼ਿਕਰਯੋਗ ਹੈ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਬੱਚੇ ਗੁਰਮਤਿ ਮੁਕਾਬਲਿਆਂ ਵਿੱਚ ਹਮੇਸ਼ਾ ਹਿੱਸਾ ਲੈਂਦੇ ਰਹਿੰਦੇ ਹਨ ਅਤੇ ਬਹੁਤ ਸਾਰੇ ਇਨਾਮ ਪ੍ਰਾਪਤ ਕਰਦੇ ਹਨ। ਮੈਡਮ ਦਰਦੀ ਵੱਲੋਂ ਅਤੇ ਮੈਡਮ ਪ੍ਰਿੰਸੀਪਲ ਵੱਲੋਂ ਵਿਦਿਆਰਥੀਆਂ ਨੂੰ ਹਮੇਸ਼ਾ ਹੀ ਗੁਰਬਾਣੀ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਦਿੱਤੀ ਗਈ ਅਤੇ ਗੁਰਮਤਿ ਮੁਕਾਬਲਿਆਂ ਵਿੱਚ ਹੋਰ ਵੱਧ ਚੜ੍ਹ ਕੇ ਹਿੱਸਾ ਲੈਂਦੇ ਰਹਿਣ ਦਾ ਆਸ਼ੀਰਵਾਦ ਦਿੱਤਾ।

350ਵੇਂ ਸ਼ਹੀਦੀ ਸ਼ਤਾਬਦੀ ਪ੍ਰੋਗਰਾਮ ਸਮੇਂ ਸ੍ਰੀ ਅੰਮ੍ਰਿਤਸਰ, ਦਿੱਲੀ ਅਤੇ ਚੰਡੀਗੜ੍ਹ ਤੋਂ ਵਿਸ਼ੇਸ਼ ਟ੍ਰੇਨਾਂ ਚਲਣਗੀਆਂ: ਡਾ. ਵਿਜੇ ਸਤਬੀਰ ਸਿੰਘ

ਨਾਂਦੇੜ , 22 ਜਨਵਰੀ (ਚ.ਨ.ਸ.) : ਨੌਵੀਂ ਪਾਤਿਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਦੇ ਪਿਆਰੇ ਗੁਰਸਿੱਖਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਪ੍ਰੋਗਰਾਮ 24 ਅਤੇ 25 ਜਨਵਰੀ 2026 ਨੂੰ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਕੇਂਦਰ ਸਰਕਾਰ, ਮਹਾਰਾਸ਼ਟਰ ਸਰਕਾਰ ਤੇ ਗੁਰਦੁਆਰਾ ਸੱਚਖੰਡ ਬੋਰਡ ਨਾਂਦੇੜ ਵਲੋਂ ਬੜੇ ਉਚ ਪੱਧਰ 'ਤੇ ਸ਼ਰ

ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਬੀਬੀ ਕੌਲਾਂ ਜੀ ਚੈਰੀਟੇਬਲ ਹਸਪਤਾਲ ਵੱਲੋਂ ਵਿਸ਼ੇਸ਼ ਗੁਰਮਤਿ ਸਮਾਗਮ

ਅੰਮ੍ਰਿਤਸਰ, 22 ਜਨਵਰੀ (ਬਬਲੂ ਮਹਾਜਨ): ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਬੀਬੀ ਕੌਲਾਂ ਜੀ ਚੈਰੀਟੇਬਲ ਹਸਪਤਾਲ ਵੱਲੋਂ ਵਿਸ਼ੇਸ਼ ਗੁਰਮਤਿ ਸਮਾਗਮ ਦਾ ਆਯੋਜਨ ਭਾਈ ਗੁਰਇਕਬਾਲ ਸਿੰਘ ਅਤੇ ਭਾਈ ਹਰਵਿੰਦਰਪਾਲ ਸਿੰਘ ਲਿਟਲ ਵੀਰ ਜੀ ਦੀ ਦੇਖ ਰੇਖ ਵਿੱਚ ਤਰਨ ਤਾਰਨ ਰੋਡ,ਅੰਮ੍ਰਿਤਸਰ ਵਿਖੇ ਕਰਵਾਇਆ ਗਿਆ। ਜਿਸ ਵਿੱਚ ਸਿੱਖ ਪੰਥ ਦੇ ਮਹਾਨ ਕੀਰਤਨੀ ਜੱਥਿਆਂ ਨੇ ਹਾਜ਼ਰੀ ਭਰੀ।ਉਪਰੰਤ ਭਾਈ ਹਰਵਿੰਦਰਪਾਲ ਸਿੰਘ ਲਿਟਲ ਵੀਰ ਜੀ ਅਤੇ ਭਾਈ ਗੁਰਇਕਬਾਲ ਸਿੰਘ ਜੀ ਗਿਆਨੀ ਵਿਸ਼ਾਲ ਸਿੰਘ ਜੀ ਕਥਾ ਵਾਚਕ ਮੰਜੀ ਸਾਹਿਬ ਦੀਵਾਨ ਹਾਲ ਨੇ ਕਥਾ-ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਮੈਨੇਜਰ ਸ੍ਰੀ ਦਰਬਾਰ ਸਾਹਿਬ, ਅਜੈਬ ਸਿੰਘ ਅਭਿਆਸੀ ਮੈਂਬਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਸੇਵਕ ਜਥਾ ਕੜਾਹ ਪ੍ਰਸ਼ਾਦ ਦੇ ਮੈਂਬਰ ਸਾਹਿਬਾਨ ਨੇ ਆਪਣੇ ਘਰ ਕਮਲਾ ਨਾਲ ਪੋਸਟਰ ਰਿਲੀਜ਼ ਕੀਤਾ ਗਿਆ। ਇਸ ਧਾਰਮਿਕ ਗੀਤ ਰਾਹੀਂ ਭਾਈ ਹਰਵਿੰਦਰਪਾਲ ਸਿੰਘ ਲਿਟਲ ਵੀਰ ਜੀ ਨੇ ਧੰਨ ਬਾਬਾ ਦੀਪ ਸਿੰਘ ਜੀ ਉਪਮਾ ਦਰਸਾਉਣੀ ਕੀਤੀ ਹੈ।ਉਹਨਾਂ ਕਿਹਾ ਸੰਗਤਾ ਵੱਧ ਤੋਂ ਵੱਧ ਯੂਟਿਊਬ ਚੈਨਲ ਰਾਹੀਂ ਧਾਰਮਿਕ ਗੀਤ ਨੂੰ ਸਰਵਣ ਕਰਣ।ਆਈਆਂ ਸੰਗਤਾਂ ਨੇ ਬੋਲੇ ਸੋ ਨਿਹਾਲ ਦੇ ਜੈਕਾਰੇ ਲਗਾ ਨੂੰ ਅਸੀਸ ਦਿੱਤੀ।ਇਸ ਮੌਕੇ ਮੈਨੇਜਰ ਪਰਮਜੀਤ ਸਿੰਘ, ਦਲਬੀਰ ਸਿੰਘ,ਪਰਮਜੀਤ ਸਿੰਘ ਢੱਲ ਗੁਰਪ੍ਰੀਤ ਸਿੰਘ ਚਾਹਤ, ਓਂਕਾਰ ਸਿੰਘ ਪੱਪੂ ਵੀਰ, ਹਰਿੰਦਰ ਸਿੰਘ ਗੋਲਡੀ, ਸੁਰਿੰਦਰ ਸਿੰਘ ਰਿੰਕੂ, ਗਗਨਦੀਪ ਸਿੰਘ, ਭੂਪਿੰਦਰ ਸਿੰਘ ਰਾਜੂ, ਕਵਲਜੀਤ ਸਿੰਘ ਭਾਟੀਆ, ਸਰਵਿੰਦਰ ਪਾਲ ਸਿੰਘ ਕਾਲੂ,ਮਨਪ੍ਰੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

ਤ੍ਰੈ-ਸ਼ਤਾਬਦੀ ਖ਼ਾਲਸਾ ਕਾਲਜ ਵਿਖੇ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਲੈਕਚਰ ਕਰਵਾਏ

ਸੀਸ ਤਲੀ 'ਤੇ ਰੱਖ ਕੇ ਜੂਝਣ ਦਾ ਇਤਿਹਾਸ ਅੱਜ ਵੀ ਨੌਜਵਾਨਾਂ ਲਈ ਪ੍ਰੇਰਨਾ ਸਰੋਤ: ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ

ਅੰਮ੍ਰਿਤਸਰ, 22 ਜਨਵਰੀ, (ਬਬਲੂ ਮਹਾਜਨ) : ਸਥਾਨਕ ਤ੍ਰੈ-ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਵਿਖੇ ਅਮਰ ਸ਼ਹੀਦ ਧੰਨ-ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਦੀਆਂ ਖੁਸ਼ੀਆਂ ਨੂੰ ਮੁੱਖ ਰੱਖਦਿਆਂ ਇੱਕ ਵਿਸ਼ੇਸ਼ ਲੈਕਚਰ ਦਾ ਆਯੋਜਨ ਕੀਤਾ ਗਿਆ। ਕਾਲਜ ਦੇ ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਕਰਵਾਏ ਗਏ ਇਸ ਸਮਾਗਮ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਜੀ ਮੁੱਖ ਬੁਲਾਰੇ ਵਜੋਂ ਵਿਸ਼ੇਸ਼ ਤੌਰ 'ਤੇ ਪਹੁੰਚੇ।

ਸਮਾਗਮ ਦੀ ਸ਼ੁਰੂਆਤ ਮੌਕੇ ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ ਨੇ ਸਿੰਘ ਸਾਹਿਬ ਦਾ ਸ਼ਬਦੀ ਸਵਾਗਤ ਕਰਦਿਆਂ ਉਨ੍ਹਾਂ ਨੂੰ ਜੀ ਆਇਆਂ ਕਿਹਾ। ਉਨ੍ਹਾਂ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਬਾਬਾ ਦੀਪ ਸਿੰਘ ਜੀ ਦੇ ਜਨਮ ਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਵਿਦਿਅਕ ਸੰਸਥਾਵਾਂ ਵਿੱਚ ਅਜਿਹੇ ਸਮਾਗਮ ਨੌਜਵਾਨ ਪੀੜ੍ਹੀ ਨੂੰ ਆਪਣੇ ਮਹਾਨ ਵਿਰਸੇ ਅਤੇ ਸ਼ਹੀਦਾਂ ਦੇ ਜੀਵਨ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਜੀ ਨੇ ਵਿਦਿਆਰਥੀਆਂ ਅਤੇ ਸਟਾਫ ਦੇ ਰੂ-ਬਰੂ ਹੁੰਦਿਆਂ ਬਾਬਾ ਦੀਪ ਸਿੰਘ ਜੀ ਦੇ ਜਨਮ ਤੋਂ ਲੈ ਕੇ ਸ਼ਹੀਦੀ ਤੱਕ ਦੇ ਲਾਸਾਨੀ ਸਫ਼ਰ ਨੂੰ ਬਹੁਤ ਹੀ ਸਰਲ ਅਤੇ ਪ੍ਰਭਾਵਸ਼ਾਲੀ ਸ਼ਬਦਾਂ ਵਿੱਚ ਸਰਵਣ ਕਰਵਾਇਆ। ਉਨ੍ਹਾਂ ਦੱਸਿਆ ਕਿ ਬਾਬਾ ਦੀਪ ਸਿੰਘ ਜੀ ਜਿੱਥੇ ਇੱਕ ਮਹਾਨ ਯੋਧੇ ਸਨ, ਉੱਥੇ ਹੀ ਉਹ ਉੱਚ ਕੋਟੀ ਦੇ ਵਿਦਵਾਨ ਵੀ ਸਨ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਦੀ ਯੋਗਤਾ ਨੂੰ ਦੇਖਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਤ ਲਈ ਵਿਸ਼ੇਸ਼ ਕਾਗਜ਼, ਕਲਮਾਂ ਅਤੇ ਸਿਆਹੀ ਤਿਆਰ ਕਰਨ ਦੀ ਸੇਵਾ ਲਗਾਈ ਸੀ।

ਸ਼ਹੀਦੀ ਪ੍ਰਸੰਗ ਦਾ ਜ਼ਿਕਰ ਕਰਦਿਆਂ ਸਿੰਘ ਸਾਹਿਬ ਨੇ ਦੱਸਿਆ ਕਿ ਜਦੋਂ ਬਾਬਾ ਜੀ ਨੂੰ ਅਹਿਮਦ ਸ਼ਾਹ ਅਬਦਾਲੀ ਵੱਲੋਂ ਦਰਬਾਰ ਸਾਹਿਬ ਦੀ ਕੀਤੀ ਬੇਅਦਬੀ ਦੀ ਖ਼ਬਰ ਮਿਲੀ, ਤਾਂ ਉਹ ਤਲਵੰਡੀ ਸਾਬੋ ਤੋਂ ਜਥਾ ਲੈ ਕੇ ਰਵਾਨਾ ਹੋਏ।ਰਸਤੇ ਵਿੱਚ ਮੁਗਲਾਂ ਨਾਲ ਲੋਹਾ ਲੈਂਦਿਆਂ ਉਨ੍ਹਾਂ ਦਾ ਸੀਸ ਧੜ ਨਾਲੋਂ ਅਲੱਗ ਹੋ ਗਿਆ, ਪਰ ਗੁਰੂ ਚਰਨਾਂ ਵਿੱਚ ਕੀਤੇ ਪ੍ਰਣ ਨੂੰ ਨਿਭਾਉਂਦਿਆਂ ਬਾਬਾ ਜੀ ਨੇ ਆਪਣਾ ਸੀਸ ਤਲੀ 'ਤੇ ਰੱਖ ਕੇ ਜੰਗ ਜਾਰੀ ਰੱਖੀ ਅਤੇ ਆਖਿਰ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਆਪਣਾ ਸੀਸ ਭੇਟ ਕੀਤਾ।

ਵਿਦਿਆਰਥੀਆਂ ਨੇ ਬੜੀ ਇਕਾਗਰਤਾ ਨਾਲ ਸਿੰਘ ਸਾਹਿਬ ਦੇ ਵਿਚਾਰ ਸੁਣੇ। ਸਮਾਗਮ ਦੇ ਅਖੀਰ ਵਿੱਚ ਕਾਲਜ ਪ੍ਰਿੰਸੀਪਲ ਅਤੇ ਸਮੂਹ ਸਟਾਫ ਵੱਲੋਂ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਜੀ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਸਟੇਜ ਸਕੱਤਰ ਦੀ ਸੇਵਾ ਡਾ. ਗੁਰਹੰਸ ਸਿੰਘ ਨੇ ਬਾਖੂਬੀ ਨਿਭਾਈ।

'ਆਪ' ਦੀ ਸਰਕਾਰ ਦਾ ਸਿਹਤ ਖ਼ੇਤਰ 'ਚ ਪੰਜਾਬ ਵਿੱਚ ਇਤਿਹਾਸਕ ਫ਼ੈਸਲਾ : ਤਲਬੀਰ ਸਿੰਘ ਗਿੱਲ

ਮਜੀਠਾ, 22 ਜਨਵਰੀ (ਅਸ਼ਵਨੀ ਨਈਅਰ) : ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਅੱਜ ਸਿਹਤ ਖੇਤਰ ਵਿੱਚ ਇਤਿਹਾਸਿਕ ਫੈਸਲਾ ਕਰਦਿਆਂ ਪੰਜਾਬ ਦੇ ਲੋਕਾਂ ਨੂੰ ਸਿਹਤ ਸਹੂਲਤਾਂ ਦੇਣ ਦੇ ਮਕਸਦ ਨਾਲ ਮੁੱਖ ਮੰਤਰੀ ਸਿਹਤ ਯੋਜਨਾਂ ਦੀ ਸਕੀਮ ਦੇ ਅਧੀਨ ਪੰਜਾਬ ਜੋ ਲੋਕਾਂ ਨੂੰ ਮੁਫਤ ਇਲਾਜ ਦੇਣ ਦੀ ਯੋਜਨਾ ਸ਼ੁਰੂ ਕੀਤੀ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਦਾਣਾ ਮੰਡੀ ਮਜੀਠਾ ਵਿਖੇ ਲਗਾਏ ਗਏ ਇੱਕ ਜਾਗਰੂਕਤਾ ਕੈਂਪ ਅਧੀਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਲਾਈਵ ਟੈਲੀਕਾਸਟ ਦੀ ਆਰੰਭਤਾ ਮੌਕੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਭਾਰੀ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਇਸ ਨਾਲ ਪੰਜਾਬ ਦੇ 30 ਮਿਲੀਅਨ ਲੋਕਾਂ ਨੂੰ ਸਿਹਤ ਸੇਵਾਵਾਂ ਦਾ ਲਾਭ ਮਿਲੇਗਾ। ਉਹਨਾਂ ਕਿਹਾ ਕਿ ਇਸ ਨਾਲ ਲੋਕਾਂ ਨੂੰ ਆਪਣਾ ਇਲਾਜ ਕਰਾਉਣ ਲਈ ਭਾਰੀ ਰਾਹਤ ਮਿਲੇਗੀ।

ਇਸ ਮੌਕੇ ਬਲਜਿੰਦਰ ਸਿੰਘ ਸ਼ੀਨਾ ਸਿਆਸੀ ਸਲਾਹਕਾਰ ਗਿੱਲ, ਚੇਅਰਮੈਨ ਤਰਸੇਮ ਸਿੰਘ ਸਿਆਲਕਾ, ਹਰਭੁਪਿੰਦਰ ਸਿੰਘ ਸ਼ਾਹ ਮਜੀਠਾ, ਸਰਪੰਚ ਚਨਪ੍ਰੀਤ ਸਿੰਘ ਅਜੈਵਾਲੀ, ਸਰਪੰਚ ਮਨਪ੍ਰੀਤ ਸਿੰਘ ਅਨਾਇਤਪੁਰਾ, ਕੌਂਸਲਰ ਪਿੰਕਾ ਮਜੀਠਾ, ਅਨੂਪ ਸਿੰਘ ਸੰਧੂ, ਸਰਪੰਚ ਰਾਜਕੁਮਾਰ ਲੂਧੜ, ਮਨਦੀਪ ਸਿੰਘ ਸਪਾਰੀਵਿੰਡ, ਬਲਜੀਤ ਸਿੰਘ ਭੈਣੀਆਂ ਲਿੱਦੜ, ਸਰਪੰਚ ਗੁਰਪ੍ਰੀਤ ਸਿੰਘ ਹਾਂਸ, ਸਰਪੰਚ ਸੁਖਚੈਨ ਸਿੰਘ ਸੁੱਖ ਭੰਗਵਾਂ, ਸਾਬਕਾ ਸਰਪੰਚ ਹਨੀ ਅਜੈਵਾਲੀ, ਬਲਾਕ ਸੰਮਤੀ ਮੈਂਬਰ ਰਿੰਕੂ ਕੋਟਲਾ ਤਰਖਾਣਾ, ਬਲਾਕ ਸੰਮਤੀ ਮੈਂਬਰ ਸੋਨੀ ਕੱਥੂਨੰਗਲ, ਰਣਜੋਤ ਸਿੰਘ ਅਜੈਬਾਲੀ, ਸਰਪੰਚ ਸਰਬਜੀਤ ਸਿੰਘ ਸਾਧਪੁਰ, ਬਲਵਿੰਦਰ ਸਿੰਘ ਸਰਪੰਚ ਮਰੜੀ, ਬਲਦੇਵ ਸਿੰਘ ਡੱਡੀਆਂ, ਪਰਮਿੰਦਰ ਸਿੰਘ ਉੱਪਲ ਸਰਪੰਚ, ਸਤਨਾਮ ਸਿੰਘ ਸਰਪੰਚ ਨਾਗ ਨਵੇਂ, ਮਨਪ੍ਰੀਤ ਵਰਿਆਮ ਨੰਗਲ, ਲਵਪ੍ਰੀਤ ਸਰਪੰਚ ਕਾਦਰਾਬਾਦ, ਸਾਬਕਾ ਸਰਪੰਚ ਬਿਕਰਮ ਸਿੰਘ ਨਾਗ ਕਲਾਂ, ਸੁਖਜਿੰਦਰ ਸਿੰਘ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਜਸਵੰਤ ਸਿੰਘ ਪੰਨੂ, ਸਰਪੰਚ ਰਾਣਾ ਨੰਗਲ ਪਨਵਾਂ ਸਮੇਤ ਬਹੁਤ ਸਾਰੇ ਪੰਚ ਸਰਪੰਚ ਤੇ ਇਲਾਕਾ ਨਿਵਾਸੀ ਹਾਜ਼ਰ ਸਨ।

'ਯੁਵਾ ਆਪਦਾ ਮਿੱਤਰ' ਸਕੀਮ ਤਹਿਤ ਸਿਖਲਾਈ ਦਾ ਤੀਜਾ ਦਿਨ

ਅੰਮ੍ਰਿਤਸਰ, 22 ਜਨਵਰੀ, (ਗੁਰਦਿਆਲ ਸਿੰਘ) : ਅਪ ਸਕਲਿੰਗ ਆਫ਼ ਆਪਦਾ ਮਿੱਤਰ ਯੁਵਾ ਆਪਦਾ ਮਿੱਤਰ ਸਕੀਮ ਤਹਿਤ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਪੰਜਾਬ ਦੇ ਯੂਥ ਨੂੰ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਜਿਸ ਵਿੱਚ ਟ੍ਰੇਨਿੰਗ ਦੇ ਤੀਸਰੇ ਦਿਨ ਵਲੰਟੀਅਰਾਂ ਨੂੰ ਭੂਚਾਲ ਦੇ ਪ੍ਰੈਕਟੀਕਲ ਕਰਵਾਏ ਗਏ। ਬਾਬਾ ਕੂੰਮਾ ਇੰਜੀਨੀਅਰਿੰਗ ਕਾਲਜ ਵਿੱਚ ਫਾਇਰ ਦੀ ਟੀਮ ਪਹੁੰਚੀ, ਜਿਸ ਵਿੱਚ ਐਨ. ਐਫ. ਐਸ.ਸੀ .ਸਬ ਫਾਇਰ ਅਫ਼ਸਰ ਸਾਹਿਲ ਗਿੱਲ ਅਤੇ ਮਾਸਟਰ ਟ੍ਰੇਨਰ ਹਾਈਡਰੋਲਿਕ ਅਫਸਰ ਮਨਦੀਪ ਸਿੰਘ ਵੱਲੋਂ ਅੱਗ ਬਝਾਉਣ ਦੇ ਵੱਖ-ਵੱਖ ਤਰੀਕੇ ਵਲੰਟੀਅਰਾਂ ਨੂੰ ਸਿਖਾਏ ਗਏ ਅਤੇ ਫਾਇਰ ਦਾ ਪ੍ਰੈਕਟੀਕਲ ਫਾਇਰ ਮਸ਼ੀਨ ਦੁਆਰਾ ਕਰਵਾਇਆ ਗਿਆ। ਇਸੇ ਦੌਰਾਨ ਟਰੇਨਿੰਗ ਵਿੱਚ ਟ੍ਰੇਨਿੰਗ ਅਫਸਰ ਵਿਜੇ ਰਾਣਾ ਪਹੁੰਚੇ। ਉਨਾਂ ਨੇ ਸਮੂਹ ਮੈਗਸੀਪਾ ਟੀਮ ਨਾਲ ਜਾਣ ਪਛਾਣ ਕੀਤੀ ਅਤੇ ਟ੍ਰੇਨਿੰਗ ਪ੍ਰੋਗਰਾਮ ਦਾ ਪੂਰਾ ਮੁਆਇਨਾ ਕੀਤਾ। ਕੋਰਸ ਕੋਆਰਡੀਨੇਟਰ ਅੰਕੁਰ ਸ਼ਰਮਾ ਵੱਲੋਂ ਟ੍ਰੇਨਿੰਗ ਅਫਸਰਾਂ ਨੂੰ ਟਰੇਨਿੰਗ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਦੌਰਾਨ ਐਨ.ਸੀ.ਸੀ ਵਲੰਟੀਅਰ, ਐਸ.ਐਮ.ਓ.ਲਵਦੀਪ ਸਿੰਘ ,ਸਮੂਹ ਮੈਗਸੀਪਾਂ ਟੀਮ ਸ਼ਾਮਿਲ ਸੀ। ਇਸ ਦੇ ਨਾਲ ਹੀ ਇੰਸਟਰਕਟਰ ਸੁਨੀਲ ਜਰਿਆਲ, ਅਤੇ ਸਚਿਨ ਵੱਲੋਂ ਆਫਤ ਦੌਰਾਨ ਡਿੱਗੀਆਂ ਹੋਈਆਂ ਇਮਾਰਤਾਂ ਵਿੱਚੋਂ ਵਿਅਕਤੀਆਂ ਨੂੰ ਲੱਭਣ ਦੇ ਵੱਖ-ਵੱਖ ਤਰੀਕੇ ਵੀ ਸਿਖਾਏ ਗਏ।

ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਹਰ ਪਰਿਵਾਰ ਨੂੰ ਮਿਲੇਗਾ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ : ਦਲਬੀਰ ਸਿੰਘ ਟੌਂਗ

ਅੰਮ੍ਰਿਤਸਰ, 22 ਜਨਵਰੀ (ਗੁਰਦਿਆਲ ਸਿੰਘ) : ਆਮ ਆਦਮੀ ਪਾਰਟੀ ਦੇ ਬਾਬਾ ਬਕਾਲਾ ਹਲਕੇ ਤੋਂ ਵਿਧਾਇਕ ਦਲਬੀਰ ਸਿੰਘ ਟੌਂਗ ਵੱਲੋਂ ਆਪਣੇ ਦਫ਼ਤਰ ਵਿਖੇ ਪਾਰਟੀ ਦੇ ਅਹੁਦੇਦਾਰਾਂ ਅਤੇ ਵਲੰਟੀਅਰਾਂ ਨਾਲ ਮਿਲ ਕੇ ਮੁੱਖ ਮੰਤਰੀ ਸਿਹਤ ਬੀਮਾ ਕਾਰਡ ਦੀ ਲਾਂਚਿੰਗ ਦਾ ਜਸ਼ਨ ਮਨਾਇਆ ਗਿਆ। ਇਸ ਮੌਕੇ ਅਹੁਦੇਦਾਰਾਂ, ਵਲੰਟੀਅਰਾਂ ਅਤੇ ਇਲਾਕਾ ਨਿਵਾਸੀਆਂ ਨੇ ਇੱਕ-ਦੂਜੇ ਨੂੰ ਮੂੰਹ ਮਿੱਠਾ ਕਰਵਾਉਂਦਿਆਂ ਵਧਾਈਆਂ ਸਾਂਝੀਆਂ ਕੀਤੀਆਂ।

ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਦਲਬੀਰ ਸਿੰਘ ਟੌਂਗ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 22 ਜਨਵਰੀ ਨੂੰ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਅਧੀਨ ਪੰਜਾਬ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਕੈਸ਼ਲੈੱਸ ਇਲਾਜ ਮੁਹੱਈਆ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਲਈ ਕੋਈ ਵੀ ਆਮਦਨ ਸੀਮਾ ਨਹੀਂ ਰੱਖੀ ਗਈ ਅਤੇ ਸਰਕਾਰੀ ਮੁਲਾਜ਼ਮਾਂ ਨੂੰ ਵੀ ਇਸ ਯੋਜਨਾ ਦੇ ਦਾਇਰੇ ਵਿੱਚ ਸ਼ਾਮਿਲ ਕੀਤਾ ਗਿਆ ਹੈ।

ਸ: ਟੌਂਗ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਸੰਯੋਜਕ ਅਰਵਿੰਦ ਕੇਜਰੀਵਾਲ ਵੱਲੋਂ ਮੋਹਾਲੀ ਤੋਂ ਇਸ ਯੋਜਨਾ ਦਾ ਸਰਕਾਰੀ ਤੌਰ 'ਤੇ ਸ਼ੁਰੂਆਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪਹਿਲਾਂ ਚੱਲ ਰਹੀਆਂ ਸਿਹਤ ਯੋਜਨਾਵਾਂ ਵਿੱਚ ਸਿਰਫ਼ 5 ਲੱਖ ਰੁਪਏ ਤੱਕ ਦੀ ਹੀ ਕਵਰੇਜ ਮਿਲਦੀ ਸੀ, ਪਰ ਮਾਨ ਸਰਕਾਰ ਨੇ ਇਤਿਹਾਸਕ ਫੈਸਲਾ ਲੈਂਦਿਆਂ ਇਸ ਰਕਮ ਨੂੰ ਦੋਗੁਣਾਂ ਕਰਕੇ 10 ਲੱਖ ਰੁਪਏ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਯੋਜਨਾ ਪੰਜਾਬ ਦੇ ਹਰ ਨਿਵਾਸੀ ਦਾ ਅਧਿਕਾਰ ਹੈ ਅਤੇ ਕਿਸੇ ਵੀ ਪਰਿਵਾਰ ਨੂੰ ਇਸਦੇ ਲਾਭ ਤੋਂ ਵੰਚਿਤ ਨਹੀਂ ਰੱਖਿਆ ਜਾਵੇਗਾ। ਇਸ ਯੋਜਨਾ ਅਧੀਨ ਸਰਕਾਰੀ ਅਤੇ ਪ੍ਰਾਈਵੇਟ ਦੋਵੇਂ ਤਰ੍ਹਾਂ ਦੇ ਐਮਪੈਨਲ ਹਸਪਤਾਲਾਂ ਵਿੱਚ ਇਲਾਜ ਕਰਵਾਇਆ ਜਾ ਸਕੇਗਾ, ਜਿਸ ਨਾਲ ਆਮ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ।

ਸ: ਦਲਬੀਰ ਸਿੰਘ ਟੌਂਗ ਨੇ ਕਿਹਾ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਸਿਹਤ ਖੇਤਰ ਵਿੱਚ ਪੰਜਾਬ ਲਈ ਇੱਕ ਕ੍ਰਾਂਤੀਕਾਰਕ ਕਦਮ ਸਾਬਤ ਹੋਵੇਗੀ, ਜਿਸ ਨਾਲ ਹਰ ਪਰਿਵਾਰ ਨੂੰ ਗੁਣਵੱਤਾ ਭਰਪੂਰ ਅਤੇ ਮੁਫ਼ਤ ਇਲਾਜ ਦੀ ਪੂਰੀ ਗਰੰਟੀ ਮਿਲੇਗੀ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਅਕਾਲੀ ਮਾਰਕੀਟ ਵਿਖੇ ਚੱਲ ਰਹੇ ਕਾਰਜਾਂ ਦਾ ਲਿਆ ਜਾਇਜ਼ਾ

ਅੰਮ੍ਰਿਤਸਰ, 22 ਜਨਵਰੀ (ਗੁਰਦਿਆਲ ਸਿੰਘ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਸ੍ਰੀ ਦਰਬਾਰ ਸਾਹਿਬ ਨਜ਼ਦੀਕ ਅਕਾਲੀ ਮਾਰਕੀਟ ਵਾਲੀ ਜਗ੍ਹਾ 'ਤੇ ਨਵੀਂ ਉਸਾਰੀ ਜਾ ਰਹੀ ਸਰਾਂ ਅਤੇ ਹੋਰ ਚੱਲ ਰਹੇ ਕਾਰਜਾਂ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਮੌਕੇ ਐਡਵੋਕੇਟ ਧਾਮੀ ਨੇ ਸਬੰਧਤ ਅਧਿਕਾਰੀਆਂ ਪਾਸੋਂ ਚੱਲ ਰਹੇ ਕਾ

ਐਸ.ਪੀ.ਐਸ. ਹਸਪਤਾਲ ਵੱਲੋਂ ਅਸਥਮਾ ਐਂਡ ਐਲਰਜੀ ਕੇਅਰ ਕਲੀਨਿਕ ਦੀ ਸ਼ੁਰੂਆਤ

ਲੁਧਿਆਣਾ, 22 ਜਨਵਰੀ (ਜਤਿੰਦਰਪਾਲ ਸਿੰਘ ਛਾਬੜਾ): 77ਵੇਂ ਗਣਤੰਤਰ ਦਿਵਸ ਦੇ ਮੌਕੇ 'ਤੇ ਐਸਪੀਐਸ ਹਸਪਤਾਲਜ਼ ਨੇ ਆਪਣੇ ਪਲਮੋਨੋਲੋਜੀ ਵਿਭਾਗ ਹੇਠ ਐਸਪੀਐਸ ਅਸਥਮਾ ਐਂਡ ਐਲਰਜੀ ਕੇਅਰ ਕਲਿਨਿਕ ਦੀ ਸ਼ੁਰੂਆਤ ਕਰਣ ਜਾ ਰਿਹਾ ਹੈ। ਇਹ ਕਲੀਨਿਕ ਉੱਤਰ ਭਾਰਤ ਦੇ ਲੋਕਾਂ ਲਈ ਸਾਸ ਨਾਲ ਸੰਬੰਧਿਤ ਬਿਮਾਰੀਆਂ ਦੇ ਇਲਾਜ ਵਿੱਚ ਇੱਕ ਵੱਡੀ ਸਹੂਲਤ ਹੈ। ਹੁਣ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਜੰਮੂ ਦੇ ਮਰੀਜ਼ਾਂ ਨੂੰ ਉੱਨਤ ਜਾਂਚ ਅਤੇ ਆਧੁਨਿਕ ਇਲਾਜ ਆਪਣੇ ਹੀ ਇਲਾਕੇ ਵਿੱਚ ਉਪਲੱਬਧ ਹੋਵੇਗਾ, ਜਿਸ ਲਈ ਪਹਿਲਾਂ ਵੱਡੇ ਸ਼ਹਿਰਾਂ ਵਿੱਚ ਜਾਣਾ ਪੈਂਦਾ ਸੀ।

ਭਾਰਤ ਵਿੱਚ ਅਸਥਮਾ ਇੱਕ ਗੰਭੀਰ ਸਮੱਸਿਆ ਹੈ। ਦੁਨੀਆਂ ਭਰ ਵਿੱਚ ਅਸਥਮਾ ਨਾਲ ਹੋਣ ਵਾਲੀਆਂ ਮੌਤਾਂ ਵਿੱਚੋਂ ਲੱਗਭੱਗ 42 ਫੀਸਦੀ ਮੌਤਾਂ ਭਾਰਤ ਵਿੱਚ ਹੁੰਦੀਆਂ ਹਨ। ਇਸਦਾ ਮੁੱਖ ਕਾਰਨ ਬਿਮਾਰੀ ਦੀ ਦੇਰ ਨਾਲ ਪਛਾਣ, ਜਾਣਕਾਰੀ ਦੀ ਘਾਟ ਅਤੇ ਸਾਂਸ ਦੀ ਬਿਮਾਰੀ ਨੂੰ ਲੈ ਕੇ ਲੋਕਾਂ ਦੀ ਝਿਜਕ ਹੈ। ਇਹ ਨਵਾਂ ਕਲਿਨਿਕ ਸਮੇਂ ਸਿਰ ਜਾਂਚ, ਮਰੀਜ਼ ਜਾਗਰੂਕਤਾ ਅਤੇ ਸਹੀ ਇਲਾਜ ਰਾਹੀਂ ਇਸ ਸਮੱਸਿਆ ਨੂੰ ਘਟਾਉਣ ਦਾ ਉਦੇਸ਼ ਰੱਖਦਾ ਹੈ। ਡਾ. ਰਾਜਿੰਦਰ ਕੁਮਾਰ ਗੋਇਲ ਸੀਨੀਅਰ ਕਨਸਲਟੈਂਟ ਪਲਮੋਨੋਲੋਜੀ, ਨੇ ਕਿਹਾ ਕਿ ਅਸਥਮਾ ਨੂੰ ਅਕਸਰ ਲੋਕ ਗੰਭੀਰਤਾ ਨਾਲ ਨਹੀਂ ਲੈਂਦੇ। ਜਦੋਂ ਸਾਹ ਬਹੁਤ ਜ਼ਿਆਦਾ ਫੁੱਲਣ ਲੱਗਦਾ ਹੈ ਜਾਂ ਛਾਤੀ ਵਿੱਚ ਜਕੜਨ ਹੁੰਦੀ ਹੈ, ਤਦ ਤੱਕ ਕਾਫ਼ੀ ਨੁਕਸਾਨ ਹੋ ਚੁੱਕਾ ਹੁੰਦਾ ਹੈ। ਉਨ੍ਹਾਂ ਸਮੇਂ ਸਿਰ ਜਾਂਚ ਅਤੇ ਮਾਹਿਰ ਡਾਕਟਰ ਤੋਂ ਇਲਾਜ ਲੈਣ ਦੀ ਅਪੀਲ ਕੀਤੀ। ਡਾ. ਕੀਰਤ ਕੌਰ ਸਿਬੀਆ, ਕਨਸਲਟੈਂਟ ਪਲਮੋਨੋਲੋਜੀ, ਨੇ ਦੱਸਿਆ ਕਿ ਹਰ ਸਾਹ ਫੁੱਲਣਾ ਅਸਥਮਾ ਨਹੀਂ ਹੁੰਦਾ ਅਤੇ ਹਰ ਅਸਥਮਾ ਐਲਰਜੀ ਨਾਲ ਨਹੀਂ ਜੁੜਿਆ ਹੁੰਦਾ। ਇਸ ਕਲਿਨਿਕ ਵਿੱਚ ਹਰ ਮਰੀਜ਼ ਲਈ ਵੱਖ-ਵੱਖ ਇਲਾਜ ਯੋਜਨਾ ਬਣਾਈ ਜਾਂਦੀ ਹੈ ਅਤੇ ਧੂੜ, ਪਰਾਗਕਣ, ਧੂੰਆਂ, ਪ੍ਰਦੂਸ਼ਣ ਅਤੇ ਮੌਸਮ ਵਰਗੇ ਕਾਰਨਾਂ ਦੀ ਪਛਾਣ ਕੀਤੀ ਜਾਂਦੀ ਹੈ। ਕਲਿਨਿਕ ਵਿੱਚ ਸਹੀ ਇਨਹੇਲਰ ਇਲਾਜ ਦੇ ਨਾਲ-ਨਾਲ ਗੰਭੀਰ ਅਸਥਮਾ ਮਰੀਜ਼ਾਂ ਲਈ ਨਵੀਆਂ ਇੰਟਰਨੈਸ਼ਨਲ ਬਾਇਓਲੋਜਿਕਲ ਦਵਾਈਆਂ ਵੀ ਉਪਲਬਧ ਹਨ, ਜਿਸ ਨਾਲ ਵਾਰ-ਵਾਰ ਹਸਪਤਾਲ ਦਾਖਲੇ ਦੀ ਲੋੜ ਘੱਟ ਹੁੰਦੀ ਹੈ। ਇੱਥੇ ਆਧੁਨਿਕ ਜਾਂਚ ਸਹੂਲਤਾਂ ਅਤੇ 24 ਘੰਟੇ ਐਮਰਜੈਂਸੀ ਸੇਵਾ ਵੀ ਉਪਲਬਧ ਹੈ। ਅਸਥਮਾ ਐਂਡ ਐਲਰਜੀ ਕੇਅਰ ਕਲਿਨਿਕ ਹਰ ਮੰਗਲਵਾਰ ਅਤੇ ਸ਼ੁੱਕਰਵਾਰ ਨੂੰ ਦੁਪਹਿਰ 2 ਵਜੇ ਤੋਂ ਸ਼ਾਮ 5 ਵਜੇ ਤੱਕ ਚੱਲੇਗਾ। ਇਸ ਮੌਕੇ ਐਸਪੀਐਸ ਹਸਪਤਾਲਜ਼ ਦੇ ਸ੍ਰੀ ਯੋਗੇਂਦਰ ਨਾਥ ਅਵਾਧਿਆ ਨੇ ਕਿਹਾ ਕਿ ਇਹ ਕਲਿਨਿਕ ਖੇਤਰ ਦੀ ਇੱਕ ਬਹੁਤ ਵੱਡੀ ਲੋੜ ਨੂੰ ਪੂਰਾ ਕਰਦਾ ਹੈ। ਉਨ੍ਹਾਂ ਦੱਸਿਆ ਕਿ ਇਸ ਨਾਲ ਮਰੀਜ਼ਾਂ ਨੂੰ ਸਮੇਂ ਸਿਰ ਸਹੀ ਇਲਾਜ ਮਿਲੇਗਾ ਅਤੇ ਉਹ ਸਰਗਰਮ, ਆਤਮਨਿਰਭਰ ਅਤੇ ਬਿਮਾਰੀ ਦੇ ਡਰ ਤੋਂ ਮੁਕਤ ਜੀਵਨ ਜੀ ਸਕਣਗੇ। ਐਸਪੀਐਸ ਹਸਪਤਾਲ ਤੋਂ ਸ੍ਰੀ ਜੈ ਸਿੰਘ ਸੰਧੂ ਨੇ ਕਿਹਾ ਕਿ 2005 ਤੋਂ ਲੈ ਕੇ ਅੱਜ ਤੱਕ ਐਸਪੀਐਸ ਹਸਪਤਾਲਜ਼ ਨੇ ਹਰ ਚੁਣੌਤੀ ਡਟ ਕੇ ਸਾਹਮਣਾ ਕੀਤਾ ਹੈ। ਸਾਡਾ ਮਕਸਦ ਹਮੇਸ਼ਾ ਉੱਨਤ, ਨੈਤਿਕ ਅਤੇ ਕਿਫਾਇਤੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਸਭ ਕੁਝ ਸਤਿਗੁਰੂ ਉਦੈ ਸਿੰਘ ਦੇ ਆਸ਼ੀਰਵਾਦ ਅਤੇ ਮਾਰਗਦਰਸ਼ਨ ਨਾਲ ਸੰਭਵ ਹੋਇਆ ਹੈ, ਜੋ ਐਸਪੀਐਸ ਟੀਮ ਨੂੰ ਲਗਾਤਾਰ ਬਿਹਤਰ ਮਰੀਜ਼ ਸੰਭਾਲ ਅਤੇ ਮੈਡੀਕਲ ਉਤਕ੍ਰਿਸ਼ਟਤਾ ਵੱਲ ਅੱਗੇ ਵਧਣ ਦੀ ਪ੍ਰੇਰਣਾ ਦਿੰਦਾ ਹੈ।

ਸਟਰੀਟ ਲਾਈਟ ਪ੍ਰੋਜੈਕਟ ਦਾ ਸੌਂਦ ਵੱਲੋਂ ਉਦਘਾਟਨ

ਲੁਧਿਆਣਾ, 22 ਜਨਵਰੀ (ਵਿਸ਼ਾਲ ਸ਼ਰਮਾ) : ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ, ਕਿਰਤ, ਪ੍ਰਾਹੁਣਚਾਰੀ ਅਤੇ ਪੇਂਡੂ ਵਿਕਾਸ ਤੇ ਪੰਚਾਇਤਾਂ ਮੰਤਰੀ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਖੰਨਾ ਦੇ ਵਾਰਡ ਨੰਬਰ 19, ਸ਼ਮਸ਼ਾਨਘਾਟ ਰੋਡ ਤੇ 46.80 ਲੱਖ ਰੁਪਏ ਦੀ ਲਾਗਤ ਨਾਲ ਲੇਗੀਟੇਜ਼ ਤੇ ਫੈਂਸੀ ਪੋਲ ਸਟਰੀਟ ਲਾਈਟ ਲਗਾਉਣ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਇਸ ਮੌਕੇ ਨਗਰ ਕੌਂਸਲ ਖੰਨਾ ਦੇ ਕਾਰਜ ਸਾਧਕ ਅਫਸਰ ਚਰਨਜੀਤ ਸਿੰਘ ਉਭੀ, ਵਾਰਡ ਨੰ: 19 ਖੰਨਾ ਦੇ ਕੌਂਸਲਰ ਰੂਬੀ ਭਾਟੀਆ ਅਤੇ ਹਰਜੀਤ ਸਿੰਘ ਵਿੱਕੀ ਭਾਟੀਆ ਤੋਂ ਇਲਾਵਾ ਇਲਾਕੇ ਦੀਆਂ ਨਾਮਵਰ ਸਖਸ਼ੀਅਤਾਂ ਵੀ ਮੌਜੂਦ ਸਨ। ਕੈਬਨਿਟ ਮੰਤਰੀ ਸੌਂਦ ਨੇ ਕਿਹਾ,ਲੋਕਾਂ ਦੀ ਭਲਾਈ ਸਾਡੀ ਸਰਕਾਰ ਦੀ ਪਹਿਲ ਹੈ ਅਤੇ ਅਸੀਂ ਇਹ ਯਕੀਨੀ ਬਣਾਉਣ ਲਈ ਲਗਾਤਾਰ ਕੰਮ ਕਰ ਰਹੇ ਹਾਂ ਕਿ ਕਿਸੇ ਵੀ ਵਾਰਡ ਜਾਂ ਇਲਾਕੇ ਦਾ ਵਿਕਾਸ ਪਿੱਛੇ ਨਾ ਰਹਿ ਜਾਵੇ। ਇਸ ਮੌਕੇ ਤਰੁਨਪ੍ਰੀਤ ਸਿੰਘ ਸੌਂਦ ਨੇ ਸਥਾਨਕ ਵਸਨੀਕਾਂ ਨਾਲ ਗੱਲਬਾਤ ਕਰਦਿਆਂ ਭਰੋਸਾ ਦਵਾਇਆ ਕਿ ਵਾਰਡ ਦੇ ਹੋਰ ਵਿਕਾਸ ਕਾਰਜਾਂ ਜਿਵੇਂ ਕਿ ਸੜਕਾਂ ਦੀ ਮਰੰਮਤ, ਸਟਰੀਟ ਲਾਈਟਾਂ ਦੀ ਬਦਲੀ, ਸਫਾਈ ਅਤੇ ਹੋਰ ਕੰਮਾਂ ਨੂੰ ਵੀ ਤਰਜੀਹੀ ਅਧਾਰ ਤੇ ਕਰਵਾਇਆ ਜਾਵੇਗਾ। ਮੰਤਰੀ ਸੌਂਦ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਵਸਨੀਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਕਰੋੜਾਂ ਰੁਪਏ ਖਰਚ ਕਰ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਹੁਣ ਵਿਧਾਨ ਸਭਾ ਹਲਕਾ ਖੰਨਾ ਦਾ ਜ਼ਿਕਰ, ਪੰਜਾਬ ਦੇ ਤੇਜ਼ੀ ਨਾਲ ਵਿਕਾਸ ਕਰ ਰਹੇ ਹਲਕਿਆਂ ਵਿੱਚ ਕੀਤਾ ਜਾ ਰਿਹਾ ਹੈ ਜਿੱਥੇ ਰੋਜ਼ਾਨਾ ਗਲੀਆਂ, ਸੜਕਾਂ, ਸੀਵਰੇਜ਼, ਸਟਰੀਟ ਲਾਈਟਾਂ, ਵਾਟਰ ਸਪਲਾਈ ਤੇ ਹੋਰ ਵਿਕਾਸ ਪ੍ਰੋਜੈਕਟਾਂ ਦੇ ਰਸਮੀ ਉਦਘਾਟਨ ਇਲਾਕੇ ਦੇ ਵਸਨੀਕਾਂ ਦੇ ਨਾਲ ਮਿਲ ਕੇ ਕੀਤੇ ਜਾ ਰਹੇ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਖੰਨਾ ਦੇ ਵਿਕਾਸ ਕਾਰਜ ਕਰਵਾਉਣ ਲਈ ਉਹ ਦਿਨ ਰਾਤ ਇੱਕ ਕਰ ਦੇਣਗੇ। ਉਨ੍ਹਾਂ ਖੰਨਾ ਸ਼ਹਿਰ ਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਖੰਨਾ ਸਾਡੀ ਜਨਮ ਭੂਮੀ ਹੈ ਇਸ ਲਈ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਖੰਨਾ ਨੂੰ ਸਭ ਤੋਂ ਸੋਹਣਾ ਸ਼ਹਿਰ ਬਣਾਉਣ ਲਈ ਕੰਮ ਕਰੀਏ।

ਪੰਥਕ ਜਥੇਬੰਦੀਆਂ ਦਾ ਐਲਾਨ : 26 ਜਨਵਰੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜੁਟਣਗੀਆਂ ਸੰਗਤਾਂ

ਅੰਮ੍ਰਿਤਸਰ/ਲੁਧਿਆਣਾ, 22 ਜਨਵਰੀ (ਜਤਿੰਦਰਪਾਲ ਸਿੰਘ ਛਾਬੜਾ) : ਪੰਥਕ ਰਾਜਨੀਤੀ ਵਿੱਚ ਇੱਕ ਵਾਰ ਫਿਰ ਵੱਡੀ ਹਲਚਲ ਦੇਖਣ ਨੂੰ ਮਿਲ ਰਹੀ ਹੈ। ਦਲ ਖ਼ਾਲਸਾ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਪੰਚ ਪ੍ਰਧਾਨੀ ਅਤੇ ਜਗਤਾਰ ਸਿੰਘ ਹਵਾਰਾ ਕਮੇਟੀ ਸਮੇਤ ਪ੍ਰਮੁੱਖ ਸਿੱਖ ਜਥੇਬੰਦੀਆਂ ਨੇ 26 ਜਨਵਰੀ 2026 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇਕੱਠੇ ਹੋਣ ਦਾ ਫੈਸਲਾ ਕੀਤਾ ਹੈ। ਪ੍ਰੈਸ ਨਾਲ ਗੱਲਬਾਤ ਕਰਦਿਆਂ ਕੰਵਰਪਾਲ ਸਿੰਘ ਬਿੱਟੂ ਨੇ ਦੱਸਿਆ ਕਿ ਇਹ ਸਾਰੀਆਂ ਜਥੇਬੰਦੀਆਂ ਗੋਲਡਨ ਟੈਂਪਲ ਪਲਾਜ਼ਾ ਵਿਖੇ ਇਕੱਤਰ ਹੋ ਕੇ ਸੰਗਤ ਨੂੰ ਸੰਬੋਧਨ ਕਰਨਗੀਆਂ, ਜਿਸ ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕੀਤੀ ਜਾਵੇਗੀ। ਇਸ ਸਮਾਗਮ ਦਾ ਮੁੱਖ ਉਦੇਸ਼ ਖਾਲਿਸਤਾਨ ਦੇ ਸੰਘਰਸ਼ ਲਈ ਸ਼ਹੀਦ ਹੋਣ ਵਾਲੇ ਸਿੰਘਾਂ ਨੂੰ ਸ਼ਰਧਾਂਜਲੀ ਭੇਟ ਕਰਨਾ ਅਤੇ ਪੰਥਕ ਸ਼ਕਤੀ ਨੂੰ ਮੁੜ ਜਥੇਬੰਦ ਕਰਨਾ ਹੈ।

ਸਿਮਰਨਜੀਤ ਸਿੰਘ ਮਾਨ ਨੇ ਇਸ ਇਕੱਠ ਦੀ ਮਹੱਤਤਾ ਬਾਰੇ ਬੋਲਦਿਆਂ ਕਿਹਾ ਕਿ ਇਹ ਮੀਟਿੰਗ 1986 ਵਿੱਚ ਦਮਦਮੀ ਟਕਸਾਲ ਵੱਲੋਂ ਬੁਲਾਏ ਗਏ ਇਤਿਹਾਸਕ ਸਰਬੱਤ ਖ਼ਾਲਸਾ ਦੀ ਤਰਜ਼ 'ਤੇ ਹੋਵੇਗੀ। ਉਨ੍ਹਾਂ ਸਮੂਹ ਸਿੱਖ ਸੰਗਠਨਾਂ ਨੂੰ ਅਪੀਲ ਕੀਤੀ ਕਿ ਉਹ ਕੌਮੀ ਟੀਚਿਆਂ ਦੀ ਪ੍ਰਾਪਤੀ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਇੱਕਜੁੱਟ ਹੋਣ।

ਇਸ ਮੌਕੇ ਜਥੇਬੰਦੀਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.)ਨੂੰ 328 ਲਾਪਤਾ ਪਾਵਨ ਸਰੂਪਾਂ ਦੇ ਮੁੱਦੇ ਤੇ ਬੁਰੀ ਤਰ੍ਹਾਂ ਘੇਰਿਆ। ਕੰਵਰਪਾਲ ਸਿੰਘ ਬਿੱਟੂ ਨੇ ਦਾਅਵਾ ਕੀਤਾ ਕਿ ਐਸ.ਜੀ.ਪੀ.ਸੀ.ਕੋਲ ਸਾਰੇ ਸਰੂਪਾਂ ਦਾ ਰਿਕਾਰਡ ਮੌਜੂਦ ਹੈ ਅਤੇ ਉਹ ਜਾਣਦੇ ਹਨ ਕਿ ਇਹ ਸਰੂਪ ਕਿਹੜੇ ਡੇਰਿਆਂ ਜਾਂ ਘਰਾਂ ਵਿੱਚ ਭੇਜੇ ਗਏ ਹਨ, ਪਰ ਇਸ ਰਿਕਾਰਡ ਨੂੰ ਜਾਣਬੁੱਝ ਕੇ ਜਨਤਕ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਮੰਗ ਕੀਤੀ ਕਿ ਇਹ ਰਿਕਾਰਡ ਪੰਥਕ ਸ਼ਖਸੀਅਤਾਂ ਦੇ ਸਾਹਮਣੇ ਰੱਖਿਆ ਜਾਵੇ ਤਾਂ ਜੋ ਇਸ ਦੀ ਪੁਸ਼ਟੀ ਹੋ ਸਕੇ।

ਦੂਜੇ ਪਾਸੇ, ਨਰਾਇਣ ਸਿੰਘ ਚੌੜਾ ਨੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਪੰਥ ਨੂੰ ਡਰ ਹੈ ਕਿ ਇਹ ਪਾਵਨ ਸਰੂਪ ਅਜਿਹੀਆਂ ਥਾਵਾਂ 'ਤੇ ਭੇਜੇ ਗਏ ਹਨ, ਜਿੱਥੇ ਮਰਿਆਦਾ ਦੀ ਪਾਲਣਾ ਨਹੀਂ ਹੋ ਰਹੀ। ਉਨ੍ਹਾਂ ਸਿੱਟ(SIT) ਦੀ ਜਾਂਚ ਤੇ ਅਵਿਸ਼ਵਾਸ ਪ੍ਰਗਟ ਕਰਦਿਆਂ ਕਿਹਾ ਕਿ ਜੇਕਰ ਐਸ.ਜੀ. ਪੀ.ਸੀ. ਹੱਲ ਨਹੀਂ ਕਰ ਸਕਦੀ ਤਾਂ ਇਹ ਮਾਮਲਾ ਪੰਥ ਦੇ ਹਵਾਲੇ ਕਰ ਦਿੱਤਾ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਨੂੰ ਨਿਸ਼ਾਨੇ ਤੇ ਲੈਂਦਿਆਂ ਕਿਹਾ ਕਿ ਮੁਕਤਸਰ ਸਾਹਿਬ ਦੀ ਕਾਨਫਰੰਸ ਵਿੱਚ ਸਰੂਪਾਂ ਦੀ ਬਰਾਮਦਗੀ ਬਾਰੇ ਝੂਠ ਬੋਲਣ ਲਈ ਮੁੱਖ ਮੰਤਰੀ ਨੂੰ ਵਿਧਾਨ ਸਭਾ ਵਿੱਚ ਸੰਗਤ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ। ਜਥੇਬੰਦੀਆਂ ਨੇ ਸਪੱਸ਼ਟ ਕੀਤਾ ਕਿ ਜਦੋਂ ਤੱਕ ਖਾਲਿਸਤਾਨ ਦੀ ਪ੍ਰਾਪਤੀ ਨਹੀਂ ਹੁੰਦੀ, ਉਨ੍ਹਾਂ ਦਾ ਸੰਘਰਸ਼ ਨਿਰੰਤਰ ਜਾਰੀ ਰਹੇਗਾ।

ਬਖਤੜੀ ਵਾਲਾ ਅਤੇ ਦਿਲਜੀਤ ਕੌਰ ਦੀ ਨਵੀਂ ਐਲਬਮ 'ਪੰਜਵਾਂ ਅਖਾੜਾ' ਰਿਲੀਜ਼

ਲੁਧਿਆਣਾ, 22 ਜਨਵਰੀ (ਰਵਿੰਦਰ ਸਿੰਘ ਨਿੱਝਰ): ਪ੍ਰਸਿੱਧ ਪੰਜਾਬੀ ਗਾਇਕ ਹਾਕਮ ਬਖਤੜੀਵਾਲਾ ਅਤੇ ਬੀਬਾ ਦਲਜੀਤ ਕੌਰ ਵੱਲੋਂ ਆਪਣੀ ਨਵੀਂ ਐਲਬਮ ਪੰਜਵਾਂ ਅਖਾੜਾ ਰਿਲੀਜ਼ ਕੀਤੀ ਗਈ ਹੈ । ਬਖਤੜੀ ਵਾਲਾ ਅਤੇ ਦਲਜੀਤ ਕੌਰ ਨੇ ਕਿਹਾ ਹੈ ਕਿ ਵਾਈਟਲ ਰਿਕਾਰਡਸ ਵੱਲੋਂ ਸੰਚਾਲਕ ਤਲਜਿੰਦਰ ਨਾਗਰਾ ਅਤੇ ਉਨ੍ਹਾਂ ਦੇ ਪੁੱਤਰ ਅਰਸ਼ ਨਾਗਰਾ ਦੀ ਦੇਖ-ਰੇਖ ਹੇਠ ਰਿਲੀਜ਼ ਕੀਤੀ ਗਈ ਇਹ ਐਲਬਮ ਪੂਰੀ ਤਰ੍ਹਾਂ ਪੰਜਾਬੀ ਸੱਭਿਆਚਾਰ, ਪੰਜਾਬੀਅਤ ਅਤੇ ਮਾਂ ਬੋਲੀ ਪੰਜਾਬੀ ਨੂੰ ਸਮਰਪਿਤ ਹੈ। ਬਖਤੜੀਵਾਲਾ ਨੇ ਦੱਸਿਆ ਕਿ ਪੰਜਵਾ ਅਖਾੜਾ ਵਿੱਚ ਕੁੱਲ ਅੱਠ ਗੀਤ ਹਨ। ਇਨ੍ਹਾਂ ਵਿੱਚੋਂ ਦੋ ਗੀਤ ਉਨ੍ਹਾਂ ਵੱਲੋਂ ਖੁਦ ਲਿਖੇ ਗਏ ਹਨ ਜਦਕਿ ਬਾਕੀ ਗੀਤ ਸਾਜਨ ਰਾਏ ਕੋਟੀ, ਕੁਲਬੀਰ ਚੋਟੀ ਵਾਲਾ ਅਤੇ ਹੋਰ ਪ੍ਰਸਿੱਧ ਗੀਤਕਾਰਾਂ ਵੱਲੋਂ ਲਿਖੇ ਗਏ ਹਨ। ਉਨ੍ਹਾਂ ਕਿਹਾ ਕਿ ਐਲਬਮ ਦੇ ਸਾਰੇ ਗੀਤ ਸਾਫ-ਸੁਥਰੀ ਅਤੇ ਪਰਿਵਾਰਕ ਸੋਚ ਨੂੰ ਦਰਸਾਉਂਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਅਤੇ ਬੀਬਾ ਦਲਜੀਤ ਕੌਰ ਦਾ ਗਾਇਕੀ ਦਾ ਸਫਰ ਹੁਣ ਪੰਜਵੇ ਦਹਾਕੇ ਵਿੱਚ ਦਾਖਲ ਹੋ ਚੁੱਕਾ ਹੈ ਅਤੇ ਇਨ੍ਹਾਂ ਸਾਲਾਂ ਦੌਰਾਨ ਉਹ ਹਮੇਸ਼ਾ ਪੰਜਾਬੀ ਸੱਭਿਆਚਾਰ ਅਤੇ ਪੰਜਾਬੀਅਤ ਨੂੰ ਜਿੰਦਾ ਰੱਖਣ ਵਾਲੇ ਗੀਤ ਹੀ ਗਾਉਂਦੇ ਆ ਰਹੇ ਹਨ। ਮਾਂ ਬੋਲੀ ਪੰਜਾਬੀ ਨੂੰ ਲੈ ਕੇ ਉਨ੍ਹਾਂ ਦੇ ਸਿਧਾਂਤ ਸਦਾ ਹੀ ਮਜ਼ਬੂਤ ਰਹੇ ਹਨ। ਹਾਕਮ ਨੇ ਕਿਹਾ ਕਿ ਭਾਵੇਂ ਅੱਜਕੱਲ੍ਹ ਕਈ ਕਿਸਮਾਂ ਦੇ ਗੀਤ ਬਣ ਰਹੇ ਹਨ, ਪਰ ਉਨ੍ਹਾਂ ਨੇ ਹਮੇਸ਼ਾ ਆਪਣੀ ਗਾਇਕੀ ਰਾਹੀਂ ਪੰਜਾਬ ਦੀ ਮਿੱਟੀ, ਸਭਿਆਚਾਰ ਅਤੇ ਰਵਾਇਤਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਮੌਕੇ ਦਲਜੀਤ ਕੌਰ ਨੇ ਵੀ ਕਿਹਾ ਕਿ ਪੰਜਵਾਂ ਅਖਾੜਾ ਨੌਜਵਾਨ ਪੀੜ੍ਹੀ ਨੂੰ ਪੰਜਾਬੀ ਲੋਕ ਸੰਗੀਤ ਨਾਲ ਜੋੜਨ ਦਾ ਇੱਕ ਮਜ਼ਬੂਤ ਮਾਧਿਅਮ ਸਾਬਤ ਹੋਵੇਗਾ। ਤਲਜਿੰਦਰ ਨਾਗਰਾ ਨੇ ਦੱਸਿਆ ਕਿ ਐਲਬਮ ਪੰਜਵਾ ਅਖਾੜਾ ਦਾ ਸੰਗੀਤ ਪ੍ਰਸਿੱਧ ਸੰਗੀਤਕਾਰ ਮੰਦੀਪ ਦਿੱਪੀ ਵੱਲੋਂ ਤਿਆਰ ਕੀਤਾ ਗਿਆ ਹੈ ਅਤੇ ਇਸਦੇ ਵੀਡੀਓਜ਼ ਦੀ ਡਾਇਰੈਕਸ਼ਨ ਗੁਲਨੂਰ ਮੀਡੀਆ ਵੱਲੋਂ ਕੀਤੀ ਗਈ ਹੈ।

ਪੁਲਿਸ ਦਾ ਗੈਂਗਸਟਰਾਂ ਖ਼ਿਲਾਫ਼ ਆਪ੍ਰੇਸ਼ਨ ਪ੍ਰਹਾਰ ਸਰਕਾਰ ਦਾ ਪ੍ਰਚਾਰ : ਗੁਰਦੇਵ ਦੇਬੀ

ਲੁਧਿਆਣਾ, 22 ਜਨਵਰੀ (ਕਰਨੈਲ ਸਿੰਘ ਐੱਮ.ਏ.): ਪੰਜਾਬ ਭਾਜਪਾ ਦੇ ਖਜ਼ਾਨਚੀ ਗੁਰਦੇਵ ਸ਼ਰਮਾ ਦੇਬੀ ਨੇ ਗੈਂਗਸਟਰਾਂ ਵਿਰੁੱਧ ਪੰਜਾਬ ਪੁਲਿਸ ਦੇ 72 ਘੰਟੇ ਦੇ ਆਪ੍ਰੇਸ਼ਨ ਨੂੰ ਸੂਬਾ ਸਰਕਾਰ ਦਾ ਪ੍ਰਚਾਰ ਦੱਸਿਆ। ਸੂਬਾ ਸਰਕਾਰ ਵੱਲੋਂ ਪਹਿਲਾਂ ਨਸ਼ਿਆਂ ਵਿਰੁੱਧ ਯੁੱਧ ਅਤੇ ਫਿਰ ਨਸ਼ਿਆਂ ਵਿਰੁੱਧ ਯੁੱਧ ਅਭਿਆਨ -2 ਦੀ ਅਸਫਲਤਾ 'ਤੇ ਚੁਟਕੀ ਲੈਂਦਿਆਂ ਕਿਹਾ ਕਿ ਹੁਣ 72 ਘੰਟੇ ਦਾ ਆਪ੍ਰੇਸ਼ਨ ਪ੍ਰਹਾਰ ਵੀ ਸੋਸ਼ਲ ਮੀਡੀਆ 'ਤੇ ਸ਼ੋਹਰਤ ਹਾਸਿਲ ਕਰਕੇ ਖਤਮ ਹੋ ਜਾਵੇਗਾ। ਸਰਕਾਰੀ ਅੰਕੜਿਆਂ ਦਾ ਜ਼ਿਕਰ ਕਰਦਿਆਂ ਦੇਬੀ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕਾਰਜਕਾਲ ਦੌਰਾਨ 22 ਮਾਰਚ 2022

ਬੀਕੇਯੂ ਏਕਤਾ ਉਗਰਾਹਾਂ ਵੱਲੋਂ ਖਨੌਰੀ ਸ਼ਹਿਰ ਦੇ ਗ਼ਰੀਬ ਮਜ਼ਦੂਰ ਦੇ ਘਰ ਦੀ ਬੈਂਕ ਵੱਲੋਂ ਲਿਆਂਦੀ ਕੁਰਕੀ ਦੇ ਵਿਰੋਧ 'ਚ ਧਰਨਾ

ਖਨੌਰੀ, 22 ਜਨਵਰੀ (ਓਮਪ੍ਰਕਾਸ਼ ਮੁਆਲ): ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਮੂਣਕ ਦੇ ਕਿਸਾਨਾਂ ਵੱਲੋਂ ਖਨੌਰੀ ਸ਼ਹਿਰ ਦੇ ਗਰੀਬ ਮਜ਼ਦੂਰ ਦੇ ਘਰ ਦੀ ਬੈਂਕ ਵੱਲੋਂ ਲਿਆਂਦੀ ਕੁਰਕੀ ਦਾ ਵਿਰੋਧ ਧਰਨਾ ਪ੍ਰਦਰਸ਼ਨ ਕਰਦਿਆਂ ਕੀਤਾ ਗਿਆ ।ਕਿਸਾਨਾਂ, ਮਜ਼ਦੂਰਾਂ ਦੇ ਇਸ ਵਿਰੋਧ ਨੂੰ ਦੇਖਦਿਆਂ ਬੈਂਕ ਅਧਿਕਾਰੀ ਘਰ ਦੀ ਕੁਰਕੀ ਨਾ ਕਰ ਸਕੇ ਤੇ ਬੇਰੰਗ ਵਾਪਸ ਪਰਤ ਗਏ ।ਬਲਾਕ ਪ੍ਰਧਾਨ ਸੁਖਦੇਵ ਸਿੰਘ ਕੜੈਲ ਤੇ ਬਲਾਕ ਜਰਨਲ ਸਕੱਤਰ ਰਿੰਕੂ ਮੂਣਕ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਖਨੌਰੀ ਸ਼ਹਿਰ ਦੇ ਵਸਨੀਕ ਸਤਵੀਰ ਸਿੰਘ ਨੇ ਸਟੇਟ ਬੈਂਕ ਆਫ ਇੰਡੀਆਂ ਤੋਂ ਸਾਲ 2014 ਵਿੱਚ ਪੰਜ ਲੱਖ ਦਾ ਕਰਜ਼ਾ ਅਪਣੇ ਮਕਾਨ ਤੇ ਲਿਆ ਸੀ। ਜਿਸ ਦਾ (525000) ਪੰਜ ਲੱਖ ਪੱਚੀ ਹਜ਼ਾਰ ਰੁਪਏ ਕਰਜ਼ਾ ਮੋੜ ਦਿੱਤਾ ਹੈ। ਪਰ ਬੈਂਕ ਨੇ ਚਾਰ ਲੱਖ ਤੋਂ ਵੱਧ ਕਰਜ਼ਾ ਹੋਰ ਸਤਵੀਰ ਸਿੰਘ ਵੱਲ ਕੱਢ ਦਿੱਤਾ ਹੈ।

ਸਾਲ 2019 ਵਿੱਚ ਕਰੋਨਾਂ ਮਹਾਂਮਾਰੀ ਕਾਰਨ ਸਤਵੀਰ ਸਿੰਘ ਜੋ ਬੂਟ ਚੱਪਲਾਂ ਵੇਚਣ ਦਾ ਕੰਮ ਕਰਦਾ ਸੀ ਉਹ ਬੰਦ ਹੋ ਗਿਆ ਜਿਸ ਕਾਰਨ ਬੈਂਕ ਦੀਆਂ ਕਿਸ਼ਤਾਂ ਨਹੀਂ ਭਰ ਸਕਿਆ ਕਿਉਂਕਿ ਇੱਕ ਪਾਸੇ ਤਾਂ ਸਰਕਾਰ ਨੇ ਵੱਡੇ ਕਾਰਪੋਰੇਟ ਘਰਾਣਿਆਂ ਦੇ ਕਰਜ਼ੇ ਕਰੋਨਾਂ ਮਹਾਂਮਾਰੀ ਦੋਰਾਨ ਇਹ ਕਹਿ ਕੇ ਮਾਫ ਕਰ ਦਿੱਤੇ ਸਨ ਕਿ ਇਹਨਾਂ ਦੇ ਕਾਰਖਾਨੇ ਬੰਦ ਹੋਣ ਕਾਰਨ ਇਹ ਕਰਜ਼ਾ ਨਹੀਂ ਮੋੜ ਸਕਦੇ। ਜਿਸ ਕਾਰਨ ਇਹਨਾਂ ਕਾਰਪੋਰੇਟ ਘਰਾਣਿਆਂ ਦੇ ਵੀਹ ਹਜ਼ਾਰ ਕਰੋੜ ਰੁਪਏ ਮਾਫ਼ ਕਰ ਦਿੱਤਾ ਤੇ ਦੂੱਜੇ ਪਾਸੇ ਗਰੀਬ ਕਿਸਾਨਾਂ ਮਜ਼ਦੂਰਾਂ ਨੂੰ ਕੋਈ ਰਾਹਤ ਦੇਣ ਦੀ ਬਜਾਏ ਉਲਟਾਂ ਜਿੰਨਾ ਕਰਜ਼ਾ ਲਿਆ ਸੀ ਉਸ ਦਾ ਚਾਰ ਗੁਣਾ ਵੱਧ ਭਰਵਾਇਆ ਜਾ ਰਿਹਾ ਹੈ । ਕਰਜ਼ਾ ਨਾ ਮੋੜਨ ਦੇ ਅਸਮਰੱਥ ਕਿਸਾਨਾਂ ਮਜ਼ਦੂਰਾਂ ਦੇ ਘਰਾਂ ਦੀ ਨਿਲਾਮੀ ਕਰਵਾਈ ਜਾ ਰਹੀ ਹੈ। ਜਿਸ ਨੂੰ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜੱਥੇਬੰਦੀ ਕਦੇ ਵੀ ਨਹੀਂ ਹੋਣ ਦੇਵੇਗੀ । ਇਸ ਮੌਕੇ ਬਲਾਕ ਆਗੂ ਬੱਬੂ ਚੱਠਾ, ਬੰਟੀ ਢੀਂਡਸਾ, ਕੁਲਦੀਪ ਗੁਲਾੜੀ, ਰਮੇਸ਼ ਅਨਦਾਨਾ ਤੋਂ ਇਲਾਵਾ ਵਿਦਿਆਰਥੀ ਆਗੂ ਹੁਸ਼ਿਆਰ ਸਿੰਘ ਸਲੇਮਗੜ੍ਹ ਨੇ ਵੀ ਸੰਬੋਧਨ ਕੀਤਾ। ਇਸ ਸਮੇਂ ਇਕਾਈ ਖਨੌਰੀ ਤੋਂ ਪ੍ਰਧਾਨ ਜਗਪਾਲ ਸਿੰਘ, ਬਲਵਿੰਦਰ ਸਿੰਘ, ਹਰਦੀਪ ਸਿੰਘ, ਗੁਰਪ੍ਰੀਤ ਸਿੰਘ, ਨਛੱਤਰ ਸਿੰਘ, ਸਾਬ ਸਿੰਘ, ਗੁਰਧਿਆਨ ਸਿੰਘ, ਪਾਲਾ ਸਿੰਘ, ਕਾਲਾ ਸਿੰਘ ਆਦਿ ਹਾਜ਼ਰ ਸਨ।

72 ਘੰਟੇ ਦਾ ਅਲਟੀਮੇਟਮ ਤੇ ਪੁਲਿਸ ਦੇ ਛਾਪੇ : ਭਗਤਾ ਤੇ ਰਾਮਪੁਰਾ ਬੈਲਟ 'ਚ ਅਪਰਾਧੀਆਂ ਦੀ ਫੜੋ-ਫੜੀ ਤੇਜ਼

ਬਠਿੰਡਾ, 22 ਜਨਵਰੀ (ਦੀਪਕ ਸ਼ਰਮਾ): ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਵੱਲੋਂ ਸੂਬੇ ਵਿੱਚੋਂ ਗੈਂਗਸਟਰ ਕਲਚਰ ਦਾ ਸਫਾਇਆ ਕਰਨ ਲਈ ਦਿੱਤੇ ਗਏ 72 ਘੰਟਿਆਂ ਦੇ ਅਲਟੀਮੇਟਮ ਦਾ ਅਸਰ ਹੁਣ ਜ਼ਮੀਨੀ ਪੱਧਰ 'ਤੇ ਦਿਖਾਈ ਦੇਣ ਲੱਗਾ ਹੈ। 'ਆਪ੍ਰੇਸ਼ਨ ਪ੍ਰਹਾਰ' ਦੇ ਤਹਿਤ ਬਠਿੰਡਾ ਪੁਲਿਸ ਨੇ ਜ਼ਿਲ੍ਹੇ ਦੇ ਵੱਖ-ਵੱਖ ਹਿੱਸਿਆਂ ਵਿੱਚ ਕਾਰਵਾਈ ਕਰਦਿਆਂ ਅੱਠ ਅਜਿਹੇ ਸ਼ੱਕੀਆਂ ਨੂੰ ਦਬੋਚਿਆ ਹੈ, ਜੋ ਆਮ ਲੋਕਾਂ ਦੀ ਅਮਨ-ਸ਼ਾਂਤੀ ਲਈ ਖ਼ਤਰਾ ਬਣੇ ਹੋਏ ਸਨ। ਪੁਲਿਸ ਦੀਆਂ ਟੀਮਾਂ ਹੁਣ ਸਿਰਫ਼ ਨਾਕਿਆਂ ਤੱਕ ਸੀਮਤ ਨਹੀਂ ਹਨ, ਸਗੋਂ ਗੁਪਤ ਸੂਚਨਾਵਾਂ ਦੇ ਅਧਾਰ 'ਤੇ ਅਪਰਾਧੀਆਂ ਦੇ ਅੱਡਿਆਂ 'ਤੇ ਛਾਪੇਮਾਰੀ ਕਰ ਰਹੀਆਂ ਹਨ। ਜਾਣਕਾਰੀ ਅਨੁਸਾਰ ਥਾਣਾ ਭਗਤਾ ਭਾਈਕਾ ਦੀ ਪੁਲਿਸ ਨੇ ਪਿੰਡ ਮਲੂਕਾ ਅਤੇ ਭਗਤਾ ਦੇ ਦੋ ਨਾਮੀਂ ਸ਼ੱਕੀਆਂ, ਤਰਸੇਮ ਸਿੰਘ ਤੇ ਲੱਧੂ ਸਿੰਘ ਨੂੰ ਉਸ ਵੇਲੇ ਕਾਬੂ ਕੀਤਾ, ਜਦੋਂ ਉਹ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਫਿਰਾਕ ਵਿੱਚ ਸਨ। ਇਹਨਾਂ ਦੋਵਾਂ ਦਾ ਪਿਛੋਕੜ ਦਾਗ਼ੀ ਹੈ ਅਤੇ ਇਹ ਪਹਿਲਾਂ ਵੀ ਨਸ਼ੇ ਦੀ ਤਸਕਰੀ ਤੇ ਲੜਾਈ-ਝਗੜਿਆਂ ਵਰਗੇ ਸੰਗੀਨ ਮਾਮਲਿਆਂ ਵਿੱਚ ਨਾਮਜ਼ਦ ਰਹੇ ਹਨ। ਪੁਲਿਸ ਹੁਣ ਅਦਾਲਤੀ ਰਿਮਾਂਡ ਰਾਹੀਂ ਇਹਨਾਂ ਦੇ ਗੈਂਗਸਟਰਾਂ ਨਾਲ ਜੁੜੇ ਸੰਭਾਵੀ ਸਬੰਧਾਂ ਦੀ ਪਰਤਾਂ ਫਰੋਲਣ ਦੀ ਤਿਆਰੀ ਵਿੱਚ ਹੈ।

ਇਸੇ ਮੁਹਿੰਮ ਤਹਿਤ ਥਾਣਾ ਫੂਲ ਦੀ ਪੁਲਿਸ ਨੇ ਬੱਸ ਅੱਡੇ 'ਤੇ ਛਾਪੇਮਾਰੀ ਕਰਕੇ ਅਜੈ ਸਿੰਘ (ਭਾਈ ਰੂਪਾ), ਮਨਦੀਪ ਸਿੰਘ (ਕਾਲੋਕੇ) ਅਤੇ ਬੂਟਾ ਸਿੰਘ (ਹਰਨਾਮ ਸਿੰਘ ਵਾਲਾ) ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਦਾ ਦਾਅਵਾ ਹੈ ਕਿ ਇਹ ਮੁਲਜ਼ਮ ਵਾਰ-ਵਾਰ ਜੁਰਮ ਕਰਨ ਦੇ ਆਦੀ ਹਨ ਅਤੇ ਲਗਾਤਾਰ ਕਿਸੇ ਅਪਰਾਧਿਕ ਘਟਨਾ ਦੀ ਤਾਕ ਵਿੱਚ ਘੁੰਮ ਰਹੇ ਸਨ। ਸਭ ਤੋਂ ਅਹਿਮ ਕਾਰਵਾਈ ਥਾਣਾ ਸਿਟੀ ਰਾਮਪੁਰਾ ਵੱਲੋਂ ਕੀਤੀ ਗਈ ਹੈ, ਜਿੱਥੇ ਹਥਿਆਰਾਂ ਦੇ ਜ਼ੋਰ 'ਤੇ ਰਾਹਗੀਰਾਂ ਤੇ ਗੱਡੀਆਂ ਨੂੰ ਘੇਰ ਕੇ ਜਬਰੀ ਵਸੂਲੀ ਕਰਨ ਵਾਲੇ ਤਿੰਨ ਜਣਿਆਂ ਨੂੰ ਕਾਬੂ ਕੀਤਾ ਗਿਆ। ਜਗਤਾਰ ਸਿੰਘ, ਬਲਵਿੰਦਰ ਸਿੰਘ ਤੇ ਕ੍ਰਿਸ਼ਨ ਨਾਂ ਦੇ ਇਹ ਮੁਲਜ਼ਮ ਇਲਾਕੇ ਵਿੱਚ ਦਹਿਸ਼ਤ ਦਾ ਪ੍ਰਤੀਕ ਬਣੇ ਹੋਏ ਸਨ। ਇਹ ਹਥਿਆਰਾਂ ਨਾਲ ਲੈਸ ਹੋ ਕੇ ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਸਨ। ਪੁਲਿਸ ਨੇ ਇਹਨਾਂ ਖਿਲਾਫ਼ ਮਾਮਲਾ ਦਰਜ ਕਰਕੇ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ ਤਾਂ ਜੋ ਇਲਾਕੇ ਵਿੱਚ ਹੋਰ ਹੋਈਆਂ ਵਾਰਦਾਤਾਂ ਦੇ ਸੁਰਾਗ ਮਿਲ ਸਕਣ।

ਕਣਕ ਤੋਂ ਚੰਗਾ ਝਾੜ ਲੈਣ ਲਈ ਖੁਰਾਕੀ ਨੁਕਤੇ ਤੇ ਯੂਰੀਏ ਦੀ ਸੰਜਮ ਨਾਲ ਵਰਤੋਂ ਸਬੰਧੀ ਕੀਤਾ ਜਾਗਰੂਕ

ਸੰਗਰੂਰ, 22 ਜਨਵਰੀ (ਹਰਕੰਵਲ ਸਿੰਘ ਹੈਪੀ): ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਨਿਰਦੇਸ਼ਕ ਪਸਾਰ ਸਿੱਖਿਆ ਦੀ ਯੋਗ ਅਗਵਾਈ ਹੇਠ ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ ਨੇ ਮੌਜੂਦਾ ਕਣਕ ਤੋਂ ਚੰਗਾ ਝਾੜ ਲੈਣ ਲਈ ਖੁਰਾਕੀ ਨੁਕਤੇ, ਯੂਰੀਏ ਦੀ ਸੰਜਮ ਨਾਲ ਵਰਤੋਂ, ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਦੀ ਸਰਵ-ਪੱਖੀ ਰੋਕਥਾਮ, ਭੂਮੀ ਸਿਹਤ ਸੁਧਾਰ ਸਬੰਧੀ ਨੁਕਤੇ ਆਦਿ ਤੇ ਪਿੰਡ ਰੋਸ਼ਨਵਾਲਾ ਵਿਖੇ ਕਿਸਾਨ ਸਿਖਲਾਈ ਕੈਂਪ ਲਗਾਇਆ। ਕੈਂਪ ਦੀ ਅਗਵਾਈ ਕਰਦੇ ਹੋਏ ਕੇਂਦਰ ਦੇ ਇੰਚਾਰਜ ਤੇ ਸੀਨੀਅਰ ਪਸਾਰ ਵਿਗਿਆਨੀ ਡਾ. ਅਸ਼ੋਕ ਕੁਮਾਰ ਗਰਗ ਨੇ ਕਿਸਾਨਾਂ ਨੂੰ ਆਉਣ ਵਾਲੇ ਸਮੇਂ ਵਿੱਚ ਵਧੇਰੇ ਤਾਪਮਾਨ ਤੋਂ ਬਚਾਅ ਲਈ ਕਣਕ ਦੀ ਫ਼ਸਲ ਤੇ ਪੋਟਾਸ਼ੀਅਮ ਨਾਈਟ੍ਰੇਟ ਦੇ ਛਿੜਕਾਅ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਭੂਮੀ ਦੀ ਸਿਹਤ ਸੁਧਾਰ ਲਈ ਡਾ. ਅਸ਼ੋਕ ਨੇ ਕਿਸਾਨਾਂ ਨੂੰ ਕਣਕ ਦੀ ਵਾਢੀ ਤੋਂ ਬਾਅਦ ਹਰੀ ਖਾਦ ਦੀਆਂ ਫਸਲਾਂ ਜਿਵੇਂ ਕਿ ਸਣ, ਢੈਂਚਾਂ/ਜੰਤਰ ਆਦਿ ਬੀਜਣ ਨੂੰ ਕਿਹਾ। ਉਹਨਾਂ ਨੇ ਮਿੱਟੀ ਪਰਖ਼ ਕਰਵਾ ਕੇ ਭੂਮੀ ਦਾ ਜੈਵਿਕ ਮਾਦਾ ਸੁਧਾਰਨ ਲਈ ਫਸਲਾਂ ਦੀ ਰਹਿੰਦ-ਖੂੰਹਦ ਨੂੰ ਖੇਤ ਵਿੱਚ ਹੀ ਸੰਭਾਲਣ ਬਾਰੇ, ਜੈਵਿਕ ਖਾਦਾਂ ਦੀ ਵਰਤੋਂ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਸੈਂਟਰ ਵਲੋਂ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਜਿਵੇਂ ਕਿ ਕਿਸਾਨ ਮੇਲਿਆਂ ਤੋਂ ਬਾਅਦ ਸਾਉਣੀ ਦੀਆਂ ਫ਼ਸਲਾਂ ਦੇ ਬੀਜਾਂ ਦੀ ਵਿੱਕਰੀ, ਖੇਤੀ ਸਾਹਿਤ ਦੀ ਵਿੱਕਰੀ, ਸਬਜ਼ੀਆਂ ਦੇ ਬੀਜ ਦੀਆਂ ਕਿੱਟਾਂ, ਜੈਵਿਕ ਖਾਦਾਂ ਦੇ ਟੀਕੇ ਤੇ ਹੋਰ ਬਾਰੇ ਕਿਸਾਨਾਂ ਨੂੰ ਦੱਸਿਆ। ਉਪਰੋਕਤ ਉਤਪਾਦਾਂ ਤੋਂ ਇਲਾਵਾ ਪਸ਼ੂਆਂ ਲਈ ਧਾਤਾਂ ਦਾ ਚੂਰਾ, ਬਾਈਪਾਸ ਫੈਟ, ਪਸ਼ੂ ਚਾਟ, ਪ੍ਰੀਮਿਕਸ ਆਦਿ ਦੀ ਪ੍ਰਦਰਸ਼ਨੀ ਵੀ ਲਗਾਈ ਗਈ।

ਕਿਸਾਨਾਂ ਵਲੋਂ ਪੁੱਛੇ ਗਏ ਸਵਾਲਾਂ ਜਿਵੇਂ ਕਿ ਨੈਨੋ ਯੂਰੀਏ ਦੀ ਵਰਤੋਂ ਦੇ ਫਾਇਦੇ ਜਾਂ ਨੁਕਸਾਨ, ਬੋਰੋਨ ਤੱਤ ਦੀ ਲੋੜ, ਮਿੱਟੀ ਪਰਖ ਲਈ ਨਮੂਨੇ ਲੈਣ ਦਾ ਢੰਗ ਆਦਿ ਦੇ ਤਸੱਲੀਬਖਸ਼ ਜਵਾਬ ਦਿੱਤੇ ਗਏ। ਕੈਂਪ ਤੋਂ ਬਾਅਦ, ਲਖਵਿੰਦਰ ਸਿੰਘ ਅਤੇ ਹੋਰ ਕਿਸਾਨਾਂ ਦੇ ਕਣਕ ਤੇ ਸਰੋਂ ਦੇ ਖੇਤਾਂ ਦਾ ਦੌਰਾ ਕੀਤਾ ਗਿਆ ਤੇ ਮੌਕੇ ਤੇ ਹੀ ਕਿਸਾਨਾਂ ਦੀਆਂ ਖੇਤੀ ਸਬੰਧੀ ਮੁਸ਼ਕਿਲਾਂ ਦੇ ਹੱਲ ਦੱਸੇ ਗਏ।

'ਨਵੀਂ ਉਡਾਣ' ਤਹਿਤ ਅਖ਼ਬਾਰ ਵੰਡਣ ਵਾਲੇ ਵਿਅਕਤੀਆਂ ਦਾ ਸਾਈਕਲਾਂ ਤੇ ਜੈਕਟਾਂ ਵੰਡ ਕੇ ਕੀਤਾ ਸਨਮਾਨ

ਬਠਿੰਡਾ, 22 ਜਨਵਰੀ (ਜਗਸੀਰ ਭੁੱਲਰ): ਜ਼ਿਲ੍ਹਾ ਪ੍ਰਸ਼ਾਸ਼ਨ ਅਤੇ ਭਾਰਤੀ ਰੈਡ ਕਰਾਸ ਸੋਸਾਇਟੀ ਦੇ ਸਹਿਯੋਗ ਨਾਲ ਸਥਾਨਕ ਸ਼ਹੀਦ ਭਗਤ ਸਿੰਘ ਬਹੁ-ਮੰਤਵੀਂ ਖੇਡ ਸਟੇਡੀਅਮ ਵਿਖੇ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਵਲੋਂ ਨਿਵੇਕਲੀ ਪਹਿਲਕਦਮੀ "ਨਵੀਂ ਉਡਾਣ" ਤਹਿਤ ਅਖਬਾਰਾਂ ਵੰਡਣ ਵਾਲੇ 50 ਹਾਕਰਾਂ ਨੂੰ ਸਾਈਕਲਾਂ ਤੇ ਜੈਕਟਾਂ ਦੀ ਵੰਡ ਕੀਤੀ ਗਈ। ਇਸ ਮੌਕੇ ਉਨ੍ਹਾਂ ਦੇ ਨਾਲ ਐਸਐਸਪੀ ਡਾ. ਜਯੋਤੀ ਯਾਦਵ ਬੈਂਸ ਤੇ ਮੇਅਰ ਸ਼੍ਰੀ ਪਦਮਜੀਤ ਸਿੰਘ ਮਹਿਤਾ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਮਾਜ ਵਿੱਚ ਇੱਕ ਵਰਗ ਅਖਬਾਰ ਵੰਡਣ ਵਾਲਿਆਂ ਦਾ ਹੁੰਦਾ ਹੈ। ਇਹ ਮਿਹਨਤਕਸ਼ ਲੋਕ ਹਨ, ਜੋ ਚਾਹੇ ਮੀਹ-ਹਨੇਰੀ ਹੋਵੇ, ਇਹ ਸਵੇਰੇ 4-5 ਵਜੇ ਉੱਠ ਕੇ ਲੋਕਾਂ ਦੇ ਘਰਾਂ ਵਿੱਚ ਅਖਬਾਰ ਪਹੁੰਚਾਉਂਦੇ ਹਨ। ਇਹ ਪਾਰਟ ਟਾਇਮ ਕੰਮ ਕਰਦੇ ਹਨ ਤੇ ਅਖਬਾਰ ਵੰਡਣ ਤੋਂ ਬਾਅਦ ਇਹ ਆਪਣੇ ਅਗਲੇ ਕੰਮ ਲਈ ਚਲੇ ਜਾਂਦੇ ਹਨ। ਇਹ ਲੋਕ ਅਖਬਾਰ ਵੰਡਣ ਦਾ ਕੰਮ ਸਾਈਕਲ ਰਾਹੀਂ ਕਰਦੇ ਹਨ। ਆਮ ਤੌਰ 'ਤੇ ਇਹ ਸਾਈਕਲ ਪੁਰਾਣੇ ਹੁੰਦੇ ਹਨ ਤੇ ਅਖਬਾਰ ਵੰਡਣ ਸਮੇਂ ਇਨ੍ਹਾਂ ਵਿੱਚ ਕੋਈ ਨਾ ਕੋਈ ਖਰਾਬੀ ਆ ਜਾਂਦੀ ਹੈ, ਜਿਸ ਨਾਲ ਇਨ੍ਹਾਂ ਨੂੰ ਅਖਬਾਰ ਵੰਡਣ ਤੇ ਆਪਣੇ ਅਗਲੇ ਕੰਮ 'ਤੇ ਜਾਣ ਵਿੱਚ ਦੇਰੀ ਹੋ ਜਾਂਦੀ ਹੈ।

ਅਖਬਾਰ ਵੰਡਣ ਵਾਲਿਆਂ ਦੀਆਂ ਇਨ੍ਹਾਂ ਮੁਸ਼ਕਿਲਾਂ ਨੂੰ ਦੇਖਦੇ ਹੋਏ ਅਖਬਾਰ ਵੰਡਣ ਵਾਲਿਆਂ ਨੂੰ ਇੱਕ ਨਵਾਂ ਸਾਈਕਲ ਬਿਨ੍ਹਾਂ ਕਿਸੇ ਕੀਮਤ ਤੋਂ ਦਿੱਤਾ ਗਿਆ ਹੈ। ਇਸ ਉਪਰਾਲੇ ਦਾ ਮੁੱਖ ਮੰਤਵ ਅਖਬਾਰ ਵੰਡਣ ਵਾਲਿਆਂ ਦੇ ਰੋਜ਼ਾਨਾਂ ਜੀਵਨ ਨੂੰ ਸੁਖਾਲਾ ਬਣਾਉਣ ਤੋਂ ਇਲਾਵਾ ਉਨ੍ਹਾਂ ਦੀ ਮਿਹਨਤ ਨੂੰ ਸਨਮਾਨ ਦੇਣਾ ਹੈ। ਡਿਪਟੀ ਕਮਿਸ਼ਨਰ ਨੇ ਇਹ ਵੀ ਕਿਹਾ ਕਿ ਜਿਥੇ ਅਖਬਾਰ ਹਾਕਰ ਲੋਕਤੰਤਰ ਦੀ ਮਜ਼ਬੂਤ ਨੀਂਹ ਹਨ ਉਥੇ ਹੀ ਸੂਚਨਾ ਦੇ ਪ੍ਰਸਾਰ ਵਿੱਚ ਅਹਿਮ ਭੂਮਿਕਾ ਵੀ ਨਿਭਾਉਂਦੇ ਹਨ। ਉਨ੍ਹਾਂ ਆਸ ਜਤਾਈ ਕਿ ਸਾਈਕਲਾਂ ਮਿਲਣ ਨਾਲ ਅਖਬਾਰ ਹਾਕਰਾਂ ਨੂੰ ਆਪਣੇ ਕੰਮ ਵਿੱਚ ਹੋਰ ਸੁਵਿਧਾ ਮਿਲੇਗੀ ਅਤੇ ਉਹ ਹੋਰ ਉਤਸ਼ਾਹ ਨਾਲ ਆਪਣੀ ਜ਼ਿੰਮੇਵਾਰੀ ਨਿਭਾਉਣਗੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਵਲੋਂ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਤੇ ਭਵਿੱਖ ਵਿੱਚ ਵੀ ਇਹ ਯਕੀਨੀ ਬਣਾਇਆ ਜਾਵੇਗਾ ਕਿ ਜ਼ਿਲ੍ਹੇ ਦਾ ਕੋਈ ਵੀ ਲੋੜਵੰਦ ਵਿਅਕਤੀ ਮੁੱਢਲੀਆਂ ਸਹੂਲਤਾਂ ਤੋਂ ਵਾਂਝਾ ਨਾ ਰਹੇ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਪਹਿਲਕਦਮੀਆਂ ਨਾਲ ਮਿਹਨਤੀ ਵਰਗ ਦਾ ਹੌਸਲਾ ਵਧਦਾ ਹੈ।

ਮਲੋਟ-ਫਾਜ਼ਿਲਕਾ ਰੋਡ 'ਤੇ ਦੋ ਬਾਈਕਾਂ ਦੀ ਟੱਕਰ, ਇੱਕ ਸਵਾਰੀ ਦੀ ਮੌਤ, ਦੂਜਾ ਗੰਭੀਰ ਜ਼ਖ਼ਮੀ

ਮਲੋਟ, 22 ਜਨਵਰੀ (ਅਮਨਦੀਪ ਸਿੰਘ ਮਹਿਰਾ): ਮਲੋਟ-ਫਾਜ਼ਿਲਕਾ ਰੋਡ 'ਤੇ ਤੜਕੇ ਦੋ ਬਾਈਕ ਸਵਾਰਾਂ ਦੀ ਆਪਸੀ ਟੱਕਰ 'ਚ ਇੱਕ ਵਿਅਕਤੀ ਦੀ ਮੌਤ ਹੋ ਗਈ, ਜਦਕਿ ਦੂਜਾ ਬਾਈਕ ਸਵਾਰ ਗੰਭੀਰ ਹਾਲਤ ਵਿੱਚ ਜ਼ਖ਼ਮੀ ਹੋ ਗਿਆ, ਜਿਸਨੂੰ ਡਾਕਟਰਾਂ ਵੱਲੋਂ ਬਠਿੰਡਾ ਏਮਜ਼ ਰੈਫਰ ਕਰ ਦਿੱਤਾ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਆਕਾਸ਼ਦੀਪ ਸਿੰਘ ਪੁੱਤਰ ਰਜਿੰਦਰ ਸਿੰਘ ਵਾਸੀ ਪਿੰਡ ਕੁਹਾੜਿਆਂ ਵਾਲੀ, ਜ਼ਿਲ੍ਹਾ ਫਾਜ਼ਲਕਾ, ਅੱਜ ਸਵੇਰੇ ਕਿਸੇ ਕੰਮ ਲਈ ਆਪਣੀ ਬਾਈਕ 'ਤੇ ਮਲੋਟ ਵੱਲ ਆ ਰਿਹਾ ਸੀ। ਜਦੋਂ ਉਹ ਪਿੰਡ ਪੰਨੀ ਵਾਲਾ ਤੋਂ ਹੁੰਦਾ ਹੋਇਆ ਪਿੰਡ ਆਲਮ ਵਾਲਾ ਦੇ ਨੇੜੇ ਪੁੱਜਿਆ ਤਾਂ ਇਸ ਦੌਰਾਨ ਸੜਕ ਦੇ ਖੱਬੇ ਪਾਸੇ ਖੜ੍ਹੇ ਚੰਦਰਭਾਨ ਪੁੱਤਰ ਟੇਕ ਚੰਦ, ਉਮਰ 58 ਸਾਲ, ਵਾਸੀ ਪਿੰਡ ਆਲਮ ਵਾਲਾ ਨੇ ਬਿਨਾਂ ਦੇਖੇ ਆਪਣੀ ਬਾਈਕ ਖੱਬੇ ਪਾਸੇ ਪਿੰਡ ਵੱਲ ਮੋੜ ਲਈ। ਇਸ ਕਾਰਨ ਦੋਵਾਂ ਬਾਈਕਾਂ ਦੀ ਜ਼ੋਰਦਾਰ ਟੱਕਰ ਹੋ ਗਈ ਤੇ ਦੋਵੇਂ ਸਵਾਰ ਸੜਕ 'ਤੇ ਡਿੱਗ ਕੇ ਗੰਭੀਰ ਜ਼ਖ਼ਮੀ ਹੋ ਗਏ।

ਹਾਦਸੇ ਮਗਰੋਂ ਮੌਕੇ 'ਤੇ ਮੌਜੂਦ ਲੋਕਾਂ ਨੇ ਤੁਰੰਤ ਦੋਵਾਂ ਜ਼ਖ਼ਮੀਆਂ ਨੂੰ ਸੰਭਾਲਿਆ ਤੇ ਸੜਕ ਸੁਰੱਖਿਆ ਫੋਰਸ ਨੂੰ ਸੂਚਨਾ ਦਿੱਤੀ। ਸੂਚਨਾ ਮਿਲਦੇ ਹੀ ਸੜਕ ਸੁਰੱਖਿਆ ਫੋਰਸ ਦੀ ਟੀਮ, ਜਿਸ ਦੀ ਅਗਵਾਈ ਏਐਸਆਈ ਜਸਬੀਰ ਸਿੰਘ ਕਰ ਰਹੇ ਸਨ, ਕਾਂਸਟੇਬਲ ਸੰਦੀਪ ਸਿੰਘ, ਮੰਗਾ ਸਿੰਘ ਤੇ ਲੇਡੀ ਕਾਂਸਟੇਬਲ ਨਵਜੋਤ ਕੌਰ ਤੇ ਕੁਲਬੀਰ ਕੌਰ ਸਮੇਤ ਮੌਕੇ 'ਤੇ ਪੁੱਜੀ। ਸੜਕ ਸੁਰੱਖਿਆ ਫੋਰਸ ਵੱਲੋਂ ਦੋਵਾਂ ਜ਼ਖ਼ਮੀਆਂ ਨੂੰ ਪਿੰਡ ਆਲਮ ਵਾਲਾ ਦੇ ਹਸਪਤਾਲ ਲਿਜਾਇਆ ਗਿਆ, ਜਿੱਥੋਂ ਡਾਕਟਰਾਂ ਨੇ ਉਨ੍ਹਾਂ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਮ

ਪਰਮਜੀਤ ਕੌਰ ਪੰਜਾਬੀ ਅਧਿਆਪਕਾ ਦੀ ਸੇਵਾ ਮੁਕਤੀ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਪਾਏ ਭੋਗ

ਬਰਨਾਲਾ, 22 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ): ਪਰਮਜੀਤ ਕੌਰ ਪੰਜਾਬੀ ਅਧਿਆਪਕਾ, ਬਾਬਾ ਗਾਂਧਾ ਸਿੰਘ ਪਬਲਿਕ ਸਕੂਲ ਬਰਨਾਲਾ ਤੋਂ ਜੁਲਾਈ 2000 ਤੋਂ 31 ਦਸੰਬਰ 2025 ਤੱਕ 25 ਸਾਲਾਂ ਤੋਂ ਵੱਧ ਸ਼ਾਨਦਾਰ ਸੇਵਾ ਪੂਰੀ ਕਰਨ ਉਪਰੰਤ ਸੇਵਾ ਮੁਕਤ ਹੋ ਗਏ ਹਨ। ਸਕੂਲ ਵੱਲੋਂ ਇਹਨਾਂ ਨੂੰ ਸ਼ਾਨਦਾਰ ਵਿਦਾਇਗੀ ਪਾਰਟੀ ਦਿੱਤੀ ਗਈ ਅਤੇ ਸਿੱਖਿਆ ਦੇ ਖੇਤਰ ਵਿੱਚ ਇਹਨਾਂ ਦੀਆਂ ਸ਼ਾਨਦਾਰ ਸੇਵਾਵਾਂ ਅਤੇ ਪ੍ਰਾਪਤੀਆਂ ਦੀ ਪ੍ਰਸ਼ੰਸਾ ਕੀਤੀ ਗਈ। ਸੇਵਾ ਮੁਕਤੀ ਮੌਕੇ ਪਰਮਜੀਤ ਕੌਰ ਨੂੰ ਸ਼ਾਨਦਾਰ ਤੋਹਫ਼ੇ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਨ੍ਹਾਂ ਦੇ ਨਤੀਜੇ ਸੌ ਫ਼ੀਸਦੀ ਆਉਣ ਕਾਰਨ ਪ੍ਰਸ਼ਾਸਨ ਤੇ ਸਕੂਲ ਦੀ ਪ੍ਰਬੰਧਕ ਕਮੇਟੀ ਵੱਲੋਂ ਇਨ੍ਹਾਂ ਨੂੰ ਕਈ ਵਾਰ ਸਨਮਾਨਿਤ ਵੀ ਕੀਤਾ ਗਿਆ। ਇਸ ਉਪਰੰਤ ਪਰਮਜੀਤ ਕੌਰ ਪਤਨੀ ਹਰਮਨਜੀਤ ਸਿੰਘ ਰੁਪਾਲ ਸੇਵਾ ਮੁਕਤ ਲੈਕਚਰਰ ਨੇ ਆਪਣੇ ਨਿਵਾਸ ਸਥਾਨ ਵਿਖੇ ਸੇਵਾ ਮੁਕਤੀ ਦੀ ਖੁਸ਼ੀ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ।

ਇਸ ਮੌਕੇ ਇਹਨਾਂ ਦੇ ਰਿਸ਼ਤੇਦਾਰ ਅਤੇ ਸੀਨੀਅਰ ਸਿਟੀਜਨ ਐਂਡ ਸਿਵਲ ਸੋਸਾਇਟੀ ਬਰਨਾਲਾ ਵੱਲੋਂ ਵੀ ਸੇਵਾ ਮੁਕਤ ਅਧਿਆਪਕਾ ਪਰਮਜੀਤ ਕੌਰ ਨੂੰ ਸਨਮਾਨਿਤ ਕੀਤਾ ਗਿਆ। ਪਰਿਵਾਰ ਦੇ ਮੁਖੀ ਗੁਰਦੇਵ ਸਿੰਘ ਰੁਪਾਲ ਨੂੰ ਵੀ ਸਨਮਾਨਿਤ ਕੀਤਾ ਗਿਆ।

ਪਤਵੰਤੇ ਸੱਜਣਾਂ ਵੱਲੋਂ ਪਰਮਜੀਤ ਕੌਰ ਦੇ ਪਰਿਵਾਰ ਦੀ ਵੀ ਪ੍ਰਸ਼ੰਸਾ ਕੀਤੀ ਗਈ ਕਿਉਂਕਿ ਇਸ ਪਰਿਵਾਰ ਨੇ ਆਪਣੇ ਬੱਚਿਆਂ ਨੂੰ ਹਮੇਸ਼ਾ ਗੁਰਸਿੱਖੀ ਨਾਲ ਜੋੜ ਕੇ ਰੱਖਿਆ ਤੇ ਉਹਨਾਂ ਨੂੰ ਚੰਗੇ ਸੰਸਕਾਰ ਦਿੱਤੇ।

ਇਸ ਮੌਕੇ ਸਮਾਜ ਸੇਵੀ ਸੁਖਵਿੰਦਰ ਸਿੰਘ ਭੰਡਾਰੀ ਨੇ ਪਰਿਵਾਰ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਰਾਜੇਸ਼ ਭੂਟਾਨੀ, ਪ੍ਰਿੰਸੀਪਲ ਰਾਕੇਸ਼ ਕੁਮਾਰ ਗਰਗ, ਮਹਿੰਦਰ ਪਾਲ ਗਰਗ, ਅਵਤਾਰ ਸਿੰਘ ਲੀਲਾ ਆਦਿ ਅਨੇਕਾਂ ਪਤਵੰਤੇ ਸੱਜਣ ਹਾਜ਼ਰ ਸਨ।

ਨੰਨੇ ਫੁੱਲਾਂ ਨਾਲ ਬਸੰਤ ਦੀ ਆਮਦ: ਐਮ.ਟੀ.ਐਸ. ਦੀ ਬਰਨਾਲਾ ਵਿੱਚ ਰੰਗੀਨ ਬਸੰਤ ਪੰਚਮੀ

ਬਰਨਾਲਾ, 22 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ): ਐਮ.ਟੀ.ਐਸ. ਬਰਨਾਲਾ ਵਿੱਚ ਪ੍ਰੀ-ਨਰਸਰੀ ਤੋਂ ਦੂਜੀ ਜਮਾਤ ਤੱਕ ਦੇ ਵਿਦਿਆਰਥੀਆਂ ਵੱਲੋਂ ਕਲਾਸਰੂਮ ਗਤੀਵਿਧੀ ਤਹਿਤ ਬਸੰਤ ਪੰਚਮੀ ਬੜੇ ਉਤਸ਼ਾਹ ਨਾਲ ਮਨਾਈ ਗਈ।

ਨੰਨੇ ਬੱਚੇ ਬਸੰਤ ਪੰਚਮੀ ਦੇ ਰੰਗਾਂ ਵਾਲੇ ਪਹਿਰਾਵੇ ਵਿੱਚ ਸਜੇ ਹੋਏ ਸਕੂਲ ਪਹੁੰਚੇ, ਜਿਸ ਨਾਲ ਪੂਰਾ ਸਕੂਲ ਬਸੰਤ ਦੀ ਖੁਸ਼ਬੂ ਨਾਲ ਮਹਿਕ ਉਠਿਆ। ਅਧਿਆਪਕਾਂ ਦੀ ਰਹਿਨੁਮਾਈ ਹੇਠ ਬੱਚਿਆਂ ਨੇ ਬਸੰਤ ਪੰਚਮੀ ਨਾਲ ਸੰਬੰਧਿਤ ਵੱਖ-ਵੱਖ ਤਰ੍ਹਾਂ ਦੇ ਸਮਾਨ ਤਿਆਰ ਕੀਤੇ, ਜਿਵੇਂ ਕਿ ਪੀਲੇ ਫੁੱਲ, ਪਤੰਗਾਂ, ਤਾਜ, ਪੋਸਟਰ ਅਤੇ ਹੋਰ ਰਚਨਾਤਮਕ ਕਲਾਕਾਰੀਆਂ। ਕਲਾਸਰੂਮ ਪੀਲੇ ਰੰਗ ਨਾਲ ਰੌਣਕਮਈ ਹੋ ਗਏ। ਅਧਿਆਪਕਾਂ ਵੱਲੋਂ ਬੱਚਿਆਂ ਨੂੰ ਬਸੰਤ ਪੰਚਮੀ ਦੀ ਮਹੱਤਤਾ, ਬਸੰਤ ਰੁੱਤ ਦੀ ਆਮਦ ਅਤੇ ਦੇਵੀ ਸਰਸਵਤੀ ਦੀ ਪੂਜਾ ਬਾਰੇ ਸਧਾਰਣ ਅਤੇ ਦਿਲਚਸਪ ਢੰਗ ਨਾਲ ਜਾਣਕਾਰੀ ਦਿੱਤੀ ਗਈ। ਇਸ ਮੌਕੇ ਕਈ ਹੋਰ ਮਨੋਰੰਜਕ ਅਤੇ ਸਿੱਖਿਆਤਮਕ ਗਤੀਵਿਧੀਆਂ ਵੀ ਕਰਵਾਈਆਂ ਗਈਆਂ।

ਇਹ ਸਮਾਗਮ ਬੱਚਿਆਂ ਵਿੱਚ ਸੱਭਿਆਚਾਰਕ ਮੁੱਲਾਂ, ਰਚਨਾਤਮਕਤਾ ਤੇ ਖੁਸ਼ੀ ਦਾ ਸੁੰਦਰ ਮਿਲਾਪ ਬਣਿਆ, ਜਿਸ ਨਾਲ ਨੰਨੇ ਦਿਲ ਖੁਸ਼ੀ ਅਤੇ ਉਤਸ਼ਾਹ ਨਾਲ ਭਰ ਗਏ।

ਵਾਈਐਸ ਪਬਲਿਕ ਸਕੂਲ ਵਿੱਚ 'ਯੰਗ ਸਕਾਲਰਸ਼ਿਪ' ਪ੍ਰੀਖਿਆ ਦਾ ਉਤਸ਼ਾਹਪੂਰਕ ਆਯੋਜਨ

ਬਰਨਾਲਾ, 22 ਜਨਵਰੀ (ਇਸੇਨ ਕੰਗ): ਵਾਈਐਸ ਪਬਲਿਕ ਸਕੂਲ, ਜੋ ਕਿ ਭਾਰਤ ਦੇ ਟੌਪ 50 ਸਕੂਲਾਂ ਵਿੱਚ ਮਾਣ ਨਾਲ ਸ਼ਾਮਲ ਹੈ, ਵੱਲੋਂ ਆਪਣੇ ਕੈਂਪਸ ਵਿੱਚ "ਯੰਗ ਸਕਾਲਰਸ਼ਿਪ" ਪ੍ਰੀਖਿਆ ਦਾ ਸਫਲਤਾਪੂਰਕ ਆਯੋਜਨ ਕੀਤਾ ਗਿਆ। ਇਸ ਪ੍ਰੀਖਿਆ ਵਿੱਚ ਵੱਖ-ਵੱਖ ਸਕੂਲਾਂ ਤੋਂ ਆਏ ਲਗਭਗ 400 ਵਿਦਿਆਰਥੀਆਂ ਨੇ ਆਪਣੇ ਮਾਪਿਆਂ ਸਮੇਤ ਉਤਸ਼ਾਹ ਨਾਲ ਭਾਗ ਲਿਆ। ਸਵੇਰੇ ਤੋਂ ਹੀ ਸਕੂਲ ਕੈਂਪਸ ਵਿੱਚ ਜੋਸ਼ ਅਤੇ ਉਤਸਾਹ ਦਾ ਮਾਹੌਲ ਬਣਿਆ ਹੋਇਆ ਸੀ। ਵਿਦਿਆਰਥੀ ਪੂਰੇ ਆਤਮ-ਵਿਸ਼ਵਾਸ ਨਾਲ ਪ੍ਰੀਖਿਆ 'ਚ ਸ਼ਾਮਲ ਹੋਏ ਅਤੇ ਆਪਣੀ ਅਕਾਦਮਿਕ ਯੋਗਤਾ ਦਾ ਪ੍ਰਦਰਸ਼ਨ ਕੀਤਾ। ਪ੍ਰੀਖਿਆ ਨੂੰ ਪੂਰੀ ਤਰ੍ਹਾਂ ਸੁਚੱਜੇ ਅਤੇ ਅਨੁਸ਼ਾਸਿਤ ਢੰਗ ਨਾਲ ਕਰਵਾਇਆ ਗਿਆ, ਜਿਸ ਨਾਲ ਸਾਰੇ ਭਾਗੀਦਾਰਾਂ ਨੂੰ ਸੁਖਦਾਇਕ ਵਾਤਾਵਰਣ ਮਿਲਿਆ। ਉਨ੍ਹਾਂ ਨੇ ਵਾਈਐਸ ਪਬਲਿਕ ਸਕੂਲ ਦੀ ਸਿੱਖਿਆ ਪ੍ਰਣਾਲੀ ਬਾਰੇ ਪ੍ਰਸਤੁਤੀ ਦਾ ਆਨੰਦ ਲਿਆ ਅਤੇ ਆਧੁਨਿਕ ਤੇ ਮੁੱਲ-ਆਧਾਰਿਤ ਸਿੱਖਿਆ ਪ੍ਰਣਾਲੀ ਬਾਰੇ ਡੂੰਘੀ ਜਾਣਕਾਰੀ ਪ੍ਰਾਪਤ ਕੀਤੀ।

ਮਾਪਿਆਂ ਨਾਲ ਪੈਰੈਂਟਿੰਗ ਸਬੰਧੀ ਮਹੱਤਵਪੂਰਣ ਸੁਝਾਅ ਵੀ ਸਾਂਝੇ ਕੀਤੇ ਗਏ, ਜਿਸ ਨਾਲ ਉਹ ਆਪਣੇ ਬੱਚਿਆਂ ਦੀ ਸਿੱਖਣ ਯਾਤਰਾ ਨੂੰ ਹੋਰ ਚੰਗੀ ਤਰ੍ਹਾਂ ਸਮਝ ਸਕਣ। ਇਸ ਤੋਂ ਇਲਾਵਾ, ਵਿਆਕਤੀਗਤ ਕਾਊਂਸਲਿੰਗ ਸੈਸ਼ਨ ਵੀ ਕਰਵਾਏ ਗਏ, ਜਿੱਥੇ ਵਿਦਿਆਰਥੀਆਂ ਦੀਆਂ ਖੂਬੀਆਂ, ਸੁਧਾਰ ਦੇ ਖੇਤਰਾਂ ਤੇ ਭਵਿੱਖੀ ਅਕਾਦਮਿਕ ਯੋਜਨਾਵਾਂ ਬਾਰੇ ਮਾਰਗਦਰਸ਼ਨ ਦਿੱਤਾ ਗਿਆ। ਮਾਪਿਆਂ ਅਤੇ ਵਿਦਿਆਰਥੀਆਂ ਨੇ ਸਕੂਲ ਕੈਂਪਸ ਦਾ ਦੌਰਾ ਕੀਤਾ ਅਤੇ ਇਸ ਦੀ ਸੁੰਦਰ ਅਤੇ ਸੁਚੱਜੀ ਬਣਤਰ ਦੀ ਭਰਪੂਰ ਪ੍ਰਸ਼ੰਸਾ ਕੀਤੀ। ਖ਼ਾਸ ਕਰਕੇ ਏਟੀਐਲ ਲੈਬ, ਆਧੁਨਿਕ ਕਲਾਸਰੂਮ ਅਤੇ ਵਿਸ਼ਾਲ ਖੇਡ ਮੈਦਾਨਾਂ ਨੇ ਸਭ ਦਾ ਧਿਆਨ ਖਿੱਚਿਆ, ਜੋ ਸਕੂਲ ਦੀ ਨਵੀਨਤਾ, ਪ੍ਰਯੋਗਾਤਮਕ ਸਿੱਖਿਆ ਅਤੇ ਸ਼ਰੀਰਕ ਵਿਕਾਸ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੇ ਹਨ।

ਮਹਿਮਾਨਾਂ ਨੇ ਸਕੂਲ ਦੀ ਸਮੁੱਚੀ ਅਤੇ ਬੱਚਾ-ਕੇਂਦਰਿਤ ਸਿੱਖਿਆ ਪ੍ਰਣਾਲੀ ਦੀ ਭਰਪੂਰ ਸਰਾਹਨਾ ਕੀਤੀ। ਪ੍ਰੀਖਿਆ ਤੋਂ ਬਾਅਦ ਵਿਦਿਆਰਥੀਆਂ ਲਈ ਗਤੀਵਿਧੀਆਂ ਅਤੇ ਮਨੋਰੰਜਕ ਗੀਤ ਕਰਵਾਏ ਗਏ, ਜਿਸ ਨਾਲ ਬੱਚਿਆਂ ਨੇ ਖੂਬ ਮਜ਼ਾ ਲਿਆ ਅਤੇ ਮਾਹੌਲ ਖੁਸ਼ਗਵਾਰ ਬਣ ਗਿਆ। ਇਸ ਮੌਕੇ 'ਤੇ ਸਕੂਲ ਦੇ ਪ੍ਰਿੰਸੀਪਲ ਸ੍ਰੀ ਮੋਹਿਤ ਜਿੰਦਲ ਨੇ ਕਿਹਾ, 'ਵਾਈਐਸ ਪਬਲਿਕ ਸਕੂਲ ਵਿੱਚ ਅਸੀਂ ਅਕਾਦਮਿਕ, ਨਵੀਨਤਾ, ਖੇਡਾਂ ਅਤੇ ਮੁੱਲਾਂ ਦੇ ਸੰਤੁਲਿਤ ਵਿਕਾਸ 'ਤੇ ਵਿਸ਼ਵਾਸ ਰੱਖਦੇ ਹਾਂ। "ਯੰਗ ਸਕਾਲਰਸ਼ਿਪ" ਪ੍ਰੀਖਿਆ ਦਾ ਉਦੇਸ਼ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਪਛਾਣਨਾ, ਮਾਪਿਆਂ ਨੂੰ ਸਹੀ ਮਾਰਗਦਰਸ਼ਨ ਦੇਣਾ ਅਤੇ ਵਿਦਿਆਰਥੀਆਂ ਨੂੰ ਉੱਤਮਤਾ ਵੱਲ ਪ੍ਰੇਰਿਤ ਕਰਨਾ ਹੈ। ਅੰਤ ਵਿੱਚ, ਵਾਈਐਸ ਪਬਲਿਕ ਸਕੂਲ ਵਿੱਚ ਆਯੋਜਿਤ "ਯੰਗ ਸਕਾਲਰਸ਼ਿਪ" ਪ੍ਰੀਖਿਆ ਸਿਰਫ਼ ਇੱਕ ਇਮਤਿਹਾਨ ਨਹੀ ਰਹੀ, ਸਗੋਂ ਵਿਦਿਆਰਥੀਆਂ, ਮਾਪਿਆਂ ਅਤੇ ਸਕੂਲ ਦਰਮਿਆਨ ਮਜ਼ਬੂਤ ਸੰਬੰਧ ਬਣਾਉਣ ਵਾਲਾ ਇੱਕ ਯਾਦਗਾਰ ਸਿੱਖਿਆ ਅਨੁਭਵ ਸਾਬਤ ਹੋਇਆ।

ਬਾਲ ਮਜ਼ਦੂਰੀ ਦੇ ਖ਼ਾਤਮੇ ਲਈ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਵੱਲੋਂ ਮੁਹਿੰਮ

ਬਰਨਾਲਾ 22 ਜਨਵਰੀ (ਬਘੇਲ ਸਿੰਘ ਧਾਲੀਵਾਲ): ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ. ਏ. ਐਸ. ਨਗਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਰਨਾਲਾ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਵਿਭਾਗ, ਲੇਬਰ ਡਿਪਾਰਟਮੈਂਟ, ਪੁਲਿਸ ਡਿਪਾਰਟਮੈਂਟ, ਸਿੱਖਿਆ ਵਿਭਾਗ, ਬਾਲ ਭਲਾਈ ਕਮੈਟੀ ਨਾਲ ਮਿਲ ਕੇ ਬਾਲ ਮਜ਼ਦੂਰੀ ਦੇ ਖ਼ਾਤਮੇ ਲਈ 26 ਜਨਵਰੀ ਤੋਂ 31 ਮਾਰਚ 2026 ਤੱਕ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿਮ ਦੌਰਾਨ ਜ਼ਿਲ੍ਹਾ ਬਰਨਾਲਾ ਦੀਆਂ ਦੁਕਾਨਾਂ, ਢਾਬੇ ਅਤੇ ਹੋਰ ਵਪਾਰਕ ਸੰਸਥਾਵਾਂ ਨੂੰ ਚੈੱਕ ਕੀਤਾ ਜਾਵੇਗਾ, ਤਾਂ ਕਿ ਕੋਈ ਵੀ ਬਾਲ ਮਜ਼ਦੂਰ ਕੰਮ ਨਾ ਕਰਦਾ ਹੋਵੇ। ਇਸ ਮੁਹਿੰਮ ਦਾ ਮੁੱਖ ਉਦੇਸ਼ ਬਾਲ ਮਜ਼ਦੂਰਾਂ ਦੀ ਸਨਾਖਤ ਕਰਕੇ, ਉਨ੍ਹਾਂ ਨੂੰ ਮੁੜ ਵਸਾਉਣਾ, ਮੁਆਵਜ਼ਾ ਦੇਣਾ ਅਤੇ ਸਿੱਖਿਆ ਪ੍ਰਦਾਨ ਕਰਨਾ ਹੈ।

ਇਸ ਦੇ ਤਹਿਤ ਅੱਜ ਸ੍ਰੀ ਮੁਦਨ ਲਾਲ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਰਨਾਲਾ ਵੱਲੋਂ ਲੇਬਰ ਡਿਪਾਰਟਮੈਂਟ, ਪੁਲਿਸ ਡਿਪਾਰਟਮੈਂਟ, ਬਾਲ ਸੁਰੱਖਿਆ ਵਿਭਾਗ ਨਾਲ ਮੀਟਿੰਗ ਕੀਤੀ ਗਈ। ਜਿਸ ਵਿੱਚ ਉੱਕਤ ਵਿਭਾਗ ਦੇ ਅਧਿਕਾਰੀਆਂ ਵੱਲੋਂ ਵਿਸ਼ਵਾਸ਼ ਦਵਾਇਆ ਗਿਆ ਕਿ ਉਹ ਉਕਤ ਮੁਹਿੰਮ ਨੂੰ ਸਫ਼ਲ ਬਣਾਉਣ ਲਈ ਪੂਰਨ ਸਹਿਯੋਗ ਦੇਣਗੇ। ਇਸ ਮੀਟਿੰਗ ਵਿੱਚ ਮਿਸ. ਇੰਦਰਪ੍ਰੀਤ ਕੌਰ, ਲੇਬਰ ਇਸਪੈਕਟਰ ਤਪਾ, ਸ੍ਰੀ ਮੰਨਪ੍ਰੀਤ ਸਿੰਘ, ਲੇਬਰ ਇਸਪੈਕਟਰ, ਮੈਡਮ ਹੀਮਾ, ਲੀਗਲ ਅਸੀਸਟੈਂਟ ਐਜੂਕੇਸ਼ਨ ਡਿਪਾਰਟਮੈਂਟ ਬਰਨਾਲਾ, ਅਮਨਪ੍ਰੀਤ ਕੌਰ ਸੀ.ਪੀ.ਓ(ਐੱਨ. ਆਈ.ਸੀ.) ਬਰਨਾਲਾ ਅਤੇ ਰੁਪਿੰਦਰ ਸਿੰਘ ਸੀ.ਪੀ.ਓ.(ਆਈ. ਸੀ.), ਬਰਨਾਲਾ ਮੌਜੂਦ ਸਨ।

ਸਤਨਾਮ ਮਿੰਨੀ ਬੱਸ ਸਰਕਾਰੀ ਹਾਈ ਸਕੂਲ ਦੇ ਕੋਲ ਇੱਕ ਹਾਦਸੇ ਦਾ ਸ਼ਿਕਾਰ

ਬਰਨਾਲਾ, 22 ਜਨਵਰੀ (ਬਘੇਲ ਸਿੰਘ ਧਾਲੀਵਾਲ): ਅੱਜ ਸਵੇਰੇ ਤੜਕਸਾਰ ਹੀ ਤਕਰੀਬਨ 8.30 ਵਜੇ ਦੇ ਕਰੀਬ ਕੁਰੜ ਤੋਂ ਬਰਨਾਲਾ ਜਾ ਰਹੀ ਸਤਨਾਮ ਮਿੰਨੀ ਬੱਸ ਪਿੰਡ ਮਹਿਲ ਖੁਰਦ ਵਿਖੇ ਸਰਕਾਰੀ ਹਾਈ ਸਕੂਲ ਦੇ ਕੋਲ ਇੱਕ ਹਾਦਸੇ ਦਾ ਸ਼ਿਕਾਰ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਇਹ ਬੱਸ ਪਿੰਡ ਕੁਰੜ ਤੋਂ ਰੋਜ਼ਾਨਾ ਦੀ ਤਰ੍ਹਾਂ ਬਰਨਾਲਾ ਵਿਖੇ ਜਾ ਰਹੀ ਸੀ। ਜਿਸ ਵਿੱਚ ਸਰਕਾਰੀ ਹਾਈ ਸਕੂਲ ਮਹਿਲ ਖੁਰਦ ਦੀਆਂ ਲੜਕੀਆਂ ਅਤੇ ਨਰਸਿੰਗ ਕਾਲਜ ਦੀਆਂ ਲੜਕੀਆਂ ਤੋਂ ਇਲਾਵਾ ਹੋਰ ਪਿੰਡਾਂ ਦੀਆਂ ਸਵਾਰੀਆਂ ਵੀ ਮੌਜੂਦ ਸਨ। ਜਦੋਂ ਇਹ ਬੱਸ ਪਿੰਡ ਮਹਿਲ ਖੁਰਦ ਵਿਖੇ ਪਹੁੰਚੀ ਤਾਂ ਅਚਾਨਕ ਸੜਕ ਦੇ ਇੱਕ ਕਿਨਾਰੇ ਦੇ ਉੱਪਰ ਮਿੱਟੀ ਘੱਟ ਹੋਣ ਕਾਰਨ ਇੱਕ ਸਾਈਡ ਦੱਬ ਜਾਣ ਕਾਰਨ ਖੇਤ ਵਿੱਚ ਪਲਟ ਗਈ। ਇਸ ਸੜਕ ਹਾਦਸੇ ਵਿੱਚ ਖੁਸ਼ਕਿਸਮਤੀ ਨਾਲ ਭਾਵੇਂ ਕੋਈ ਜਾਨੀ ਨੁਕਸਾਨ ਤੋਂ ਬਚਾਅ ਰਿਹਾ ਪ੍ਰੰਤੂ ਕਈ ਸਵਾਰੀਆਂ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਈਆਂ। ਜਿਨਾਂ ਨੂੰ 108 ਐਂਬੂਲੈਂਸ ਦੇ ਡਰਾਈਵਰ ਤਰਸੇਮ ਸਿੰਘ ਮਹਿਲ ਖੁਰਦ ਈ ਐਮ ਪੀ ਖੁਸ਼ਵੀਰ ਸਿੰਘ ਨੇ ਮੌਕੇ 'ਤੇ ਪਹੁੰਚ ਕੇ ਪਿੰਡ ਵਾਸੀਆਂ ਦੀ ਮਦਦ ਨਾਲ ਜ਼ਖਮੀਆਂ ਨੂੰ ਸਿਵਲ ਹਸਪਤਾਲ ਮਹਿਲ ਕਲਾਂ ਵਿਖੇ ਪਹੁੰਚਾਇਆ। ਸੂਚਨਾ ਮਿਲਣ ਤੋਂ ਤੁਰੰਤ ਬਾਅਦ ਪੁਲਿਸ ਥਾਣਾ ਮਹਿਲ ਕਲਾਂ ਦੀ ਪੁਲਿਸ ਪਾਰਟੀ ਨੇ ਪੁੱਜ ਕੇ ਬੱਸ ਪਲਟਣ ਦੇ ਕਾਰਨਾਂ ਦੀ ਪੜ੍ਹਤਾਲ ਕੀਤੀ।

ਗਰੀਨ ਫ਼ੀਲਡ ਕਾਨਵੈਂਟ ਸਕੂਲ ਵਿਖੇ ਚਾਈਨਾ ਡੋਰ ਬਾਰੇ ਜਾਗਰੂਕ ਕੀਤਾ

ਧਨੌਲਾ, 22 ਜਨਵਰੀ (ਚਮਕੌਰ ਸਿੰਘ ਗੱਗੀ): ਗਰੀਨ ਫ਼ੀਲਡ ਕਾਨਵੈਂਟ (ਸੀਨੀਅਰ ਸੈਕੰਡਰੀ) ਸਕੂਲ ਦਾਨਗੜ੍ਹ ਵਿਖੇ ਵਿਦਿਆਰਥੀਆਂ ਨੂੰ ਚਾਇਨਾ ਡੋਰ ਬਾਰੇ ਜਾਗਰੂਕ ਕਰਦਿਆਂ ਕੋਆਰਡੀਨੇਟਰ ਮੈਡਮ ਸੰਜੀਤ ਦੁਆਰਾ ਦੱਸਿਆ ਗਿਆ ਕਿ ਪਤੰਗ ਉਡਾਉਣਾ ਇੱਕ ਮਨਪਰਚਾਵਾ ਹੈ।

ਪਰ ਉੱਥੇ ਹੀ ਇਸ ਦੇ ਬੜੇ ਘਾਤਕ ਸਿੱਟੇ ਨਿਕਲ ਰਹੇ ਹਨ। ਉਨ੍ਹਾਂ ਦੱਸਿਆ ਕਿ ਨਿੱਤ ਦਿਨ ਚਾਇਨਾ ਡੋਰ ਨਾਲ ਮੂੰਹ ਜਾਂ ਗਲਾ ਕੱਟੇ ਜਾਣ ਦੀਆਂ ਖ਼ਬਰਾਂ ਆ ਰਹੀਆਂ ਹਨ। ਛੋਟੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਲੋਕ ਚਾਇਨਾਂ ਡੋਰ ਕਾਰਨ ਜ਼ਖਮੀ ਹੋ ਰਹੇ ਹਨ। ਚਾਈਨਾ ਡੋਰ ਕਾਰਨ ਸਿਰਫ਼ ਇਨਸਾਨ ਹੀ ਨਹੀ, ਪੰਛੀ ਅਤੇ ਪਸ਼ੂ ਵੀ ਨੁਕਸਾਨੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਚਾਈਨਾ ਡੋਰ ਪੰਛੀਆਂ ਲਈ ਵੀ ਘਾਤਕ ਸਿੱਧ ਹੋ ਰਹੀ ਹੈ। ਕਿਉਂਕਿ ਇਹ ਚਾਈਨਾ ਡੋਰ ਉੱਡਦੇ ਪੰਛੀਆਂ ਦੇ ਖੰਭਾਂ ਵਿੱਚ ਫਸ ਜਾਂਦੀ ਹੈ। ਜਿਸ ਕਾਰਨ ਪੰਛੀਆਂ ਦੇ ਖੰਭ ਕੱਟ ਜਾਂਦੇ ਹਨ ਅਤੇ ਮੌਤ ਹੋ ਜਾਂਦੀ ਹੈ। ਇਸ ਤੋਂ ਇਲਾਵਾ ਮੋਟਰਸਾਈਕਲ ਵਹੀਕਲ ਤੇ ਜਾਂਦੇ ਹੋਏ ਰਾਹੀਗਰਾਂ ਦੇ ਗਲ ਵਿੱਚ ਪੈ ਜਾਂਦੀ ਹੈ, ਬਹੁਤ ਹੀ ਭਿਆਨਕ ਹਾਦਸਾ ਹੁੰਦਾ ਹੈ। ਕਈ ਵਾਰੀ ਤਾਂ ਜਾਨੀ ਨੁਕਸਾਨ ਵੀ ਹੋ ਜਾਂਦਾ ਹੈ। ਮੈਡਮ ਨੇ ਬੱਚਿਆਂ ਨੂੰ ਹੋਰ ਵੀ ਦੱਸਿਆ ਕਿ ਪਤੰਗ ਉਡਾਉਣ ਸਮੇਂ ਕਈ ਵਾਰੀ ਡੋਰ ਬਿਜਲੀ ਵਾਲੀ ਤਾਰ ਨਾਲ ਲੱਗ ਜਾਣ ਕਾਰਨ ਤਾਂ ਪਤੰਗ ਡੋਰ ਵਿੱਚ ਕਰੰਟ ਆ ਜਾਂਦਾ ਹੈ ਜਿਸ ਕਾਰਨ ਮੌਤ ਦਾ ਵੀ ਹੋਣਾ ਵੀ ਸੰਭਵ ਹੈ।

ਇਸ ਸਮੇਂ ਬੱਚਿਆਂ ਨੇ ਚਾਇਨਾ ਡੋਰ ਨਾ ਵਰਤਣ ਦਾ ਪ੍ਰਣ ਲਿਆ ਅਤੇ ਬੱਚਿਆਂ ਦੁਆਰਾ ਪੋਸਟਰਾਂ ਉੱਪਰ ਵੱਖ-ਵੱਖ ਤਰ੍ਹਾਂ ਦੇ ਨਾਅਰੇ ਲਿਖ ਕਿ ਦੂਸਰੇ ਬੱਚਿਆਂ ਨੂੰ ਜਾਗਰੂਕ ਕੀਤਾ ਅਤੇ ਪ੍ਰਣ ਦਵਾਇਆ ਕਿ ਉਹ ਵੀ ਚਾਇਨਾ ਡੋਰ ਨਹੀ ਵਰਤਣਗੇ। ਇਸ ਮੌਕੇ ਪ੍ਰਿੰਸੀਪਲ ਡਾ. ਮਨਪ੍ਰੀਤ ਕੌਰ, ਵਾਈਸ ਪ੍ਰਿੰਸੀਪਲ ਜਸਵੀਰ ਕੌਰ ਅਤੇ ਮੈਡਮ ਨੋਵਲਪ੍ਰੀਤ ਆਦਿ ਹਾਜ਼ਰ ਸਨ।

MTCPS ਨੇ ਦੇਵੀ ਸਰਸਵਤੀ ਦੇ ਆਸ਼ੀਰਵਾਦ ਨਾਲ ਪੀਲੇ ਰੰਗ ਦਾ ਤਿਉਹਾਰ ਮਨਾਇਆ

ਬਰਨਾਲਾ, 22 ਜਨਵਰੀ (ਚਮਕੌਰ ਸਿੰਘ ਗੱਗੀ): ਮਦਰ ਟੀਚਰ ਕੇਚ ਤੇ ਪ੍ਰੀ-ਸਕੂਲ ਨੇ ਬਸ

ਪਟਿਆਲਾ-ਆਸ/ਪਾਸ

ਵਰਜੀਤ ਵਾਲੀਆ ਨੇ ਪਟਿਆਲਾ ਦੇ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ

ਪਟਿਆਲਾ, 22 ਜਨਵਰੀ (ਰੁਪਾਣਾ) : 2018 ਬੈਚ ਦੇ ਨੌਜਵਾਨ ਆਈ.ਏ.ਐਸ. ਅਧਿਕਾਰੀ ਵਰਜੀਤ ਵਾਲੀਆ ਨੇ ਅੱਜ ਪਟਿਆਲਾ ਦੇ ਨਵੇਂ ਡਿਪਟੀ ਕਮਿਸ਼ਨਰ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ। ਉਨ੍ਹਾਂ ਨੇ ਡਾ. ਪ੍ਰੀਤੀ ਯਾਦਵ ਦੀ ਜਗ੍ਹਾ ਇਹ ਅਹੁਦਾ ਸੰਭਾਲਿਆ ਹੈ, ਜਿਨ੍ਹਾਂ ਦੀ ਬਦਲੀ ਐਮ.ਡੀ. ਮਾਰਕਫੈਡ ਵਜੋਂ ਹੋਈ ਹੈ।ਵਰਜੀਤ ਵਾਲੀਆ ਨੇ ਆਪਣਾ ਅਹੁਦਾ ਸੰਭਾਲਣ ਉਪਰੰਤ ਕਿਹਾ ਕਿ, ਉਨ੍ਹਾਂ ਦੀ ਇਹ ਮੁੱਖ ਤਰਜੀਹ ਰਹੇਗੀ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਮੁਤਾਬਕ ਜ਼ਿਲ੍ਹੇ 'ਚ ਚੱਲ ਰਹੇ ਵਿਕਾਸ ਕਾਰਜਾਂ ਨੂੰ ਸਮਾਂਬੱਧ ਢੰਗ ਨਾਲ ਨੇਪਰੇ ਚੜ੍ਹਾਇਆ ਜਾਵੇ ਅਤੇ ਪੰਜਾਬ ਸਰਕਾਰ ਦੀਆਂ ਸਾਰੀਆਂ ਫਲੈਗਸ਼ਿਪ ਸਕੀਮਾਂ ਦਾ ਲਾਭ ਲੋਕਾਂ ਲਈ ਹੇਠਲੇ ਪੱਧਰ ਤੱਕ ਪੁੱਜਦਾ ਕੀਤਾ ਜਾਵੇ। ਵਰਜੀਤ ਵਾਲੀਆ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਦੇ ਤਹਿਤ ਪੰਜਾਬ ਸਰਕਾਰ ਵੱਲੋਂ ਨਸ਼ਾ ਮੁਕਤ ਪੰਜਾਬ ਤੇ ਰੰਗਲਾ ਪੰਜਾਬ ਸਿਰਜਣ ਦੇ ਸੁਪਨੇ ਨੂੰ ਸਾਕਾਰ ਕਰਨ ਸਮੇਤ ਸਿਹਤ ਤੇ ਸਿੱਖਿਆ ਖੇਤਰਾਂ 'ਚ ਹੋਰ ਸੁਧਾਰ ਕਰਨਾ ਅਤੇ ਮੁੱਖ ਮੰਤਰੀ ਸਿਹਤ ਯੋਜਨਾ ਦਾ ਲਾਭ ਘਰ-ਘਰ ਤੱਕ ਪੁੱਜਦਾ ਕਰਨਾ ਵੀ ਉਨ੍ਹਾਂ ਦੀਆਂ ਤਰਜੀਹਾਂ 'ਚ ਸ਼ਾਮਲ ਹੈ, ਜਦਕਿ ਲੋਕਾਂ ਨੂੰ ਸਰਕਾਰੀ ਸੇਵਾਵਾਂ ਪਾਰਦਰਸ਼ੀ ਤੇ ਸਮਾਂਬੱਧ ਢੰਗ ਨਾਲ ਪ੍ਰਦਾਨ ਕਰਵਾਉਣ ਲਈ ਵੀ ਉਹ ਉਚੇਚੇ ਯਤਨ ਕਰਨਗੇ। ਜ਼ਿਕਰਯੋਗ ਹੈ ਕਿ 2018 ਬੈਚ ਦੇ ਆਈ.ਏ.ਐਸ. ਅਧਿਕਾਰੀ ਵਰਜੀਤ ਵਾਲੀਆ, ਆਈ.ਆਈ.ਟੀ. ਦਿੱਲੀ ਤੋਂ ਕੈਮੀਕਲ ਇੰਜੀਨੀਅਰਿੰਗ 'ਚ ਗ੍ਰੈਜੂਏਟ ਹਨ। ਇਸ ਤੋਂ ਪਹਿਲਾਂ ਰੂਪਨਗਰ ਵਿਖੇ ਡਿਪਟੀ ਕਮਿਸ਼ਨਰ ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਇਸ ਤੋਂ ਪਹਿਲਾਂ ਉਹ ਮੁੱਖ ਮੰਤਰੀ ਦੇ ਵਧੀਕ ਪ੍ਰਮੁੱਖ ਸਕੱਤਰ, ਏ.ਡੀ.ਸੀ. ਸੰਗਰੂਰ ਤੇ ਐਸ.ਡੀ.ਐਮ. ਬਰਨਾਲਾ ਵਜੋਂ ਵੀ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ। ਅੱਜ ਅਹੁਦਾ ਸੰਭਾਲਣ ਸਮੇਂ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਸੁਪਤਨੀ ਤੇ ਆਈ.ਆਰ.ਐਸ. ਅਧਿਕਾਰੀ ਤਾਨੀਆ ਬੈਂਸ ਤੇ ਸਪੁੱਤਰ ਵਰਤਾਜ ਵਾਲੀਆ ਵੀ ਮੌਜੂਦ ਸਨ। ਡੀ.ਸੀ. ਵਜੋਂ ਆਪਣਾ ਅਹੁਦਾ ਸੰਭਾਲਣ ਤੋਂ ਉਪਰੰਤ ਵਰਜੀਤ ਵਾਲੀਆ ਨੇ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਅਤੇ ਮੰਦਿਰ ਮਾਤਾ ਸ੍ਰੀ ਕਾਲੀ ਦੇਵੀ ਵਿਖੇ ਵੀ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਵਰਜੀਤ ਵਾਲੀਆ ਵੱਲੋਂ ਪਟਿਆਲਾ ਦੇ ਨਵੇਂ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲੇ ਜਾਣ ਮੌਕੇ ਐਸ.ਪੀ ਵੈਭਵ ਚੌਧਰੀ, ਏ.ਡੀ.ਸੀਜ ਦਮਨਜੀਤ ਸਿੰਘ ਮਾਨ, ਸਿਮਰਪ੍ਰੀਤ ਕੌਰ ਤੇ ਡਾ. ਇਸਮਤ ਵਿਜੇ ਸਿੰਘ, ਐਸ.ਪੀ. ਪਲਵਿੰਦਰ ਸਿੰਘ ਚੀਮਾ, ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਦੀਪਜੋਤ ਕੌਰ, ਐਸ.ਡੀ.ਐਮ ਹਰਜੋਤ ਕੌਰ ਮਾਵੀ, ਜ਼ਿਲ੍ਹਾ ਮਾਲ ਅਫ਼ਸਰ ਅੰਕਿਤਾ ਅਗਵਰਾਲ ਸਮੇਤ ਡੀ.ਸੀ. ਦਫ਼ਤਰ ਦੇ ਹੋਰ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਨਵੇਂ ਡਿਪਟੀ ਕਮਿਸ਼ਨਰ ਦਾ ਫੁੱਲਾਂ ਦੇ ਗੁਲਦਸਤਿਆਂ ਨਾਲ ਨਿੱਘਾ ਸਵਾਗਤ ਕੀਤਾ।

ਬਸੰਤ ਪੰਚਮੀ ਦਾ ਸਾਲਾਨਾ ਜੋੜ ਮੇਲ ਅੱਜ, ਸੰਗਤਾਂ ਦੀ ਆਮਦ ਦੇ ਮੱਦੇਨਜ਼ਰ ਕੀਤੀ ਤਿਆਰੀ

➢ਲੰਗਰ, ਸਰਾਵਾਂ ਸਮੇਤ ਟ੍ਰੈਫਿਕ ਵਿਵਸਥਾ ਨੂੰ ਲੈ ਕੇ ਪ੍ਰਬੰਧ ਮੁਕੰਮਲ, ਮੁਲਾਜ਼ਮ ਰਹਿਣਗੇ ਤਾਇਨਾਤ

➢ਗੁਰੂ ਦਰਬਾਰ ਸਮੇਤ, ਦੀਵਾਨ ਹਾਲ ਵਿਖੇ ਬਸੰਤੀ ਫੁੱਲਾਂ ਨਾਲ ਕੀਤੀ ਸਜ਼ਾਵਟ

ਪਟਿਆਲਾ, 22 ਜਨਵਰੀ (ਰੁਪਾਣਾ/ਵਿਨੋਦ ਸ਼ਰਮਾ/ਅਮਰਜੀਤ) : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਛੋਹ ਅਸਥਾਨ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਬਸੰਤ ਪੰਚਮੀ ਦਾ ਸਲਾਨਾ ਜੋੜ ਮੇਲ ਅੱਜ ਸੰਗਤਾਂ ਦੇ ਸਹਿਯੋਗ ਨਾਲ ਜਿਥੇ ਮਨਾਇਆ ਜਾਵੇਗਾ, ਉਥੇ ਸੰਗਤਾਂ ਦੀ ਵੱਡੀ ਆਮਦ ਦੇ ਮੱਦੇਨਜ਼ਰ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ। ਬਸੰਤ ਪੰਚਮੀ ਦੇ ਸਾਲਾਨਾ ਜੋੜ ਮੌਕੇ ਸੰਗਤਾਂ ਲਈ ਵੱਖ ਵੱਖ ਹਿੱਸਿਆਂ 'ਚ ਜਿਥੇ ਲੰਗਰ ਚੱਲਣਗੇ, ਉਥੇ ਹੀ ਸੰਗਤਾਂ ਦੇ ਠਹਿਰਣ ਲਈ ਸਰਾਵਾਂ ਸਮੇਤ ਟਰੈਫਿਕ ਨੂੰ ਸੁਚਾਰੂ ਰੱਖਣ ਲਈ ਸ਼੍ਰੋਮਣ ਕਮੇਟੀ ਮੁਲਾਜ਼ਮਾਂ ਤਾਇਨਾਤ ਕੀਤੇ ਗਏ ਹਨ ਤਾਂ ਕਿ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਜਾਂ ਸਮੱਸਿਆਵਾ ਨਾ ਆਵੇ। ਇਸ ਮੌਕੇ ਮੈਨੇਜਰ ਭਾਗ ਸਿੰਘ ਰਾਜਪੁਰਾ ਨੇ ਕਾਰਜਾਂ ਦਾ ਜਾਇਜ਼ਾ ਲੈਂਦਿਆਂ ਦੱਸਿਆ ਕਿ ਪ੍ਰਬੰਧ ਨੂੰ ਸੁਚਾਰੂ ਰੱਖਣ ਲਈ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੂੰ ਵੱਖ ਵੱਖ ਥਾਵਾਂ 'ਤੇ ਤਾਇਨਾਤ ਕੀਤਾ ਗਿਆ, ਜੋ ਸੰਗਤਾਂ ਨੂੰ ਵੱਡਮੁੱਲਾ ਸਹਿਯੋਗ ਦੇਣਗੇ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਚਾਰੇ ਪਾਸਿਆਂ ਤੋਂ ਆਉਣ ਵਾਲੀ ਸੰਗਤ ਲਈ ਪੁਖਤਾ ਇੰਤਜਾਮ ਕੀਤੇ ਗਏ ਹਨ। ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਟੌਹੜਾ ਇੰਸਟੀਚਿਊਟ ਦੇ ਵਲੰਟੀਅਰਾਂ ਤੋਂ ਇਲਾਵਾ ਸਿੱਖ ਸਭਾਵਾਂ, ਸੁਸਾਇਟੀਆਂ ਦੇ ਅਹੁਦੇਦਾਰ ਵੀ ਸੇਵਾਵਾਂ ਨਿਭਾਉਣਗੇ। ਗੁਰਦੁਆਰਾ ਸਾਹਿਬ ਦੀਵਾਨ ਹਾਲ ਵਿਖੇ ਬਾਅਦ ਦੁਪਹਿਰ ਹਜ਼ੂਰੀ ਕੀਰਤਨੀ ਜੱਥਿਆਂ ਨੇ ਗੁਰਬਾਣੀ ਕੀਰਤਨ ਪ੍ਰਵਾਹ ਚਲਾਇਆ ਗਿਆ ਅਤੇ ਦੇਰ ਰਾਤ ਨੂੰ ਕਵੀ ਦਰਬਾਰ ਵਿਚ ਪ੍ਰਸਿੱਧ ਕਵੀ ਗੁਰੂ ਜੱਸ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਬਾਬਾ ਅਮਰੀਕ ਸਿੰਘ ਕਾਰ ਸੇਵਾ ਵਾਲਿਆਂ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਲੰਗਰਾਂ ਵਿਚ ਵੱਡਮੁੱਲਾ ਯੋਗਦਾਨ ਦਿੱਤਾ ਜਾਵੇਗਾ ਜਿਸ ਤਹਿਤ ਬਾਬਾ ਇੰਦਰ ਸਿੰਘ ਦੀ ਡਿਊਟੀ ਲਗਾਈ ਗਈ ਹੈ, ਜੋ ਆਪਣੇ ਤੌਰ 'ਤੇ ਸੰਗਤਾਂ ਨੂੰ ਚਾਹ ਪਕੌੜਿਆਂ ਦਾ ਅਤੁੱਟ ਲੰਗਰ ਚਲਾਉਣਗੇ। ਗੁਰਦੁਆਰਾ ਸਾਹਿਬ ਦੇ ਜੋੜੇ ਘਰਾਂ, ਕੜਾਹ ਪ੍ਰਸਾਦ ਕਾਊਂਟਰਾਂ ਤੋਂ ਇਲਾਵਾ ਹਰ ਤਰ੍ਹਾਂ ਪੁਖਤਾ ਇੰਤਜ਼ਾਮ ਕੀਤੇ ਗਏ ਹਨ। ਗੁਰਦੁਆਰਾ ਸਾਹਿਬ ਵਿਖੇ ਸਜਾਵਟੀ ਗੇਟ, ਦੀਪਮਾਲਾ ਤੋਂ ਇਲਾਵਾ ਗੁਰੂ ਦਰਬਾਰ ਵਿਚ ਬਸੰਤ ਜੋੜ ਮੇਲ ਨੂੰ ਸਮਰਪਿਤ ਵੱਖ -ਵੱਖ ਬਸੰਤੀ ਫੁੱਲਾਂ ਦੀ ਸਜ਼ਾਵਟ ਕੀਤੀ ਗਈ।ਇਸ ਮੌਕੇ ਐਡੀਸ਼ਨਲ ਮੈਨੇਜਰ ਮਨਦੀਪ ਸਿੰਘ ਭਲਵਾਨ, ਮੀਤ ਮੈਨੇਜਰ ਜਸਵਿੰਦਰ ਸਿੰਘ, ਸਰਬਜੀਤ ਸਿੰਘ, ਨਰਿੰਦਰ ਸਿੰਘ ਸੰਧੂ, ਰਿਕਾਰਡ ਇੰਚਾਰਜ ਸਰਬਜੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਅਤੇ ਪ੍ਰਬੰਧਕੀ ਸਟਾਫ ਆਦਿ ਸ਼ਾਮਲ ਸਨ।

ਨਸ਼ੀਲੀਆਂ ਗੋਲ਼ੀਆਂ ਸਮੇਤ ਦੋ ਕਾਬੂ

ਸਮਾਣਾ, 22 ਜਨਵਰੀ (ਵਿਜੇ ਕੁਮਾਰ) : ਸਦਰ ਪੁਲਿਸ ਨੇ ਨਸ਼ੀਲੀਆਂ ਗੋਲ਼ੀਆਂ ਵੇਚਣ ਦੇ ਸਬੰਧ ਵਿੱਚ ਪਿੰਡ ਧਨੇਠਾ ਦੇ ਰਜਵਾਹਾ ਪੁਲ 'ਤੇ ਬੈਠੇ ਦੋ ਨੌਜਵਾਨਾਂ ਨੂੰ ਨਸ਼ੀਲੀਆਂ ਗੋਲ਼ੀਆਂ ਸਮੇਤ ਕਾਬੂ ਕਰਕੇ ਉਨ੍ਹਾਂ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਬਿੱਕਰ ਸਿੰਘ ਅਤੇ ਦਵਿੰਦਰ ਸਿੰਘ ਨਿਵਾਸੀ ਪਿੰਡ ਧਨੇਠਾ ਵਜੋਂ ਹੋਈ ਹੈ। ਸਦਰ ਪੁਲਸ ਇੰਚਾਰਜ ਇੰਸਪੈਕਟਰ ਅਜੈ ਕੁਮਾਰ ਪਰੋਚਾ ਨੇ ਦੱਸਿਆ ਕਿ ਮਵੀਕਲਾਂ ਪੁਲਸ ਚੌਕੀ ਇੰਚਾਰਜ ਬਲਕਾਰ ਸਿੰਘ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਬੱਸ ਅੱਡਾ ਧਨੇਠਾ 'ਚ ਮੌਜੂਦ ਸੀ। ਉਸ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਨਸ਼ੀਲੀਆਂ ਗੋਲ਼ੀਆਂ ਵੇਚਣ ਲਈ ਪਿੰਡ ਧਨੇਠਾ ਦੇ ਰਜਵਾਹਾ ਪੁਲ 'ਤੇ ਬੈਠੇ ਗਾਹਕਾਂ ਦੀ ਉਡੀਕ ਕਰ ਰਹੇ ਹਨ। ਪੁਲਸ ਪਾਰਟੀ ਵੱਲੋਂ ਕੀਤੀ ਗਈ ਰੇਡ ਦੌਰਾਨ 70 ਖੁੱਲ੍ਹੀਆਂ ਨਸ਼ੀਲੀਆਂ ਗੋਲੀਆਂ ਬਰਾਮਦ ਹੋਣ 'ਤੇ ਦੋਵਾਂ ਨੌਜਵਾਨਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ।ਅਧਿਕਾਰੀ ਅਨੁਸਾਰ ਮਾਨਯੋਗ ਅਦਾਲਤ ਦੇ ਹੁਕਮਾਂ ਅਨੁਸਾਰ ਮੁਲਜ਼ਮਾਂ ਨੂੰ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਗਿਆ ਹੈ।

315 ਬੋਰ ਦੇਸੀ ਪਿਸਤੌਲ ਤੇ ਤਿੰਨ ਜ਼ਿੰਦਾ ਕਾਰਤੂਸਾਂ ਸਮੇਤ 10 ਅਪਰਾਧਿਕ ਬਿਰਤੀ ਗੈਂਗਸਟਰ ਕਾਬੂ

➢ਲਾਰੈਂਸ ਗਰੁੱਪ ਨਾਲ ਸਬੰਧਤ ਗੁਰਵਿੰਦਰ ਸਿੰਘ ਵੀ ਗ੍ਰਿਫ਼ਤਾਰ

ਸਮਾਣਾ, 22 ਜਨਵਰੀ (ਵਿਜੇ ਕੁਮਾਰ) : ਪੰਜਾਬ ਪੁਲਿਸ ਵੱਲੋਂ ਗੈਂਗਸਟਰਾਂ, ਉਨ੍ਹਾਂ ਦੇ ਸਾਥੀਆਂ-ਸਹਿਯੋਗੀਆਂ ਅਤੇ ਅਪਰਾਧਿਕ ਬਿਰਤੀ ਵਾਲੇ ਲੋਕਾਂ ਖਿਲਾਫ਼ ਸ਼ੁਰੂ ਕੀਤੇ ਗਏ 'ਆਪ੍ਰੇਸ਼ਨ ਪ੍ਰਹਾਰ' ਤਹਿਤ ਸਮਾਣਾ ਸਬ-ਡਵੀਜ਼ਨ ਪੁਲਿਸ ਨੇ 315 ਬੋਰ ਦੇ ਇੱਕ ਦੇਸੀ ਪਿਸਤੌਲ ਅਤੇ ਤਿੰਨ ਜ਼ਿੰਦਾ ਕਾਰਤੂਸਾਂ ਸਮੇਤ ਲਾਰੈਂਸ ਗਰੁੱਪ ਨਾਲ ਸਬੰਧਤ ਗੈਂਗਸਟਰ ਗੁਰਵਿੰਦਰ ਸਿੰਘ ਨਿਵਾਸੀ ਪਿੰਡ ਬੂਟਾ ਸਿੰਘ ਵਾਲਾ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਡੀ.ਐਸ.ਪੀ. ਦਫ਼ਤਰ ਸਮਾਣਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਸਪੀ ਹੈਡ ਕੁਆਰਟਰ ਵੈਭਵ ਚੌਧਰੀ ਅਤੇ ਡੀ.ਐਸ.ਪੀ. ਸਮਾਣਾ ਫ਼ਤਹਿ ਸਿੰਘ ਬਰਾੜ ਨੇ ਦੱਸਿਆ ਕਿ ਪੁਲਿਸ ਨੇ ਵੱਖ-ਵੱਖ ਟੀਮਾਂ ਬਣਾ ਕੇ ਮਹਿਜ਼ 24 ਘੰਟਿਆਂ ਵਿੱਚ ਵੱਡੀ ਸਫਲਤਾ ਹਾਸਲ ਕਰਦਿਆਂ ਉਕਤ ਗੈਂਗਸਟਰ ਤੋਂ ਇਲਾਵਾ 10 ਹੋਰ ਸਮਾਜ ਵਿਰੋਧੀ ਅਨਸਰਾਂ ਅਤੇ ਅਪਰਾਧਿਕ ਪਿਛੋਕੜ ਵਾਲੇ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਅਧਿਕਾਰੀਆਂ ਅਨੁਸਾਰ ਪੁਲਿਸ ਅਪਰਾਧਿਕ ਬਿਰਤੀ ਵਾਲੇ ਲੋਕਾਂ ਦੇ ਸਾਥੀਆਂ ਬਾਰੇ ਵੀ ਜਾਣਕਾਰੀ ਹਾਸਲ ਕਰੇਗੀ ਅਤੇ ਕਿਸੇ ਵੀ ਅਪਰਾਧੀ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਨੇ ਅਜਿਹੇ ਅਨਸਰਾਂ ਬਾਰੇ ਪੁਲਿਸ ਨੂੰ ਜਾਣਕਾਰੀ ਦੇਣ ਲਈ ਮੋਬਾਈਲ ਨੰਬਰ 93946-93946 ਵੀ ਜਾਰੀ ਕੀਤਾ ਅਤੇ ਦੱਸਿਆ ਕਿ ਸੂਚਨਾ ਦੇਣ ਵਾਲੇ ਦਾ ਨਾਮ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ। ਇਸ ਆਪ੍ਰੇਸ਼ਨ ਤਹਿਤ ਲੋਕਾਂ ਨੂੰ ਡਰਾਉਣ-ਧਮਕਾਉਣ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ, ਤਾਂ ਜੋ ਲੋਕਾਂ ਵਿੱਚ ਸੁਰੱਖਿਆ ਅਤੇ ਵਿਸ਼ਵਾਸ ਦੀ ਭਾਵਨਾ ਪੈਦਾ ਹੋ ਸਕੇ।

ਜਤਵਿੰਦਰ ਗਰੇਵਾਲ ਵੱਲੋਂ ਤੁਰਨ-ਫਿਰਨ ਤੋਂ ਅਸੱਮਰਥ ਮਰੀਜ਼ਾਂ ਨੂੰ ਟ੍ਰਾਈਸਾਈਕਲ ਦੇਣ ਲਈ ਅੱਗੇ ਆਉਣਾ ਸ਼ਲਾਘਾਯੋਗ ਕਦਮ: ਪਰਮਿੰਦਰ ਭਲਵਾਨ

ਪਟਿਆਲਾ, 22 ਜਨਵਰੀ (ਚ.ਨ.ਸ.) :ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਪਾਵਰ ਹਾਊਸ ਯੂਥ ਕਲੱਬ, ਯੂਥ ਫੈਡਰੇਸ਼ਨ ਆਫ ਇੰਡੀਆ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵੱਲੋਂ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਦੇ ਸਹਿਯੋਗ ਨਾਲ ਚਾਰ ਲੋੜਵੰਦ ਮਰੀਜ਼ਾਂ ਨੂੰ ਟਰਾਈਸਾਈਕਲ ਦੇਣ ਲਈ ਪ੍ਰੋਗਰਾਮ ਦਾ ਆਯੋਜਨ ਗਿਆ। ਇਸ ਮੌਕੇ ਮੁੱਖ ਮਹਿਮਾਨ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਵੂਮੈਨ ਕੌਂਸਲਿੰਗ ਸੈਲ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ।ਵਿਸ਼ੇਸ਼ ਤੌਰ 'ਤੇ ਉਪਕਾਰ ਸਿੰਘ ਪ੍ਰਧਾਨ ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ, ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੌਰਮਿੰਟ ਬਿਕਰਮ ਕਾਲਜ ਆਫ ਕਾਮਰਸ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਬ੍ਰਹਮਜੋਤ ਸਿੰਘ ਵਿਦਿਆਰਥੀ ਓ ਪੀ ਜਿੰਦਲ ਗੲੋਲਬਲ ਲਾਅ ਯੂਨੀਵਰਸਿਟੀ ਸੋਨੀਪਤ,ਭਿੰਦਰ ਜਲਵੇੜਾ, ਹਰਮਨਜੀਤ ਸਿੰਘ ਰੰਧਾਵਾ ਨੇ ਭਰਪੂਰ ਸਹਿਯੋਗ ਦਿੱਤਾ।ਇਸ ਮੌਕੇਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਤੁਰਨ ਫਿਰਨ ਤੋਂ ਅਸਮੱਰਥ ਚਾਰ ਲੋੜਵੰਦ ਮਰੀਜ਼ਾਂ ਨੂੰ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਵੱਲੋਂ ਟਰਾਈਸਾਈਕਲ ਦੇਣੀਆਂ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ । ਉਹਨਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਫਜ਼ੂਲ ਖਰਚੀ ਬੰਦ ਕਰਕੇ ਲੋੜਵੰਦ ਮਰੀਜ਼ਾਂ ਦੀ ਮਦਦ ਕਰਨੀ ਚਾਹੀਦੀ ਹੈ, ਤਾਂ ਜੋ ਕਿਸੇ ਲੋੜਵੰਦ ਦੀ ਮਦਦ ਹੋ ਸਕੇ।ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਵੱਲੋਂ ਹੁਣ ਤੱਕ 415 ਦੇ ਕਰੀਬ ਲੋੜਵੰਦਾਂ ਨੂੰ ਟਰਾਈਸਾਈਕਲ ਅਤੇ ਵੀਲਚੇਅਰ ਵੰਡੀਆਂ ਜਾ ਚੁੱਕੀਆਂ ਹਨ ਇਹ ਉਨ੍ਹਾਂ ਦਾ ਬਹੁਤ ਹੀ ਪ੍ਰਸੰਸਾਯੋਗ ਉਪਰਾਲਾ ਹੈ।

'ਮਿਸ ਲਿਟਲ ਪੰਜਾਬਣ' ਦਾ ਖਿਤਾਬ ਮਲਟੀਪਰਪਜ਼ ਸਕੂਲ ਦੀ ਸਪਨਾ ਦੇ ਹਿੱਸੇ ਆਇਆ

ਪਟਿਆਲਾ, 22 ਜਨਵਰੀ (ਰੁਪਾਣਾ) : ਲੜਕੀਆਂ ਦੇ ਹੁਨਰ 'ਚ ਹੋਰ ਵਾਧਾ ਕਰਨ ਅਤੇ ਉਨ੍ਹਾਂ ਦੇ ਹੁਨਰ ਨੂੰ ਚਮਕਾਉਣ ਲਈ ਤੇ ਉਨ੍ਹਾਂ ਦੇ ਅੰਦਰ ਦੀ ਪ੍ਰਤਿਭਾ ਨੂੰ ਉਜਾਗਰ ਕਰਨ ਦੇ ਮਕਸਦ ਨਾਲ ਕਰਵਾਏ ਗਏ 'ਮਿਸ ਲਿਟਲ ਪੰਜਾਬਣ' (ਸ਼ੇਰਨੀਆਂ ਦਾ ਮੁਕਾਬਲਾ) ਵਿਚ ਮਲਟੀਪਰਪਜ਼ ਸਕੂਲ ਦੀ ਵਿਦਿਆਰ

ਪਟਿਆਲਾ-ਆਸ/ਪਾਸ

ਜੱਸੋਮਾਜਰਾ ਕਤਲ ਕਾਂਡ ਦਾ ਦੋਸ਼ੀ ਗ੍ਰਿਫ਼ਤਾਰ

➢ਜ਼ਮੀਨ ਦੇ ਲਾਲਚ 'ਚ ਕੀਤਾ ਸੀ ਭਰਾ ਦਾ ਕਤਲ

ਭਾਦਸੋਂ, 22 ਜਨਵਰੀ (ਭਰਪੂਰ ਸਿੰਘ ਮੱਟਰਾਂ) : ਬੀਤੇ ਦਿਨੀਂ ਥਾਣਾ ਭਾਦਸੋਂ ਦੇ ਅਧੀਨ ਆਉਂਦੇ ਪਿੰਡ ਜੱਸੋਮਾਜਰਾ ਵਿਚ ਇੱਕ ਨੌਜਵਾਨ ਦਾ ਕਤਲ ਹੋ ਗਿਆ ਸੀ, ਜਿਸਦੀ ਪੁਲਿਸ ਵੱਲੋਂ ਤਫਸ਼ੀਸ਼ੀ ਨਾਲ ਜਾਂਚ ਕਰਦੇ ਹੋਏ ਸਬੰਧਤ ਮਾਮਲੇ 'ਚ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ।ਅੱਜ ਥਾਣਾ ਭਾਦਸੋਂ ਵਿਖੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦੇ ਹੋਏ ਨਾਭਾ ਦੇ ਡੀ.ਐਸ.ਪੀ.ਗੁਰਿੰਦਰ ਸਿੰਘ ਬੱਲ ਨੇ ਦੱਸਿਆ ਕਿ ਬੀਤੇ ਦਿਨੀਂ ਪਿੰਡ ਜੱਸੋਮਾਜਰਾ ਵਿਚ 20 ਅਤੇ 21 ਜਨਵਰੀ 2026 ਦੀ ਦਰਮਿਆਨੀ ਰਾਤ ਨੂੰ ਸੰਦੀਪ ਸਿੰਘ ਉਰਫ ਦੀਪੂ ਦਾ ਕਤਲ ਕਰ ਦਿੱਤਾ ਗਿਆ ਸੀ ,ਜਿਸ ਦੇ ਸਬੰਧੀ ਪਰਿਵਾਰ ਵੱਲੋਂ ਥਾਣਾ ਭਾਦਸੋਂ ਵਿਖੇ ਇਤਲਾਹ ਵੀ ਦਿੱਤੀ ਗਈ ਸੀ।ਥਾਣਾ ਭਾਦਸੋਂ ਵੱਲੋਂ ਮਾਮਲੇ ਦੀ ਜਾਂਚ ਕਰਦੇ ਹੋਏ ਕਤਲ ਦੇ ਸਬੰਧ ਵਿਚ ਮ੍ਰਿਤਕ ਦੇ ਭਰਾ ਪਰਮਿੰਦਰ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਜੱਸੋਮਾਜਰਾ ਨੂੰ ਕਤਲ ਦੇ ਦੋਸ਼ੀ ਹੋਣ ਦੇ ਸ਼ੱਕ ਸਬੰਧੀ ਗ੍ਰਿਫਤਾਰ ਕਰ ਲਿਆ ਗਿਆ ।ਡੀ.ਐਸ.ਪੀ ਬੱਲ ਨੇ ਦੱਸਿਆ ਕਿ ਪਰਮਿੰਦਰ ਸਿੰਘ ਜੋ ਕਿ ਸ਼ਰਾਬ ਪੀਣ ਦਾ ਆਦੀ ਸੀ ਅਤੇ ਮ੍ਰਿਤਕ ਸੰਦੀਪ ਸਿੰਘ ਉਰਫ ਦੀਪੂ ਜੋ ਕਿ ਕੁਆਰਾ ਸੀ।ਉਸਦੀ ਜਮੀਨ ਹੜੱਪਣ ਦੇ ਲਾਲਚ ਵਿਚ ਪਰਮਿੰਦਰ ਸਿੰਘ ਨੇ ਸੰਦੀਪ ਦਾ ਕਤਲ ਕਰ ਦਿੱਤਾ ਗਿਆ ।ਉਨ੍ਹਾਂ ਦੱਸਿਆ ਕਿ ਥਾਣਾ ਭਾਦਸੋਂ ਮੁਖੀ ਸਬ ਇੰਸਪੈਕਟਰ ਗੁਰਨਾਮ ਸਿੰਘ ਦੁਆਰਾ ਪਰਮਿੰਦਰ ਸਿੰਘ ਨੂੰ ਵਰਤੇ ਗਏ ਸਬੰਧਤ ਤਰੰਗਲੀ ਸਮੇਤ ਕਾਬੂ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਗਈ ਹੈ ।ਉਨ੍ਹਾਂ ਦੱਸਿਆ ਕਿ ਪਰਮਿੰਦਰ ਸਿੰਘ ਨੂੰ ਮਾਣਯੋਗ ਅਦਾਲਤ ਵਿਚ ਪੇਸ਼ ਕਰ ਦਿੱਤਾ ਗਿਆ ਹੈ ।

ਵਰੁਣ ਕਾਂਸਲ ਨੇ ਪੁਨਰ ਸੁਰਜੀਤ ਅਕਾਲੀ ਦਲ ਨੂੰ ਕਿਹਾ ਅਲਵਿਦਾ

ਪਾਤੜਾਂ, 22 ਜਨਵਰੀ (ਹਰਮਿੰਦਰ ਕਰਤਾਰਪੁਰ) : ਪੁਨਰ ਸੁਰਜੀਤ ਅਕਾਲੀ ਦਲ ਦੇ ਸਪੋਕਸਮੈਨ ਅਤੇ ਡੈਲੀਗੇਟ ਵਰੁਣ ਕਾਂਸਲ ਵਲੋਂ ਅੱਜ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦਿੰਦਿਆਂ ਪਾਰਟੀ ਦੇ ਸੀਨੀਅਰ ਆਗੂਆਂ ਉੱਪਰ ਗੰਭੀਰ ਦੋਸ਼ ਲਗਾਏ ਹਨ। ਚੜ੍ਹਦੀਕਲਾ ਪ੍ਰਤੀਨਿੱਧ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਪੁਨਰ ਸੁਰਜੀਤ ਅਕਾਲੀ ਦਲ ਦੇ ਆਗੂਆਂ ਵਿੱਚ ਸੁਖਬੀਰ ਸਿੰਘ ਬਾਦਲ ਵਾਂਗ ਹੰਕਾਰ ਭਰਿਆ ਹੋਇਆ ਹੈ ਜਿਸ ਦੇ ਚੱਲਦਿਆਂ ਇਹ ਆਮ ਲੋਕਾਂ ਨਾਲ ਤਾਲਮੇਲ ਬਣਾਉਣ ਵਿੱਚ ਨਾਕਾਮ ਸਾਬਤ ਹੋ ਰਹੇ ਹਨ। ਵਰੁਣ ਕਾਂਸਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵਾਂਗ ਪੁਨਰ ਸੁਰਜੀਤ ਅਕਾਲੀ ਦਲ ਵਿੱਚ ਪਰਿਵਾਰਵਾਦ ਦਾ ਬੋਲਬਾਲਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵਿੱਚ ਸੁਧਾਰ ਲੈ ਕੇ ਆਉਣ ਲਈ ਸੁਧਾਰ ਲਹਿਰ ਚਲਾਈ ਗਈ ਜਿਸ ਨੂੰ ਪੁਨਰ ਸੁਰਜੀਤ ਦਾ ਨਾਮ ਦਿੱਤਾ ਗਿਆ ਪਰ ਇਹ ਪੁਨਰ ਸੁਰਜੀਤ ਵੀ ਸਿਧਾਂਤਾਂ 'ਤੇ ਪਹਿਰਾ ਦੇਣ ਵਿੱਚ ਪੂਰੀ ਤਰ੍ਹਾਂ ਨਾਕਾਮ ਸਾਬਤ ਹੋਈ ਹੈ। ਉਨ੍ਹਾਂ ਕਿਹਾ ਕਿ ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ, ਸਾਬਕਾ ਕੈਬਨਿਟ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਅਤੇ ਕਰਨ ਸਿੰਘ ਡੀ.ਟੀ.ਓ ਵਲੋਂ ਸਿਧਾਂਤਾਂ 'ਤੇ ਪਹਿਰਾ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵਰੁਣ ਕਾਂਸਲ ਨੇ ਕਿਹਾ ਕਿ ਚਰਨਜੀਤ ਸਿੰਘ ਬਰਾੜ ਵਰਗੇ ਸੁਲਝੇ ਹੋਏ ਆਗੂ ਨੂੰ ਗਵਾ ਦੇਣ ਨਾਲ ਪਾਰਟੀ ਵਰਕਰਾਂ ਦੇ ਦਿਲਾਂ ਉੱਪਰ ਵੀ ਗਹਿਰੀ ਸੱਟ ਵੱਜੀ ਹੈ।

ਦੋ ਕਾਰਾਂ ਦੀ ਆਪਸੀ ਟੱਕਰ 'ਚ ਮਾਂ-ਧੀ ਦੀ ਮੌਤ, ਦੋ ਹੋਰ ਗੰਭੀਰ ਫੱਟੜ

ਨਾਭਾ, 22 ਜਨਵਰੀ (ਬਲਜਿੰਦਰ ਮਾਨ) : ਨਾਭਾ ਸੜਕ ਹਾਦਸੇ ਦੌਰਾਨ ਮਾਂ ਧੀ ਦੀ ਹੋਈ ਮੌਤ ਅਤੇ ਇੱਕ 10 ਸਾਲਾ ਬੱਚੀ ਗੰਭੀਰ ਫੱਟੜ, ਮ੍ਰਿਤਕ ਅਮਨਪ੍ਰੀਤ ਕੌਰ ਪੰਜਾਬ ਪੁਲਿਸ ਦੀ ਮੁਲਾਜ਼ਮ ਸੀ, ਅਮਨਪ੍ਰੀਤ ਕੌਰ ਦੀ ਤਿੰਨ ਮਹੀਨਿਆਂ ਦੀ ਬੇਟੀ ਦੀ ਪਛਾਣ ਅਰਜੋਈ ਵਜੋਂ ਹੋਈ । ਇਹ ਹਾਦਸਾ ਉਦੋਂ ਵਾਪਰਿਆ ਜਦੋਂ ਦੋ ਸਵਿਫਟ ਕਾਰਾਂ ਆਪਸ ਵਿੱਚ ਟਕਰਾਅ ਗਈਆਂ, ਇੱਕ ਸਵਿਫਟ ਕਾਰ ਵਿੱਚ ਕਰੀਬ ਪੰਜ ਵਿਅਕਤੀ ਸਵਾਰ ਸਨ। ਜਿਸ ਪੁਲਿਸ ਮੁਲਾਜ਼ਮ ਅਮਨਪ੍ਰੀਤ ਕੌਰ ਅਤੇ ਉਨ੍ਹਾਂ ਦੀ ਤਿੰਨ ਮਹੀਨਿਆਂ ਦੀ ਬੇਟੀ ਵੀ ਸ਼ਾਮਿਲ ਸੀ। ਉਸਦੀ ਮੌਤ ਹੋ ਗਈ ਅਤੇ ਤਿੰਨ ਹੋਰ ਫੱਟੜ ਹੋ ਗਏ। ਜਦੋਂ ਦੂਜੇ ਕਾਰ ਸਵਾਰ ਨਾਭਾ ਹਸਪਤਾਲ ਦੀ ਬਜਾਏ ਪਟਿਆਲਾ ਹੀ ਚਲੇ ਗਏ। ਨਾਭਾ ਨੇੜਲੇ ਬੀੜ ਦੁਸਾਂਝ ਪੀਰ ਬਾਬਾ ਨੌ ਗਜਾ ਨੇੜੇ ਇੱਕ ਸੜਕ ਹਾਦਸੇ ਦੌਰਾਨ ਮਾਂ ਤੇ ਧੀ ਦੀ ਮੌਤ ਹੋ ਗਈ। ਇਹ ਪਰਿਵਾਰ ਆਪਣੇ ਰਿਸ਼ਤੇਦਾਰ ਨੂੰ ਲੈਣ ਲਈ ਜਾ ਰਹੇ ਸਨ, ਜੋ ਕੇ ਸਪੇਨ ਤੋ ਆ ਰਿਹਾ ਹੈ ਅਤੇ ਰਸਤੇ ਵਿੱਚ ਹੀ ਇਹਨਾਂ ਦਾ ਐਕਸੀਡੈਂਟ ਹੋ ਗਿਆ। ਮ੍ਰਿਤਕ ਅਮਨਪ੍ਰੀਤ ਕੌਰ ਅਤੇ ਉਸ ਦਾ ਪਤੀ ਅੰਮ੍ਰਿਤ ਸਿੰਘ ਆਪਣੇ ਭਰਾ ਨੂੰ ਲੈਣ ਲਈ ਰਾਜਪੁਰਾ ਜਾ ਰਹੇ ਸਨ ਜੋ ਕਿ ਵਿਦੇਸ਼ ਤੋਂ ਘਰ ਪਰਤ ਰਿਹਾ ਸੀ ਤਾਂ ਪੀਰ ਬਾਬਾ ਨੌ ਗਜਾ ਬੀੜ ਦੁਸਾਂਝ ਵਿਖੇ ਇਹ ਹਾਦਸਾ ਵਾਪਰ ਗਿਆ। ਅਮਨਪ੍ਰੀਤ ਕੌਰ (30) ਸਾਲ ਮ੍ਰਿਤਕਾ ਦੀ ਬੇਟੀ ਅਰਜੋਈ ਤਿੰਨ ਮਹੀਨੇ ਦੀ ਸੜਕ ਹਾਦਸੇ ਦੌਰਾਨ ਮੌਤ ਹੋ ਗਈ। ਜਦੋਂ ਕਿ ਉਹਨਾਂ ਦੀ ਭਤੀਜੀ ਅਵਨੀਤ ਕੌਰ (10) ਗੰਭੀਰ ਰੂਪ ਵਿੱਚ ਜ਼ਖਮੀ ਹੋ ਗਈ ਹੈ, ਜਿਸ ਨੂੰ ਸਿਵਲ ਹਸਪਤਾਲ ਨਾਭਾ ਦੇ ਡਾਕਟਰਾਂ ਨੇ ਪਟਿਆਲਾ ਰੈਫਰ ਕਰ ਦਿੱਤਾ ਹੈ। ਉਸ ਨੇ ਦੱਸਿਆ ਕਿ ਮ੍ਰਿਤਕ ਅਮਨਪ੍ਰੀਤ ਕੌਰ ਪੁਲਿਸ ਮੁਲਾਜ਼ਮ ਸੀ । ਇਸ ਮੌਕੇ ਤੇ ਮ੍ਰਿਤਕਾ ਦੀ ਰਿਸ਼ਤੇਦਾਰ ਨੇ ਦੱਸਿਆ ਕਿ ਅਸੀਂ ਸ਼ਿਫਟ ਕਾਰ ਰਾਹੀਂ ਜਾ ਰਹੇ ਸੀ ਤਾਂ ਅਚਾਨਕ ਦੂਜੀ ਸਵਿਫਟ ਕਾਰ ਨੇ ਓਵਰਟੇਕ ਕਰਦੇ ਸਮੇਂ ਇਹ ਹਾਦਸਾ ਵਾਪਰ ਗਿਆ। ਇਸ ਮੌਕੇ ਤੇ 108 ਐਂਬੂਲੈਂਸ ਦੇ ਡਰਾਈਵਰ ਅਤੇ ਸਰਕਾਰੀ ਹਸਪਤਾਲ ਦੇ ਡਾਕਟਰ ਅਰੂਸ਼ ਨੇ ਦੱਸਿਆ ਕਿ ਸੜਕ ਹਾਦਸੇ ਦੌਰਾਨ ਪੰਚ ਵਿਅਕਤੀ ਆਏ ਹਨ, ਜਿਸ ਵਿੱਚ ਮਾਂ/ਧੀ ਦੀ ਮੌਤ ਹੋ ਗਈ ਅਤੇ ਤਿੰਨ ਫੱਟੜ ਹਨ। ਜਿਸ ਵਿੱਚ ਇੱਕ 10 ਸਾਲਾਂ ਦੀ ਬੱਚੀ ਗੰਭੀਰ ਰੂਪ ਵਿੱਚ ਫੱਟੜ ਹੋਈ ਹੈ। ਉਸ ਨੂੰ ਪਟਿਆਲੇ ਰੈਫਰ ਕਰ ਦਿੱਤਾ ਗਿਆ ਹੈ।

ਸ੍ਰੀ ਰਾਮ ਲੱਲ੍ਹਾ ਮੂਰਤੀ ਸਥਾਪਨਾ ਦੇ ਦੋ ਸਾਲ ਪੂਰੇ ਹੋਣ ਦੀ ਖੁਸ਼ੀ 'ਚ ਸ੍ਰੀ ਰਾਮਾਇਣ ਜੀ ਦਾ ਪਾਠ ਕਰਵਾਇਆ

ਸਮਾਣਾ, 22 ਜਨਵਰੀ (ਵਿਜੇ ਕੁਮਾਰ) : ਅਯੁੱਧਿਆ 'ਚ ਸ਼੍ਰੀ ਰਾਮ ਲੱਲਾ ਮੂਰਤੀ ਸਥਾਪਨਾ ਦੇ 2 ਸਾਲ ਪੂਰੇ ਹੋਣ ਦੀ ਖੁਸ਼ੀ ਵਿੱਚ ਸਥਾਨਕ ਮੰਦਿਰ ਰਾਮ ਲੀਲਾ ਵਿਖੇ ਸੰਸਥਾ ਪ੍ਰਧਾਨ ਵੇਦ ਪ੍ਰਕਾਸ਼ ਕਾਂਸਲ ਦੀ ਪ੍ਰਧਾਨਗੀ ਹੇਠ ਰਖਵਾਏ ਗਏ ਸ਼੍ਰੀ ਰਾਮਾਇਣ ਜੀ ਦੇ ਪਾਠ ਦਾ ਭੋਗ ਪਾਇਆ ਗਿਆ। ਇਸ ਸਮਾਗਮ 'ਚ ਮਾਤਾ ਅਨੀਤਾ ਜੀ (ਰਿਸ਼ੀਕੇਸ਼ ਸੱਚਾ ਧਾਮ) ਵਾਲਿਆਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆਂ ਕਿਹਾ ਕਿ 'ਜੈ ਸ਼੍ਰੀ ਰਾਮ' ਵਰਗੇ ਨਾਅਰੇ ਅਤੇ 'ਸੀਤਾ ਰਾਮ' ਦਾ ਉਚਾਰਨ ਅੱਜ ਵੀ ਭਾਰਤੀ ਸਮਾਜ ਵਿੱਚ ਏਕਤਾ ਅਤੇ ਧਾਰਮਿਕ ਚੇਤਨਾ ਦਾ ਪ੍ਰਤੀਕ ਹੈ। ਉਹਨਾਂ ਅੱਗੇ ਕਿਹਾ ਕਿ ਅਯੁੱਧਿਆ ਵਿੱਚ ਸ਼੍ਰੀ ਰਾਮ ਮੰਦਰ ਦਾ ਨਿਰਮਾਣ ਆਸਥਾ ਦਾ ਪ੍ਰਤੀਕ ਹੈ ਅਤੇ ਭਗਵਾਨ ਰਾਮ ਦਾ ਜੀਵਨ ਅਤੇ ਸਿੱਖਿਆਵਾਂ ਅਜੋਕੇ ਸਮੇਂ ਵਿੱਚ ਵੀ ਸੱਚ, ਧਰਮ ਅਤੇ ਨਿਆਂ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕਰਦੀਆਂ ਹਨ। ਰਾਮਾਇਣ ਜੀ ਦਾ ਪਾਠ ਮੰਦਰ ਦੇ ਪੁਜਾਰੀ ਰਾਜਗੁਰੂ ਸ਼ਰਮਾ ਵੱਲੋਂ ਕੀਤਾ ਗਿਆ। ਇਸ ਮੌਕੇ ਰਿੰਕੂ ਚੋਪੜਾ, ਪ੍ਰਦੀਪ ਸ਼ਰਮਾ, ਨੀਟਾ ਸ਼ਰਮਾ, ਮਨਜੀਤ ਸਿੰਘ ਜੇ.ਈ., ਰਿੰਪੀ ਮੋਨਕਾ, ਰਮੇਸ਼ ਗਰਗ, ਰਮੇਸ਼ ਬਾਪੂ ਅਤੇ ਰਵਿੰਦਰ ਕਾਂਸਲ ਮੌਜੂਦ ਸਨ।

ਹਡਾਣਾ ਵੱਲੋਂ 6 ਪਿੰਡਾਂ 'ਚ ਗਲੀਆਂ-ਨਾਲੀਆਂ ਪੱਕੀਆਂ ਕਰਨ ਤੇ ਸਟਰੀਟ ਲਾਈਟਾਂ ਲਗਾਉਣ ਦੇ ਕੰਮਾਂ ਦਾ ਉਦਘਾਟਨ

ਦੇਵੀਗੜ੍ਹ, 22 ਜਨਵਰੀ (ਗੁਰਜੀਤ ਸਿੰਘ ਢੋਟ) : ਹਲਕਾ ਸਨੌਰ ਵਿੱਚ ਵਿਕਾਸ ਦੇ ਬਹੁਤ ਸਾਰੇ ਕਾਰਜ ਪਹਿਲਾਂ ਹੀ ਸ਼ੁਰੂ ਹਨ। ਇਨ੍ਹਾਂ ਵਿੱਚ ਹੋਰ ਵਾਧਾ ਕਰਦਿਆਂ ਅੱਜ ਹਲਕਾ ਸਨੌਰ ਦੇ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਨਗਰ ਪੰਚਾਇਤ ਦੇਵੀਗੜ੍ਹ ਅਧੀਨ ਆਉਂਦੇ ਛੇ ਪਿੰਡਾਂ ਵਿੱਚ 1.75 ਕਰੋੜ ਦੀ ਲਾਗਤ ਨਾਲ ਗਲੀਆਂ ਵਿੱਚ ਇੰਟਰਲਾਕਿੰਗ ਟਾਇਲਾਂ ਲਗਾਉਣ ਦੇ ਕੰਮ ਸ਼ੁਰੂ ਕਰਵਾ ਦਿੱਤੇ ਹਨ। ਇਸ ਮੌਕੇ ਚੋਣਵੇਂ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਹਡਾਣਾ ਨੇ ਕਿਹਾ ਕਿ ਕਸਬਾ ਦੇਵੀਗੜ੍ਹ ਦਾ ਬਹੁਤ ਜ਼ਿਆਦਾ ਵਿਕਾਸ ਕਰਵਾ ਕੇ ਇਸ ਨੂੰ ਨਮੂਨੇ ਦਾ ਸ਼ਹਿਰ ਬਣਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਨ੍ਹਾਂ ਪਿੰਡਾਂ ਦੀਆਂ ਗਲੀਆਂ ਵਿੱਚ ਇੰਟਰਲਾਕਿੰਗ ਟਾਈਲਾਂ ਲਗਾਈਆਂ ਜਾਣੀਆਂ ਹਨ, ਉਨ੍ਹਾਂ ਵਿੱਚ ਕਸਬਾ ਦੇਵੀਗੜ੍ਹ, ਰਾਮ ਨਗਰ ਚੂੰਨੀਵਾਲਾ, ਜੈ ਨਗਰ, ਭੰਬੂਆਂ, ਛੰਨਾਂ ਅਤੇ ਜੁਲਕਾਂ ਆਦਿ ਸ਼ਾਮਲ ਹਨ। ਇਸ ਤੋਂ ਇਲਾਵਾ ਅੱਡਾ ਦੇਵੀਗੜ੍ਹ, ਭੰਬੂਆਂ, ਅਤੇ ਜੁਲਕਾਂ ਵਿਖੇ ਸਟਰੀਟ ਲਾਈਟਾਂ ਲਗਾਈਆਂ ਜਾਣਗੀਆਂ। ਹਡਾਣਾ ਨੇ ਕਿਹਾ ਹੈ ਕਿ ਹਲਕਾ ਸਨੌਰ ਵਿੱਚ 44/45 ਦੇ ਲਗਭਗ ਲਿੰਕ ਸੜਕਾਂ ਦਾ ਕੰਮ ਬਹੁਤ ਜਲਦੀ ਸ਼ੁਰੂ ਕੀਤਾ ਜਾ ਰਿਹਾ ਹੈ, ਜਿਸ ਨਾਲ ਪਿੰਡਾਂ ਦੇ ਲੋਕਾਂ ਨੂੰ ਆਉਣ ਜਾਣ ਵਿੱਚ ਸਹੂਲਤ ਪ੍ਰਾਪਤ ਹੋਵੇਗੀ। ਇਸ ਤੋਂ ਇਲਾਵਾ ਪਟਿਆਲਾ-ਪਹੇਵਾ ਵਾਇਆ ਦੇਵੀਗੜ੍ਹ ਰਾਜ ਮਾਰਗ 'ਤੇ ਮੀਰਾਂਪੁਰ ਤੋਂ ਲੈ ਕੇ ਹਰਿਆਣਾ ਬਾਰਡਰ ਤੱਕ ਅਤੇ ਛੰਨਾਂ ਮੋੜ ਤੋਂ ਨਨਿਓਲਾ ਹਰਿਆਣਾ ਬਾਰਡਰ ਤੱਕ ਇਨ੍ਹਾਂ ਸੜਕਾਂ ਉਪਰ ਸਰਦੀ ਲੰਘਦਿਆਂ ਹੀ ਮੁੜ ਵੱਡੇ ਪੱਧਰ 'ਤੇ ਕੰਮ ਸ਼ੁਰੂ ਕਰਵਾ ਦਿੱਤੇ ਜਾਣਗੇ। ਇਸ ਤੋਂ ਇਲਾਵਾ ਟਾਂਗਰੀ ਨਦੀ ਦੀ ਖੁਦਾਈ ਅਤੇ ਬੰਨ੍ਹਾਂ ਨੂੰ ਚੌੜਾ ਅਤੇ ਮਜ਼ਬੂਤ ਕਰਨ ਦਾ ਕੰਮ ਵੀ ਜ਼ੋਰਾਂ ਸ਼ੋਰਾਂ ਨਾਲ ਚੱਲ ਰਿਹਾ ਹੈ, ਜਿਸ ਦਾ 50 ਫੀਸਦੀ ਕੁ ਕੰਮ ਮੁਕੰਮਲ ਹੋ ਚੁੱਕਾ ਹੈ। ਟਾਂਗਰੀ ਦੀ ਖੁਦਾਈ ਹੋਣ ਉਪਰੰਤ ਇਸ ਵਿੱਚ ਆਉਂਦੇ ਹੜ੍ਹ ਦੇ ਪਾਣੀ ਦਾ ਖਤਰਾ ਖਤਮ ਹੋ ਜਾਵੇਗਾ, ਜਿਸ ਦਾ ਟਾਂਗਰੀ ਦੇ ਨਾਲ ਲਗਦੇ ਪਿੰਡਾਂ ਨੂੰ ਭਾਰੀ ਲਾਭ ਹੋਵੇਗਾ। ਇਸ ਮੌਕੇ ਉਨ੍ਹਾਂ ਨਾਲ ਨਗਰ ਪੰਚਾਇਤ ਦੇਵੀਗੜ੍ਹ ਦੀ ਪ੍ਰਧਾਨ ਸਵਿੰਦਰ ਕੌਰ ਧੰਜੂ, ਲਖਬੀਰ ਸਿੰਘ ਕਾਰਜ ਸਾਧਕ ਅਫਸਰ, ਜੇ.ਈ. ਕੁਲਜਿੰਦਰ ਸਿੰਘ, ਬਲਦੇਵ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਦੂੱਧਨਸਾਧਾਂ, ਵੇਦ ਪ੍ਰਕਾਸ਼ ਗਰਗ ਚੇਅਰਮੈਨ ਵਪਾਰ ਮੰਡਲ ਹਲਕਾ ਸਨੌਰ, ਮਹੇਸ਼ ਕੁਮਾਰ ਸਿੰਗਲਾ, ਸਿਰੀ ਰਾਮ ਗੁਪਤਾ, ਗੁਰਮੀਤ ਸਿੰਘ ਵਿਰਕ ਮੈਂਬਰ ਜ਼ਿਲਾ ਪ੍ਰੀਸ਼ਦ, ਗੁਰਿੰਦਰਪਾਲ ਸਿੰਘ ਅਦਾਲਤੀਵਾਲਾ, ਕਮਲੇਸ਼ ਰਾਣੀ, ਪ੍ਰੇਮ ਖਨੇਜਾ, ਰਾਜਾ ਧੰਜੂ, ਕਰਮਜੀਤ ਸਿੰਘ ਕੌਂਸਲਰ ਰੁੜਕੀ, ਬੂਟਾ ਸਿੰਘ ਥਿੰਦ ਛੰਨਾਂ, ਭੂਪਿੰਦਰ ਸਿੰਘ ਪ੍ਰਧਾਨ ਸ਼ੈਲਰ ਐਸੋਸੀਏਸ਼ਨ ਦੇਵੀਗੜ੍ਹ, ਸੁਰਜੀਤ ਕਾਲੜਾ, ਬਲਿਹਾਰ ਸਿੰਘ ਕੌਂਸਲਰ, ਪਰਮਜੀਤ ਸ਼ਰਮਾ ਸਰਪੰਚ, ਜੱਗਾ ਜ਼ੁਲਕਾਂ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਅੱਡਾ ਨਿਵਾਸੀ ਮੌਜੂਦ ਸਨ।

ਸੜਕ ਸੁਰੱਖਿਆ ਮਾਹ ਤਹਿਤ ਵਾਹਨਾਂ 'ਤੇ ਰਿਫਲੈਕਟਰ ਲਗਾਏ

ਪਟਿਆਲਾ, 22 ਜਨਵਰੀ (ਰੁਪਾਣਾ) : ਇੱਥੇ ਸਰਹੰਦ ਰੋਡ ਬਾਈਪਾਸ 'ਤੇ ਡੀਐਸਪੀ ਪੁਨੀਤ ਚਹਿਲ ਤੇ ਟ੍ਰੈਫਿਕ ਸਿਟੀ-2 ਦੇ ਇੰਚਾਰਜ ਜਗਵਿੰਦਰ ਬੁੱਟਰ ਵੱਲੋਂ ਟਰੈਕਟਰ ਟਰਾਲੀਆਂ ਆਟੋ ਤੇ ਰਿਫੈਕਟਰ ਲਾਏ ਗਏ। ਇਸ ਮੌਕੇ ਉਨ੍ਹਾਂ ਕਿਹਾ ਕਿ ਉੱਚ ਅਧਿਕਾਰੀਆਂ ਦੇ ਦਿਸ਼ਾ ਨਿਰਦੇਸ਼ਾਂ ਹੇਠ ਸੜਕ 'ਤੇ ਹੈਵੀ ਵਹੀਕਲ ਟਰੈਕਟਰ ਟਰਾਲੀਆਂ ਅਤੇ ਜੁਗਾੜੂ ਰੇੜੀਆਂ ਦੇ ਪਿੱਛੇ ਰਿਫਰੈਕਟਲ ਲਗਾਏ ਜਾ ਰਹੇ ਹਨ। ਉਹਨਾਂ ਕਿਹਾ ਕਿ ਧੁੰਦ ਦਾ ਮੌਸਮ ਹੈ ਅਤੇ ਸੜਕ 'ਤੇ ਵਿਜੀਬਿਲਟੀ ਘੱਟ ਹੁੰਦੀ ਹੈ ਅਤੇ ਸੜਕਾਂ 'ਤੇ ਬਹੁਤ ਹੀ ਦੂਰ ਤੱਕ ਦਿਖਾਈ ਨਹੀਂ ਦਿੰਦਾ ਜਦੋਂ ਵਾਹਨਾਂ ਪਿੱਛੇ ਰਿਫਲੈਕਟਰ ਲੱਗੇ ਹੁੰਦੇ ਹਨ ਤਾਂ ਸੜਕ 'ਤੇ ਇਹਨਾਂ ਦੇ ਚੱਲਣ ਸਮੇਂ ਜਾਂ ਸਾਈਡ 'ਤੇ ਰੁਕਣ ਸਮੇਂ ਪਤਾ ਚੱਲ ਜਾਂਦਾ ਹੈ। ਉਹਨਾਂ ਦੱਸਿਆ ਕਿ ਜਿਆਦਾ ਹਾਦਸੇ ਸਰਦੀਆਂ ਵਿਚ ਧੁੰਦ ਕਾਰਨ ਹੁੰਦੇ ਹਨ, ਇਹਨਾਂ ਰਿਫਲੈਕਟਰਾਂ ਕਾਰਨ ਸੜਕ 'ਤੇ ਜਾ ਰਹੇ ਵਾਹਨ ਜਾਂ ਖੜੇ ਵਾਹਨ ਦਾ ਡਰਾਈਵਰ ਨੂੰ ਪਤਾ ਚਲ ਜਾਂਦਾ ਹੈ ਅਤੇ ਹਾਦਸਾ ਹੋਣ ਤੋਂ ਬਚ ਜਾਂਦਾ ਹੈ। ਪੁਨੀਤ ਚਹਿਲ ਨੇ ਵਾਹਨ ਚਾਲਕਾਂ ਨੂੰ ਅਪੀਲ ਕੀਤੀ ਹੈ ਕਿ ਧੁੰਦ ਦੇ ਸਮੇਂ ਵਿਚ ਆਪਣੀਆਂ ਆਪਣੀਆਂ ਗੱਡੀਆਂ, ਟਰੈਕਟਰ ਟਰਾਲੀਆਂ 'ਤੇ ਰਿਫਲੈਕਟਰ ਜ਼ਰੂਰ ਲਗਾਏ ਜਾਣ, ਤਾਂ ਜੋ ਕੋਈ ਵੱਡਾ ਹਾਦਸਾ ਨਾ ਵਾਪਰ ਸਕੇ।

ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਨੇ ਹਲਕੇ ਦੇ ਪਿੰਡਾਂ 'ਚੋਂ ਚਿੱਪ ਵਾਲੇ ਮੀਟਰ ਉਤਾਰੇ